ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 151| 27 Nov. to 3 Dec., 2024 | Ph.: (510) 240-5949 | Email: asrtimes@gmail.com



# ਕਿਹੋ ਜਿਹਾ ਹੋਵੇਗਾ ਸਿੱਖ ਸਿਆਸਤ ਦਾ ਭਵਿੱਖ?

## ਸਿੱਖ ਪੰਥ ਦੀਆਂ ਨਜ਼ਰਾਂ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਤੇ ਲੱਗੀਆਂ

## ਸਿੱਖਾਂ ਦੀ ਸਿਆਸੀ ਨੁਮਾਇੰਦਗੀ ਵਾਲੀ ਸਿਆਸੀ ਪਾਰਟੀ ਦੀ ਭਾਲ ਵਿੱਚ ਹਨ ਪੰਜਾਬ ਦੇ ਵੱਡੀ ਗਿਣਤੀ ਸਿੱਖ

ਜਗਮੋਹਨ ਸਿੰਘ ਲੱਕੀ
ਮੋਬਾ. 9463819174

ਪੰਜਾਬ ਦੀ ਪੰਥਕ ਸਿਆਸਤ ਲਈ ਆਉਣ ਵਾਲਾ ਦਸੰਬਰ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਹੀ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇੱਕਤਰਤਾ ਹੋ ਰਹੀ ਹੈ, ਜਥੇਦਾਰ ਸਾਹਿਬਾਨ ਵੱਲੋਂ ਇਸੇ ਦਿਨ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਮਾਮਲੇ ਵਿੱਚ ਅਗਲੇਰੀ ਕਾਰਵਾਈ ਤਹਿਤ ਸੁਖਬੀਰ ਸਿੰਘ ਬਾਦਲ ਅਤੇ ਹੋਰ ਆਗੂਆਂ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਹੋਇਆ ਹੈ, ਜਿਸ ਤੋਂ ਮਹਿਸੂਸ ਹੁੰਦਾ ਹੈ ਕਿ ਹੁਣ ਅਕਾਲੀ ਦਲ ਅਤੇ ਬੇਅਦਬੀ ਮਾਮਲੇ ਵਿੱਚ ਅਕਾਲੀ ਆਗੂਆਂ ਦੇ ਦੋਸ਼ੀ ਹੋਣ ਸਬੰਧੀ ਪੇਸ਼ੀ ਜਾਂ ਪੁੱਛ-ਗਿੱਛ ਨਹੀਂ ਕੀਤੀ ਜਾਵੇਗੀ ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਥੇਦਾਰ ਸਾਹਿਬਾਨ ਵੱਲੋਂ ਆਪਣਾ ਹੁਕਮ/ਫੈਸਲਾ ਸੁਣਾਇਆ ਜਾਵੇਗਾ। ਜਥੇਦਾਰ ਸਾਹਿਬਾਨ ਨੇ ਸੁਖਬੀਰ ਬਾਦਲ ਅਤੇ ਅਕਾਲੀ ਦਲ ਬਾਰੇ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਵੱਖ- ਵੱਖ ਸਿੱਖ ਵਿਦਵਾਨਾਂ ਨਾਲ ਸਲਾਹ ਮਸ਼ਵਰਾ ਵੀ ਕੀਤਾ ਹੈ, ਜਿਸ ਕਰਕੇ ਜਥੇਦਾਰ ਸਾਹਿਬਾਨ ਵੱਲੋਂ ਸੁਣਾਇਆ ਜਾਣ ਵਾਲਾ ਹੁਕਮ ਵੀ ਇਤਿਹਾਸਿਕ ਹੋਣ ਦੀ ਸੰਭਾਵਨਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਅਕਾਲ ਤਖ਼ਤ ਸਕੱਤਰੇਤ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਲ 2007 ਤੋਂ 2017 ਵਾਲੀ ਅਕਾਲੀ ਸਰਕਾਰ ਦੀ ਸਮੁੱਚੀ ਸਿੱਖ ਕੈਬਨਿਟ, ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀ ਕੋਰ ਕਮੇਟੀ ਅਤੇ 2015 ਵੇਲੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ 2 ਦਸੰਬਰ ਨੂੰ ਤਲਬ ਕੀਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਸਮੁੱਚੇ ਸਕੱਤਰਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਮੌਜੂਦ ਰਹਿਣ ਲਈ ਕਿਹਾ ਗਿਆ ਹੈ। ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਕੋਲੋਂ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ। ਭਾਵੇਂ ਕਿ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਪੰਥਕ ਸਿਆਸਤ ਦਾ ਧੁਰਾ ਰਿਹਾ ਅਤੇ ਅਕਾਲੀ ਸਿਆਸਤ ਪੰਥ ਦੀ ਰਹਿਨੁਮਾਈ ਹੇਠ ਚਲਦੀ ਰਹੀ ਪਰ ਕਈ ਸਾਲ ਪਹਿਲਾਂ ਮੋਗਾ ਰੈਲੀ ਵਿੱਚ ਉਸ ਸਮੇਂ ਦੇ ਅਕਾਲੀ ਦਲ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਾਲੀ ਦਲ ਨੂੰ ਪੰਥਕ ਪਾਰਟੀ ਦੀ ਥਾਂ ਸਾਰੇ ਪੰਜਾਬੀਆਂ ਦੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਉਸ ਤੋਂ ਬਾਅਦ ਅਕਾਲੀ



ਦਲ ਦਾ ਮੁਹਾਂਦਰਾ ਹੀ ਬਦਲ ਗਿਆ। ਅਨੇਕਾਂ ਟਕਸਾਲੀ ਅਕਾਲੀ ਆਗੂ ਬਾਦਲ ਦਲ ਤੋਂ ਦੂਰ ਹੁੰਦੇ ਗਏ ਅਤੇ ਹਿੰਦੂ ਆਗੂਆਂ ਨੂੰ ਬਾਦਲ ਦਲ ਵਿੱਚ ਅਹਿਮ ਅਹੁਦੇ ਦਿੱਤੇ ਜਾਣ ਲੱਗੇ। ਹੁਣ ਅਕਾਲੀ ਦਲ ਬਾਦਲ ਦੀ ਹਾਲਤ ਅਜਿਹੀ ਹੋ ਗਈ ਹੈ ਕਿ ਇਸ ਨੂੰ ਮੁੜ ਪੰਥ ਦੀ ਸ਼ਰਨ ਵਿੱਚ ਆਉਣ ਲਈ ਮਜਬੂਰ ਹੋਣਾ ਪੈ ਗਿਆ ਹੈ, ਕਿਉਂਕਿ ਇਸ ਲਈ ਆਪਣੀ ਹੋਂਦ ਬਚਾਉਣ ਲਈ ਹੋਰ ਕੋਈ ਰਾਹ ਹੀ ਨਹੀਂ ਸੀ ਬਚਿਆ। ਪੰਜਾਬ ਦੇ ਸਿਆਸੀ ਗਲਿਆਰਿਆਂ ਤੋਂ ਲੈ ਕੇ ਵੱਖ- ਵੱਖ ਸ਼ਹਿਰਾਂ ਦੇ ਪਾਰਕਾਂ ਵਿੱਚ ਧੁੱਪ ਸੇਕ ਰਹੇ ਬਜ਼ੁਰਗਾਂ ਅਤੇ ਪਿੰਡਾਂ ਦੀਆਂ ਸੱਥਾਂ ਵਿੱਚ ਇਹ ਚਰਚਾ ਹੋਣ ਲੱਗ ਪਈ ਹੈ ਕਿ ਆਖਰ ਪੰਜਾਬ ਦੇ ਸਿੱਖਾਂ ਦੀ ਅਸਲ ਨੁਮਾਇੰਦਗੀ ਕਰਨ ਵਾਲੀ ਸਿਆਸੀ ਪਾਰਟੀ ਕਿਹੜੀ ਹੈ? ਇਸ ਸਮੇਂ ਅਕਾਲੀ ਦਲ ਬਾਦਲ ਦੀ ਜੋ ਸਥਿਤੀ ਹੈ, ਉਹ ਸਭ ਦੇ ਸਾਹਮਣੇ ਹੈ। ਪੰਜਾਬ ਦੀ ਧਰਤੀ 'ਤੇ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਹੋਂਦ ਵਿੱਚ ਆਇਆ ਅਕਾਲੀ ਦਲ ਪੰਜਾਬ ਵਿੱਚ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਦੂਜੇ ਪਾਸੇ ਪੰਜਾਬ ਵਿੱਚ ਅਕਾਲੀ ਦਲ ਦੇ ਹੋਰ ਗਰੁੱਪ ਵੀ ਸਰਗਰਮ ਹਨ , ਜਿਨ੍ਹਾਂ ਦਾ ਆਪੋ ਆਪਣੇ ਇਲਾਕਿਆਂ ਵਿੱਚ ਕੁਝ ਆਧਾਰ ਹੋਣ ਦਾ ਦਾਅਵਾ ਵੀ ਇਹਨਾਂ ਅਕਾਲੀ ਗਰੁੱਪਾਂ ਦੇ ਆਗੂਆਂ ਵੱਲੋਂ ਕੀਤਾ ਜਾਂਦਾ ਹੈ ਪਰ ਆਮ ਤੌਰ 'ਤੇ ਉਸ ਅਕਾਲੀ ਦਲ ਨੂੰ ਸਭ ਤੋਂ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ, ਜਿਸ ਦਾ ਕਬਜ਼ਾ ਸ਼੍ਰੋਮਣੀ ਕਮੇਟੀ 'ਤੇ ਹੋਵੇ। ਇਸ ਸਮੇਂ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਬਾਦਲ ਦਾ ਕਬਜ਼ਾ ਹੋਣ ਕਾਰਨ ਇਸ ਅਕਾਲੀ ਦਲ ਨੂੰ ਹੋਰਨਾਂ ਅਕਾਲੀ ਗਰੁੱਪਾਂ ਤੋਂ ਮਜ਼ਬੂਤ ਮੰਨਿਆ ਜਾ ਰਿਹਾ ਹੈ। ਭਾਵੇਂ ਕਿ ਵੱਖ ਵੱਖ ਅਕਾਲੀ ਦਲਾਂ ਦੇ ਆਗੂ ਵੀ ਆਪਣੇ ਦਲਾਂ ਨੂੰ ਸਿੱਖਾਂ ਦੀ ਨੁਮਾਇੰਦਗੀ ਸਿਆਸੀ ਪਾਰਟੀ ਹੋਣ ਦਾ ਦਾਅਵਾ ਕਰਦੇ ਹਨ। ਜਿਥੋਂ ਤਕ ਕਾਂਗਰਸ ਦਾ ਸਵਾਲ ਹੈ ਤਾਂ 1984 ਦੇ ਦੁਖਾਂਤ ਤੋਂ ਬਾਅਦ ਸਿੱਖ ਕਾਂਗਰਸ ਤੋਂ ਪੂਰੀ ਤਰਾਂ ਦੂਰ ਹੋ ਗਏ ਸਨ ਪਰ ਬਾਅਦ ਵਿੱਚ ਸਾਬਕਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਦੇ ਯਤਨਾਂ ਨਾਲ ਅਨੇਕਾਂ ਸਿੱਖ ਕਾਂਗਰਸ ਨਾਲ ਮੁੜ ਜੁੜਨ ਲੱਗੇ ਸਨ। ਇਸ ਤੋਂ ਬਾਅਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਯਤਨਾਂ ਨਾਲ ਵੀ ਸਿੱਖ ਕਾਂਗਰਸ ਨਾਲ ਜੁੜਨ ਲਗੇ ਸਨ ਪਰ ਹੁਣ ਗਿਆਨੀ ਜੈਲ ਸਿੰਘ ਇਸ ਦੁਨੀਆਂ ਵਿੱਚ ਨਹੀਂ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਭਾਜਪਾ ਵਿੱਚ ਚਲੇ ਗਏ ਹਨ। ਪਿਛਲੇ ਸਾਲ ਪੰਜਾਬ ਵਿੱਚ ਰਾਹੁਲ ਗਾਂਧੀ ਦੀ ਪੈਦਲ ਯਾਤਰਾ ਦੌਰਾਨ ਜਿਸ ਤਰੀਕੇ ਨਾਲ ਰਾਹੁਲ ਗਾਂਧੀ ਵੱਲੋਂ ਸਿੱਖ ਆਗੂਆਂ ਅਤੇ ਆਮ ਸਿੱਖਾਂ ਨੂੰ ਮਹੱਤਵ ਦਿੱਤਾ ਗਿਆ ਸੀ, ਉਸ ਤੋਂ ਜ਼ਰੂਰ ਪੰਜਾਬ ਦੇ ਸਿੱਖਾਂ ਵਿੱਚ ਕਾਂਗਰਸ ਪ੍ਰਤੀ ਚੰਗਾ ਸੰਕੇਤ ਗਿਆ। ਰਾਹੁਲ ਗਾਂਧੀ ਦੀ ਪੈਦਲ ਯਾਤਰਾ ਨੂੰ ਸਿੱਖ ਆਗੂਆਂ ਵੱਲੋਂ ਹੁੰਗਾਰਾ ਭਰਨ ਕਰਕੇ ਸੁਖਬੀਰ ਬਾਦਲ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਸੀ ਕਿ ਸਿੱਖਾਂ ਦੀ ਨੁਮਾਇੰਦਗੀ ਵਾਲੀ ਸਿਰਫ਼ ਇੱਕੋ ਇੱਕ ਪਾਰਟੀ ਅਕਾਲੀ ਦਲ ਹੀ ਹੈ। ਪੰਜਾਬ ਵਿੱਚ ਸਿੱਖਾਂ ਨੂੰ ਭਾਜਪਾ ਨਾਲ ਜੋੜਨ ਲਈ ਭਾਜਪਾ ਵੱਲੋਂ ਵੀ ਯਤਨ ਕੀਤਾ ਜਾ ਰਹੇ ਹਨ ਅਤੇ ਅਨੇਕਾਂ ਸਿੱਖ ਆਗੂਆਂ ਨੂੰ ਭਾਜਪਾ ਵਿੱਚ ਨੁਮਾਇੰਦਗੀ ਵੀ ਦਿੱਤੀ ਗਈ ਹੈ। ਪਿਛਲੇ ਦਿਨੀਂ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਵੀ ਚਾਰੇ ਹਲਕਿਆਂ ਵਿੱਚ ਭਾਜਪਾ ਵੱਲੋਂ ਸਿੱਖ ਉਮੀਦਵਾਰ ਖੜੇ ਕਰਕੇ ਸਿੱਖ ਪੱਤਾ ਖੇਡਿਆ ਗਿਆ। ਆਮ ਆਦਮੀ ਪਾਰਟੀ ਦੀ ਭਾਵੇਂ ਪੰਜਾਬ ਵਿੱਚ ਇਸ ਸਮੇਂ ਸਰਕਾਰ ਹੈ, ਇਹ ਪਾਰਟੀ ਵੀ ਆਪਣੇ ਆਪ ਨੂੰ ਸਿੱਖਾਂ ਦੀ ਹਮਦਰਦ ਪਾਰਟੀ ਹੋਣ ਦਾ ਦਾਅਵਾ ਪਿਛਲੇ ਸਮੇਂ ਦੌਰਾਨ ਕਰ ਚੁੱਕੀ ਹੈ। (**ਬਾਕੀ ਸਫ਼ਾ 30 'ਤੇ**)

## ਫ਼ਤਿਹਗੜ੍ਹ ਸਾਹਿਬ ਦੇ ਮਲਕੀਤ ਸਿੰਘ ਨੇ ਐਵਰੈਸਟ 'ਤੇ ਲਹਿਰਾਇਆ ਕੇਸਰੀ ਨਿਸ਼ਾਨ ਸਾਹਿਬ



ਫਤਹਿਗੜ੍ਹ ਸਾਹਿਬ/ਏ.ਟੀ. ਨਿਊਜ਼: ਫ਼ਤਿਹਗੜ੍ਹ ਸਾਹਿਬ ਦੇ ਮਲਕੀਤ ਸਿੰਘ ਨੇ ਇਤਿਹਾਸ ਰਚ ਦਿੱਤਾ ਹੈ। ਖਮਾਣੋਂ ਤਹਿਸੀਲ ਦੇ ਪਿੰਡ ਬੌੜ ਦਾ ਰਹਿਣ ਵਾਲਾ ਮਲਕੀਤ ਸਿੰਘ ਦੁਨੀਆਂ ਦਾ ਪਹਿਲਾ ਸਾਬਤ-ਸੂਰਤ ਗੁਰਸਿੱਖ ਹੈ ਜਿਸ ਨੇ ਮਾਊਂਟ ਐਵਰੈਸਟ ਨੂੰ ਫ਼ਤਿਹ ਕਰ ਲਿਆ ਹੈ। ਉਨ੍ਹਾਂ ਦੀ ਇਸ ਕਾਮਯਾਬੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਹੈ।

### ਚੋਟੀ ਫ਼ਤਿਹ ਕਰਨ ਵਾਲਾ ਪਹਿਲਾ ਸਿੰਘ

ਜਾਣਕਾਰੀ ਮੁਤਾਬਕ 19 ਮਈ 2024 ਦੀ ਸਵੇਰ ਨੂੰ ਮਲਕੀਤ ਸਿੰਘ ਨੇ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ। ਮਲਕੀਤ ਸਿੰਘ 1998 ਤੋਂ ਨਿਊਜ਼ੀਲੈਂਡ ਵਿੱਚ ਵੱਸੇ ਹੋਏ ਹਨ। ਐਵਰੈਸਟ ਫ਼ਤਿਹ ਕਰਨ ਤੋਂ ਬਾਅਦ ਪਹਿਲੀ ਵਾਰ ਪੰਜਾਬ ਆਏ ਹਨ। ਉਹ ਦੁਨੀਆਂ ਦੇ ਪਹਿਲੇ ਸਾਬਤ ਸੂਰਤ ਗੁਰਸਿੱਖ ਹਨ ਜੋ 8,848.86 ਮੀਟਰ ਉੱਚੀ ਮਾਊਂਟ ਐਵਰੈਸਟ ਨੂੰ ਫ਼ਤਿਹ ਕਰਨ ਵਿੱਚ ਕਾਮਯਾਬ ਹੋਏ ਹਨ। ਐਵਰੈਸਟ ਫ਼ਤਿਹ ਕਰਨ ਤੋਂ ਬਾਅਦ ਪਹਿਲੀ ਵਾਰ ਆਪਣੇ ਜੱਦੀ ਪਿੰਡ ਬੌੜ ਆਏ ਮਲਕੀਤ ਸਿੰਘ ਨੇ ਦੱਸਿਆ ਕਿ ਸਾਲ 2022 ਵਿੱਚ ਉਸ ਦੇ ਮਨ ਵਿੱਚ ਕੇਸਰੀ ਨਿਸ਼ਾਨ ਸਾਹਿਬ ਨੂੰ ਐਵਰੈਸਟ 'ਤੇ ਲਹਿਰਾਉਣ ਦੀ ਇੱਛਾ ਪੈਦਾ ਹੋਈ। 1967 ਵਿੱਚ ਇੱਕ ਸਿੱਖ ਫ਼ੌਜੀ ਅਫ਼ਸਰ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਗਲੇਸ਼ੀਅਰ ਫਟਣ ਕਾਰਨ ਉਸਦੀ ਮੌਤ ਹੋ ਗਈ ਸੀ। ਮਲਕੀਤ ਸਿੰਘ ਮੁਤਾਬਕ ਉਹ ਦੋ ਸਾਲਾਂ ਦੀ ਸਖ਼ਤ ਮਿਹਨਤ ਤੇ ਇੱਕ ਸਾਲ ਦੀ ਸਿਖਲਾਈ ਤੋਂ ਬਾਅਦ ਐਵਰੈਸਟ ਚੜ੍ਹਨ ਵਿੱਚ ਸਫ਼ਲ ਹੋਏ। 11 ਮਈ 2024 ਨੂੰ ਉਨ੍ਹਾਂ ਨੇ ਐਵਰੈਸਟ ਦੇ ਬੇਸ ਕੈਂਪ ਤੋਂ ਚੋਟੀ ਤੱਕ ਆਪਣੀ ਯਾਤਰਾ ਸ਼ੁਰੂ ਕੀਤੀ। ਜਦੋਂ ਉਹ ਕੈਂਪ ਤਿੰਨ ਤੋਂ ਕੈਂਪ ਚਾਰ ਲਈ ਰਵਾਨਾ ਹੋਏ ਤਾਂ ਉਹ ਸਰੀਰਕ ਤੌਰ 'ਤੇ ਥੱਕੇ ਹੋਏ ਸਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਲੱਗਾ ਜਿਵੇਂ ਮੇਰੇ ਵਿੱਚ ਅੱਗੇ ਵਧਣ ਦੀ ਤਾਕਤ ਨਹੀਂ ਸੀ। ਮੈਂ ਵਾਹਿਗੁਰੂ ਅੱਗੇ ਅਰਦਾਸ ਕੀਤੀ (**ਬਾਕੀ ਸਫ਼ਾ 30 'ਤੇ**)

# ਭਾਰਤੀ ਨਾਗਰਿਕਾਂ ਨੂੰ ਕੈਨੇਡਾ ਦਾ ਵੀਜ਼ਾ ਮਿਲਣ ਦੀ ਸੰਭਾਵਨਾ 80 ਫ਼ੀਸਦੀ ਤੋਂ ਘਟ ਕੇ 20 ਫ਼ੀਸਦੀ ਹੋਈ

## ਟਰੂਡੋ ਨੇ ਭਾਰਤੀਆਂ ਦੀ ਸਖ਼ਤ ਸਕਰੀਨਿੰਗ ਦਾ ਫ਼ੈਸਲਾ ਵਾਪਸ ਲਿਆ



ਓਟਾਵਾ/ਏ.ਟੀ.ਨਿਊਜ਼: ਕੈਨੇਡਾ ਭਾਰਤੀਆਂ ਖਾਸ ਕਰਕੇ ਪੰਜਾਬ ਦੇ ਬਿਨੈਕਾਰਾਂ ਨੂੰ ਜਾਰੀ ਕੀਤੇ ਟੂਰਿਸਟ ਵੀਜ਼ਿਆਂ ਦੀ ਗਿਣਤੀ ਵਿੱਚ ਕਟੌਤੀ ਕਰ ਰਿਹਾ ਹੈ। ਭਾਰਤੀ ਨਾਗਰਿਕਾਂ ਨੂੰ ਕੈਨੇਡਾ ਦਾ ਵੀਜ਼ਾ ਮਿਲਣ ਦੀ ਸੰਭਾਵਨਾ 80% ਤੋਂ ਘਟ ਕੇ 20% ਤੋਂ ਵੀ ਘੱਟ ਹੋ ਗਈ ਹੈ। ਕੈਨੇਡਾ ਨੇ ਕੁਝ ਦਿਨ ਪਹਿਲਾਂ ਹਵਾਈ ਅੱਡਿਆਂ ’ਤੇ ਭਾਰਤੀ ਨਾਗਰਿਕਾਂ ਦੀ ਸਕਰੀਨਿੰਗ ਸਖਤ ਕਰ ਦਿੱਤੀ ਸੀ। ਕੈਨੇਡਾ ਆਉਣ ਵਾਲੇ ਜਾਂ ਉਥੋਂ ਭਾਰਤ ਜਾਣ ਵਾਲੇ ਨਾਗਰਿਕਾਂ ਨੂੰ ਆਮ ਸਮੇਂ ਨਾਲੋਂ ਬਹੁਤ ਪਹਿਲਾਂ ਏਅਰਪੋਰਟ ’ਤੇ ਚੈੱਕ-ਇਨ ਲਈ ਬੁਲਾਇਆ ਜਾ ਰਿਹਾ ਸੀ ਪਰ ਹੁਣ ਟਰੂਡੋ ਸਰਕਾਰ ਨੇ ਇਸ ਹੁਕਮ ਨੂੰ ਹੁਣ ਵਾਪਸ ਲੈ ਲਿਆ ਹੈ। ਇਸ ਹੁਕਮ ਨੂੰ ਵਾਪਸ ਲੈਣ ਤੋਂ ਬਾਅਦ ਹੁਣ ਭਾਰਤ ਆਉਣ ਵਾਲੇ ਯਾਤਰੀਆਂ ਦੀ ਜਾਂਚ ਨਹੀਂ ਕੀਤੀ ਜਾਵੇਗੀ।

ਕੈਨੇਡੀਅਨ ਬ੍ਰੌਡਕਾਸਟਰ ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਯਾਤਰੀਆਂ ਨੂੰ ਹੁਣ ਇਨ੍ਹਾਂ ਜਾਂਚਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਤੁਹਾਨੂੰ ਦੱਸ ਦੇਈਏ ਕਿ 20 ਨਵੰਬਰ ਨੂੰ ਕੈਨੇਡਾ ਨੇ ਭਾਰਤ ਦੀ ਯਾਤਰਾ ਕਰਨ ਵਾਲਿਆਂ ਲਈ ਸਖਤ ਸੁਰੱਖਿਆ ਜਾਂਚ ਦਾ ਐਲਾਨ ਕੀਤਾ ਸੀ। ਫੈਡਰਲ ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਨੇ ਕਿਹਾ ਸੀ ਕਿ ਇਹ ਫੈਸਲਾ ‘ਬਹੁਤ ਜ਼ਿਆਦਾ ਸਾਵਧਾਨੀ ਤੇ ਖਤਰਿਆਂ ਦੇ ਕਾਰਨ’ ਲਿਆ ਗਿਆ ਸੀ।

ਕੈਨੇਡਾ ਨੇ ਬੀਤੇ ਦਿਨੀਂ ਆਪਣੀ ਵੀਜ਼ਾ ਨੀਤੀ ਵਿੱਚ ਸੋਧ ਕੀਤੀ ਸੀ। ਨਵੀਂ ਨੀਤੀ ਤਹਿਤ 10 ਸਾਲ ਦਾ ਮਲਟੀ-ਐਂਟਰੀ ਵੀਜ਼ਾ ਖ਼ਤਮ ਕਰ ਦਿੱਤਾ ਗਿਆ ਸੀ। ਭਾਰਤੀ ਨਾਗਰਿਕਾਂ ਨੂੰ ਹੁਣ ਵਿਸਤ੍ਰਿਤ ਸਮੇਂ ਦੀ ਬਜਾਏ ਵਿਅਕਤੀਗਤ ਮੁਲਾਂਕਣ ਦੇ ਆਧਾਰ ’ਤੇ ਥੋੜ੍ਹੇ ਸਮੇਂ ਦੇ ਵੀਜ਼ੇ ਦੀ ਇਜਾਜ਼ਤ ਦਿੱਤੀ ਗਈ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਕਿਹਾ ਕਿ ਨੀਤੀ ਤਬਦੀਲੀ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਹੈ ਜਿਸਦਾ ਉਦੇਸ਼ ਅਸਥਾਈ ਇਮੀਗ੍ਰੇਸ਼ਨ ਪੱਧਰਾਂ ਦਾ ਪ੍ਰਬੰਧਨ ਕਰਨਾ, ਰਿਹਾਇਸ਼ ਦੀ ਘਾਟ ਨੂੰ ਹੱਲ ਕਰਨਾ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ ਨੂੰ ਕੰਟਰੋਲ ਕਰਨਾ ਹੈ।

**ਕੈਨੇਡਾ ਦਾ ਵੀਜ਼ਾ ਲੈਣ ਵਿੱਚ ਕਿਉਂ ਆ ਰਹੀ ਹੈ ਮੁਸ਼ਕਿਲ ?**

ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਦੇ ਬਾਵਜੂਦ, 2024 ਦੇ ਪਹਿਲੇ ਅੱਧ ਵਿੱਚ ਭਾਰਤੀਆਂ ਨੂੰ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਟੂਰਿਸਟ ਵੀਜ਼ਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ। ਆਈ.ਆਰ.ਸੀ.ਸੀ. ਨੇ ਜਨਵਰੀ ਤੋਂ ਜੁਲਾਈ ਦਰਮਿਆਨ ਭਾਰਤੀਆਂ ਨੂੰ 365,750 ਵਿਜ਼ਟਰ ਵੀਜ਼ੇ ਜਾਰੀ ਕੀਤੇ, ਜੋ ਕਿ 2023 ਦੀ ਇਸੇ ਮਿਆਦ ਦੌਰਾਨ ਜਾਰੀ ਕੀਤੇ ਗਏ 345,631ਤੋਂ ਜ਼ਿਆਦਾ ਸਨ। ਪਰ ਜੁਲਾਈ-ਅਗਸਤ ਵਿੱਚ ਰੁਝਾਨ ਉਲਟ ਗਿਆ, ਕਿਉਂਕਿ ਚੰਗੀ ਤਨਖਾਹ ਵਾਲੇ ਪੇਸ਼ੇਵਰਾਂ, ਸਰਕਾਰੀ ਅਧਿਕਾਰੀਆਂ ਅਤੇ ਚੰਗੀ ਆਮਦਨ ਵਾਲੇ ਪਰਿਵਾਰਾਂ ਦੇ ਵੀਜ਼ੇ ਰੱਦ ਹੋਏ।

ਭਾਰਤ ਤੋਂ ਹਰ ਸਾਲ ਵੱਡੀ ਗਿਣਤੀ ਵਿੱਚ ਅਸਥਾਈ ਵਿਦੇਸ਼ੀ ਕਾਮੇ ਅਤੇ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਆਉਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤੀਆਂ ਨੂੰ ਵੀਜ਼ਾ ਜਾਰੀ ਕਰਨ ਲਈ ਚੋਣ ਮਾਪਦੰਡ ਸਖਤ ਹੋ ਗਏ ਹਨ। ਕੈਨੇਡਾ ਦੇ ਭਾਰਤ ਵਿੱਚ ਸਿਰਫ਼ ਚਾਰ ਇਮੀਗ੍ਰੇਸ਼ਨ ਅਫ਼ਸਰ ਬਚੇ ਹਨ, ਜੋ ਅਕਤੂਬਰ 2023 ਵਿੱਚ 27 ਤੋਂ ਕਾਫ਼ੀ ਘੱਟ ਹਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਇਸ ਨਾਲ ਕੈਨੇਡਾ ਦੀ ਸਾਈਟ ’ਤੇ ਵੀਜ਼ਾ ਪ੍ਰੋਸੈਸ ਕਰਨ ਦੀ ਸਮਰੱਥਾ ’ਤੇ ਅਸਰ ਪੈਂਦਾ ਹੈ। ਹੋਰ ਕਾਰਕ ਵੀ ਹਨ ਜੋ ਵੀਜ਼ਾ ਜਾਰੀ ਕਰਨ ਦੀ ਗਿਣਤੀ ਵਿੱਚ ਗਿਰਾਵਟ ਦਾ ਕਾਰਨ ਬਣ ਰਹੇ ਹਨ।

**ਡੰਕੀ ਰੂਟ :** ਡੰਕੀ ਰੂਟ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ ਜਿੱਥੇ ਭਾਰਤੀ ਨਾਗਰਿਕਾਂ ਨੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਲਈ ਕੈਨੇਡੀਅਨ ਸਰਹੱਦ ਦੀ ਵਰਤੋਂ ਕੀਤੀ ਹੈ। ਅਮਰੀਕੀ ਸਰਕਾਰ ਦੇ ਸਖ਼ਤ ਵੀਜ਼ਾ ਨਿਯਮਾਂ ਅਤੇ ਲੰਬੇ ਇੰਤਜ਼ਾਰ ਦੇ ਸਮੇਂ ਦੇ ਕਾਰਨ, ਬਿਨੈਕਾਰਾਂ ਨੂੰ ਸਾਂਝੀ ਖੁੱਲ੍ਹੀ ਸਰਹੱਦ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਨਾਲੋਂ ਕੈਨੇਡਾ ਤੋਂ ਵੀਜ਼ਾ ਪ੍ਰਾਪਤ ਕਰਨਾ ਆਸਾਨ ਲੱਗਦਾ ਹੈ। ਯੂ.ਐਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੇ ਅਨੁਸਾਰ, ਇਕੱਲੇ ਜੂਨ 2024 ਵਿੱਚ 5,000 ਤੋਂ ਵੱਧ ਭਾਰਤੀ ਬਿਨਾਂ ਸਹੀ ਦਸਤਾਵੇਜ਼ਾਂ ਦੇ ਪੈਦਲ ਹੀ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋ ਗਏ।

**ਦੇਰੀ ਅਤੇ ਬੈਕਲਾਗ:** ਅਰਜ਼ੀਆਂ ਦੀ ਭਾਰੀ ਮਾਤਰਾ ਕਾਰਨ ਵੀਜ਼ਾ ਪ੍ਰੋਸੈਸਿੰਗ ਵਿੱਚ ਵੀ ਦੇਰੀ ਹੋ ਰਹੀ ਹੈ। ਹੋ ਸਕਦਾ ਹੈ ਕਿ ਵੀਜ਼ਾ ਅਥਾਰਟੀਆਂ ਨੇ ਹੋਰ ਪਾਬੰਦੀਆਂ ਲਗਾਈਆਂ ਹੋਣ, ਜਿਸ ਕਾਰਨ ਰੱਦ ਹੋਣ ਦੀਆਂ ਦਰਾਂ ਉੱਚੀਆਂ ਹੋ ਸਕਦੀਆਂ ਹਨ।

**ਘਰੇਲੂ ਚਿੰਤਾਵਾਂ:** ਕੈਨੇਡਾ ਆਪਣੀ ਇਮੀਗ੍ਰੇਸ਼ਨ ਨੀਤੀ ਨੂੰ ਸਖਤ ਕਰ ਰਿਹਾ ਹੈ, ਕਿਉਂਕਿ ਉਹ ਘਰੇਲੂ ਆਰਥਿਕ ਚਿੰਤਾਵਾਂ ਨਾਲ ਜੂਝ ਰਿਹਾ ਹੈ। ਜਸਟਿਨ ਟਰੂਡੋ ਦੀ ਸਰਕਾਰ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਸੀਮਤ ਕਰਨਾ ਚਾਹੁੰਦੀ ਹੈ, ਜਿਸ ਨੇ ਅਧਿਕਾਰੀਆਂ ਨੂੰ ਹਰੇਕ ਬਿਨੈਕਾਰ ਦੀ ਸਖਤੀ ਨਾਲ ਜਾਂਚ ਕਰਨ ਲਈ ਪ੍ਰੇਰਿਆ ਹੈ।

**ਭਾਰਤ-ਕੈਨੇਡਾ ਵਿਵਾਦ**

ਦੋਵਾਂ ਦੇਸ਼ਾਂ ਦੇ ਵਿਚਾਲੇ ਤਣਾਅ ਉਦੋਂ ਸ਼ੁਰੂ ਹੋਇਆ ਜਦੋਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਸਾਲ ਅਕਤੂਬਰ ਵਿੱਚ ਆਪਣੀ ਸੰਸਦ ਵਿੱਚ ਦੋਸ਼ ਲਾਇਆ ਸੀ ਕਿ ਜੂਨ 2023 ਵਿੱਚ ਸਰੀ ਦੇ ਇੱਕ ਗੁਰਦੁਆਰੇ ਦੇ ਬਾਹਰ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਾਰਤ ਸਰਕਾਰ ਦੇ ਅਧਿਕਾਰੀ ਜੁੜੇ ਹੋਏ ਸਨ। ਵੀਜ਼ਾ ਜਾਰੀ ਕਰਨ ਅਤੇ ਭਾਈ ਨਿੱਝਰ ਮਾਮਲੇ ਵਿਚਾਲੇ ਅਧਿਕਾਰਤ ਤੌਰ ’ਤੇ ਕੋਈ ਸਬੰਧ ਨਹੀਂ ਪਾਇਆ ਗਿਆ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਤਣਾਅ ਕੈਨੇਡਾ ਨੂੰ ਵੀਜ਼ਾ ਜਾਰੀ ਕਰਨ ਲਈ ਹਰ ਸੰਭਵ ਸਖਤ ਕਦਮ ਚੁੱਕਣ ਲਈ ਮਜਬੂਰ ਕਰ ਰਿਹਾ ਹੈ।

# ਕੈਨੇਡਾ ਵਿੱਚ ਪੱਕੇ ਹੋਣ ਦਾ ਐੱਲ.ਐੱਮ.ਆਈ.ਏ. ਵਾਲਾ ਰਾਹ ਵੀ ਹੋਵੇਗਾ ਬੰਦ




ਵਿਨੀਪੈਗ/ਏ.ਟੀ.ਨਿਊਜ਼ : ਕੈਨੇਡਾ ਸਰਕਾਰ ਸਖ਼ਤ ਫ਼ੈਸਲੇ ਲੈ ਕੇ ਪਰਵਾਸੀਆਂ ਖ਼ਾਸਕਰ ਪੰਜਾਬੀਆਂ ਦੀਆਂ ਮੁਸ਼ਕਿਲਾਂ ਵਧਾਉਂਦੀ ਜਾ ਰਹੀ ਹੈ। ਹੁਣ ਪੰਜਾਬੀਆਂ ਦੇ ਕੈਨੇਡਾ ਵਿੱਚ ਪੱਕੇ ਹੋਣ ਦਾ ਆਖ਼ਰੀ ਰਾਹ ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ (ਐੱਲ.ਐੱਮ.ਆਈ.ਏ.) ਨੂੰ ਵੀ ਬੰਦ ਕੀਤਾ ਜਾ ਰਿਹਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵੱਡੇ ਖ਼ੁਲਾਸੇ ਕਰਦਿਆਂ ਕਿਹਾ ਹੈ ਕਿ ਕੈਨੇਡਾ ਦੀ ਪੱਕੀ ਰਿਹਾਇਸ਼ ਲੈਣ ਲਈ ਐੱਲ.ਐੱਮ.ਆਈ.ਏ. ਦੀ ਵੱਡੇ ਪੱਧਰ ’ਤੇ ਦੁਰਵਰਤੋਂ ਹੋ ਰਹੀ ਹੈ ਅਤੇ ਫੈਡਰਲ ਸਰਕਾਰ ਐੱਲ.ਐੱਮ.ਆਈ.ਏ.ਰਾਹੀਂ ਮਿਲਣ ਵਾਲੇ 50 ਵਾਧੂ ਅੰਕਾਂ ਦੀ ਸਹੂਲਤ ਖ਼ਤਮ ਕਰਨ ’ਤੇ ਵਿਚਾਰ ਕਰ ਰਹੀ ਹੈ। ਇਸ ਵੇਲੇ ਬਿਨੈਕਾਰ ਇੱਕ ਐੱਲ.ਐੱਮ.ਆਈ.ਏ. ਲਈ 50 ਅੰਕ ਜਾਂ ਐਕਸਪ੍ਰੈੱਸ ਐਂਟਰੀ ਪ੍ਰਣਾਲੀ ਦੇ ਅਧੀਨ ਪ੍ਰਬੰਧਨ ਦੇ ਅਹੁਦਿਆਂ ਲਈ 200 ਅੰਕ ਪ੍ਰਾਪਤ ਕਰ ਸਕਦੇ ਹਨ। ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟ ਦੇ ਨਾਂ ’ਤੇ ਲੋਕਾਂ ਨੂੰ ਠਗਿਆ ਜਾ ਰਿਹਾ ਹੈ ਅਤੇ ਕਾਲਾ ਬਾਜ਼ਾਰੀ ਕਰਦਿਆਂ ਇਕ ਕਾ.ਗਜ਼ ਲਈ 70 ਹਜ਼ਾਰ ਡਾਲਰ ਤੱਕ ਦੀ ਮੰਗ ਕੀਤੀ ਜਾ ਰਹੀ ਹੈ ਜਿਸ ਦੇ ਮੱਦੇਨਜ਼ਰ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਵਿੱਚ ਸਖ਼ਤੀ ਕਰਨ ਲਈ ਮਜਬੂਰ ਹੋ ਰਹੀ ਹੈ। ਸੋਸ਼ਲ ਮੀਡੀਆ ’ਤੇ ਠੱਗ ਏਜੰਟਾਂ ਵੱਲੋਂ ਐੱਲ.ਐੱਮ.ਆਈ.ਏ. ਰਾਹੀਂ ਯਕੀਨੀ ਪੀ.ਆਰ. ਦੇ ਦਾਅਵੇ ਵੀ ਕੀਤੇ ਜਾ ਰਹੇ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਫ਼ਰਜ਼ੀ ਨੌਕਰੀਆਂ ਲਈ ਐੱਲ.ਐੱਮ.ਆਈ.ਏ. ਤਿਆਰ ਕਰਵਾਏ ਜਾਂਦੇ ਹਨ ਅਤੇ ਨੌਜਵਾਨਾਂ ਦਾ ਵੱਡੇ ਪੱਧਰ ’ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਵੇਲੇ ਕੈਨੇਡੀਅਨ ਪੀ.ਆਰ. ਲਈ ਸੀ.ਆਰ.ਐੱਸ. ਸਕੋਰ 500 ਤੋਂ ਉੱਤੇ ਚੱਲ ਰਿਹਾ ਹੈ ਅਤੇ ਐੱਲ.ਐੱਮ.ਆਈ.ਏ. ਦੇ 50 ਵਾਧੂ ਅੰਕ ਪੀ.ਆਰ. ਦਿਵਾਉਣ ਵਿੱਚ ਕਾਰਗਰ ਸਾਬਤ ਹੁੰਦੇ ਹਨ ਪਰ ਜ਼ਿਆਦਾਤਰ ਮਾਮਲਿਆਂ ਵਿੱਚ ਇਸ ਸਹੂਲਤ ਦੀ ਵਰਤੋਂ ਠੱਗੀ-ਠੋਰੀ ਲਈ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਵੱਲੋਂ 10 ਸਾਲ ਦੀ ਮਿਆਦ ਵਾਲੇ ਮਲਟੀਪਲ ਐਂਟਰੀ ਵੀਜ਼ਾ ਬੰਦ ਕੀਤੇ ਜਾ ਚੁੱਕੇ ਹਨ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਸਿੰਗਲ ਐਂਟਰੀ ਵੀਜ਼ਾ ਹੀ ਜਾਰੀ ਕੀਤੇ ਜਾ ਰਹੇ ਹਨ। ਸਿਰਫ਼ ਐਨਾ ਹੀ ਨਹੀਂ, ਕੌਮਾਂਤਰੀ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਵੀ ਘਟਾ ਕੇ 4 ਲੱਖ 37 ਹਜ਼ਾਰ ਕੀਤੀ ਜਾ ਚੁੱਕੀ ਹੈ।

ਮਾਰਕ ਮਿਲਰ ਨੇ ਵਰਕ ਪਰਮਿਟ ਦੀ ਮਿਆਦ ਵਿੱਚ ਵਾਧਾ ਕਰਨ ਲਈ ਬਰੈਂਪਟਨ ਵਿਖੇ ਪੱਕੇ ਰੋਸ ਧਰਨੇ ’ਤੇ ਬੈਠੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਟੱਡੀ ਵੀਜ਼ਾ ਤੋਂ ਕੈਨੇਡੀਅਨ ਪੀ.ਆਰ. ਤੱਕ ਪਹੁੰਚਣ ਦਾ ਰਾਹ ਕੋਈ ਸੌਖਾ ਰਾਹ ਨਹੀਂ। ਕੋਈ ਵਿਦਿਆਰਥੀ ਇਹ ਸੋਚ ਕੇ ਕੈਨੇਡਾ ਨਾ ਆਵੇ ਕਿ ਉਹ ਯਕੀਨੀ ਤੌਰ ’ਤੇ ਪੀ.ਆਰ. ਹਾਸਲ ਕਰ ਲਵੇਗਾ। ਮਾਰਕ ਮਿਲਰ ਵੱਲੋਂ ਪਿਛਲੇ ਦਿਨੀਂ ਕੌਮਾਂਤਰੀ ਵਿਦਿਆਰਥੀਆਂ ਵਾਸਤੇ ਕਈ ਹਾਂ ਪੱਖੀ ਐਲਾਨ ਵੀ ਕੀਤੇ ਗਏ ਜਿਨ੍ਹਾਂ ਤਹਿਤ ਹਫ਼ਤੇ ਵਿੱਚ ਕੰਮ ਦਾ ਸਮਾਂ 20 ਘੰਟੇ ਤੋਂ ਵਧਾ ਕੇ 24 ਘੰਟੇ ਕਰ ਦਿੱਤਾ ਗਿਆ ਪਰ ਇਸ ਦੇ ਨਾਲ ਹੀ ਕਾਲਜ ਬਦਲਣ ਦੀ ਸੂਰਤ ਵਿੱਚ ਨਵੇਂ ਸਿਰੇ ਤੋਂ ਸਟੱਡੀ ਵੀਜ਼ਾ ਅਰਜ਼ੀ ਦਾਖਲ ਕਰਨ ਦਾ ਨਿਯਮ ਵੀ ਲਾਗੂ ਕਰ ਦਿੱਤਾ ਗਿਆ।

ਕੌਮਾਂਤਰੀ ਵਿਦਿਆਰਥੀਆਂ ਦੀ ਕੈਨੇਡਾ ਵਿੱਚ ਸ਼ਰਨ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਦੂਜੇ ਪਾਸੇ ਕੈਨੇਡਾ ਵਿੱਚ ਆਰਜ਼ੀ ਵੀਜ਼ਾ ’ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਚੁੱਕੀ ਹੈ ਅਤੇ ਫੈਡਰਲ ਸਰਕਾਰ ਇਸ ਵਿੱਚ ਵੱਡੀ ਕਟੌਤੀ ਕਰਨਾ ਚਾਹੁੰਦੀ ਹੈ।

(ਬਾਕੀ ਸਫ਼ਾ 30 ’ਤੇ)

# ਕੈਨੇਡਾ ’ਚ ਭੋਜਨ ਸੰਕਟ, ਬੱਚਿਆਂ ਦਾ ਢਿੱਡ ਭਰਨ ਲਈ 25 ਫ਼ੀਸਦੀ ਮਾਪੇ ਭੁੱਖੇ ਰਹਿਣ ਲਈ ਮਜਬੂਰ



ਓਟਾਵਾ/ਏ.ਟੀ.ਨਿਊਜ਼: ਜਸਟਿਨ ਟਰੂਡੋ ਦੇ ਸ਼ਾਸਨ ਵਿੱਚ ਕੈਨੇਡਾ ਵੱਡੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਹ ਸੰਕਟ ਕਿੰਨਾ ਵੱਡਾ ਹੈ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਕੈਨੇਡਾ ਵਿੱਚ ਰਹਿੰਦੇ 25% ਮਾਪੇ ਆਪਣੇ ਬੱਚਿਆਂ ਨੂੰ ਲੋੜੀਂਦਾ ਭੋਜਨ ਮੁਹੱਈਆ ਕਰਵਾਉਣ ਲਈ ਆਪਣੇ ਭੋਜਨ ’ਚ ਕਟੌਤੀ ਕਰ ਰਹੇ ਹਨ। ਇੱਕ ਸੰਸਥਾ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਕੈਨੇਡੀਅਨ ਹਾਊਸਿੰਗ, ਨੌਕਰੀਆਂ ਅਤੇ ਮਹਿੰਗਾਈ ਦੇ ਮਾਮਲੇ ਵਿੱਚ ਸਭ ਤੋਂ ਖਰਾਬ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਚਾਰ ਵਿੱਚੋਂ ਇੱਕ ਮਾਤਾ-ਪਿਤਾ ਆਪਣੇ ਬੱਚੇ ਨੂੰ ਚੰਗੀ ਤਰ੍ਹਾਂ ਖੁਆਉਣ ਲਈ ਖ਼ੁਦ ਭੁੱਖੇ ਰਹਿ ਰਹੇ ਹਨ।

**ਖ਼ਰਚਿਆਂ ਵਿੱਚ ਕਟੌਤੀ**

ਗੈਰ-ਲਾਭਕਾਰੀ ਸੰਗਠਨ ਸਾਲਵੇਸ਼ਨ ਆਰਮੀ ਨੇ 21 ਨਵੰਬਰ ਨੂੰ ਆਪਣੀ ਰਿਪੋਰਟ ਜਾਰੀ ਕੀਤੀ। ਇਸ ਮੁਤਾਬਕ 90 ਫ਼ੀਸਦੀ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਹੋਰ ਤਰਜੀਹਾਂ ਲਈ ਪੈਸੇ ਬਚਾਉਣ ਲਈ ਕਰਿਆਨੇ ’ਤੇ ਖਰਚ ਘੱਟ ਕੀਤਾ ਹੈ। ਇਹ ਰਿਪੋਰਟ ਅਜਿਹੇ ਸਮੇਂ ’ਚ ਆਈ ਹੈ ਜਦੋਂ ਕੈਨੇਡਾ ’ਚ ਲੋਕਾਂ ਦੀ ਖਰੀਦ ਸ਼ਕਤੀ ਘੱਟ ਗਈ ਹੈ। ਇਸ ਸਮੱਸਿਆ ਨੂੰ ਘੱਟ ਕਰਨ ਲਈ ਟਰੂਡੋ ਸਰਕਾਰ ਵੱਲੋਂ ਕੁਝ ਜ਼ਰੂਰੀ ਵਸਤਾਂ ’ਤੇ ਗੁਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐੱਸ.ਟੀ.) ’ਚ ਛੋਟ ਦਾ ਐਲਾਨ ਕੀਤੇ ਜਾਣ ਦੀ ਉਮੀਦ ਹੈ। ਰਿਪੋਰਟ ਅਨੁਸਾਰ ਸਰਵੇਖਣ ਕੀਤੇ ਗਏ 24% ਮਾਪਿਆਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਭੋਜਨ ਦੇਣ ਲਈ ਆਪਣੇ ਭੋਜਨ ਦੀ ਖਪਤ ਨੂੰ ਘਟਾ ਦਿੱਤਾ ਹੈ। 90% ਤੋਂ ਵੱਧ ਨੇ ਕਿਹਾ ਕਿ ਉਨ੍ਹਾਂ ਨੇ ਹੋਰ ਲੋੜਾਂ ਲਈ ਕਰਿਆਨੇ ਦੇ ਬਿੱਲਾਂ ’ਤੇ ਕਟੌਤੀ ਕੀਤੀ ਹੈ। ਬਹੁਤ ਸਾਰੇ ਲੋਕ ਘੱਟ ਪੌਸ਼ਟਿਕ ਭੋਜਨ ਖਰੀਦ ਰਹੇ ਹਨ ਕਿਉਂਕਿ ਇਹ ਸਸਤਾ ਹੈ।

**ਲੋਕਾਂ ਲਈ ਗੁਜ਼ਾਰਾ ਕਰਨਾ ਹੋਇਆ ਔਖਾ**

ਇਹ ਰਿਪੋਰਟ ਅਜਿਹੇ ਸਮੇਂ ’ਚ ਆਈ ਹੈ ਜਦੋਂ ਕੈਨੇਡਾ ’ਚ ਫੂਡ ਬੈਂਕਾਂ ’ਚ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਵਿੱਚੋਂ ਕੁਝ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਾਪਸ ਭੇਜਣ ਦਾ ਫ਼ੈਸਲਾ ਕੀਤਾ ਹੈ, ਜਿਨ੍ਹਾਂ ਵਿੱਚ ਭਾਰਤੀ ਵੀ ਸ਼ਾਮਲ ਹੋ ਸਕਦੇ ਹਨ। ਦੇਸ਼ ਦੇ ਬਹੁਤ ਸਾਰੇ ਲੋਕਾਂ ਲਈ ਜ਼ਰੂਰੀ ਵਸਤੂਆਂ ਨਾਲ ਸਮਝੌਤਾ ਕੀਤੇ ਬਿਨਾਂ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਗਿਆ ਹੈ। ਇਹ ਰਿਪੋਰਟ ਜਸਟਿਨ ਟਰੂਡੋ ਲਈ ਬੁਰੀ ਖ਼ਬਰ ਹੈ। ਖਾਸ ਕਰਕੇ ਜਦੋਂ ਕੈਨੇਡਾ ਵਿੱਚ ਇੱਕ ਸਾਲ ਦੇ ਅੰਦਰ ਚੋਣਾਂ ਹੋਣ ਜਾ ਰਹੀਆਂ ਹਨ। ਕੈਨੇਡੀਅਨ ਮੀਡੀਆ ਆਉਟਲੈਟ ਸੀ.ਬੀ.ਸੀ ਦੀ ਇੱਕ ਰਿਪੋਰਟ ਅਨੁਸਾਰ ਮਾਪਿਆਂ ਨੂੰ ਰਹਿਣ-ਸਹਿਣ ਦੇ ਖਰਚਿਆਂ ਨਾਲ ਸਬੰਧਿਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲਵੇਸ਼ਨ ਆਰਮੀ ਦੇ ਬੁਲਾਰੇ ਜੌਹਨ ਮਰੇ ਨੇ ਕਿਹਾ, ‘ਅਸਲੀਅਤ ਇਹ ਹੈ ਕਿ ਬਹੁਤ ਸਾਰੇ ਕੈਨੇਡੀਅਨਾਂ ਨੂੰ ਆਪਣੇ ਲਈ ਅਤੇ ਸਭ ਤੋਂ ਮਹੱਤਵਪੂਰਨ ਆਪਣੇ ਬੱਚਿਆਂ ਲਈ ਆਪਣੀਆਂ ਰੋਜ਼ਾਨਾ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿੱਚ ਮੁਸ਼ਕਲ ਆ ਰਹੀ ਹੈ।’ ਇਹ ਦੇਸ਼ ਵਿੱਚ ਇੱਕ ਵੱਡੇ ਸੰਕਟ ਦਾ ਸੰਕੇਤ ਹੈ।

# ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਗੱਠਜੋੜ ਨੂੰ ਉਜਾਗਰ ਕਰ ਗਿਆ ਅਡਾਨੀ ਮਾਮਲਾ

## ਕੀ ਭਾਰਤ 'ਚ ਅਡਾਨੀ ਵਿਰੁੱਧ ਹੋ ਸਕੇਗੀ ਕੋਈ ਕਾਰਵਾਈ ?




### ਅਡਾਨੀ ਦੇ ਅਮਰੀਕਾ 'ਚ ਜਾਰੀ ਗ੍ਰਿਫ਼ਤਾਰੀ ਵਾਰੰਟਾਂ ਨੇ ਭਾਰਤ ਦੇ ਸਿਆਸੀ ਅਤੇ ਆਰਥਿਕ ਹਲਕਿਆਂ 'ਚ ਫ਼ੈਲਾਈ ਸਨਸਨੀ

ਭਾਰਤ ਦੀ ਸਿਆਸੀ ਅਤੇ ਚੁਣਾਵੀ ਪ੍ਰਕਿਰਿਆ ਵਿੱਚ ਜਿਉਂ-ਜਿਉਂ ਪੈਸੇ/ਧਨ ਦਾ ਦਖ਼ਲ ਵਧ ਰਿਹਾ ਹੈ, ਤਿਉਂ-ਤਿਉਂ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਗੱਠਜੋੜ ਬਾਰੇ ਹੈਰਾਨਕੁਨ ਖੁਲਾਸੇ ਹੋ ਰਹੇ ਹਨ। ਹੁਣ ਦੁਨੀਆਂ ਦੇ 18ਵੇਂ ਅਤੇ ਦੇਸ਼ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਗੌਤਮ ਅਡਾਨੀ, ਉਸ ਦੇ ਭਤੀਜੇ ਸਾਗਰ ਅਡਾਨੀ, ਵਿਨੀਤ ਜੈਨ (ਅਡਾਨੀ ਗ੍ਰੀਨ ਐਨਰਜੀ ਦੇ ਸਾਬਕਾ ਸੀ.ਈ.ਓ.) ਸਮੇਤ 8 ਲੋਕਾਂ ਦੇ ਖ਼ਿਲਾਫ਼ ਅਮਰੀਕਾ ਦੇ ਨਿਊਯਾਰਕ ਦੀ ਫੈਡਰਲ ਅਦਾਲਤ ਵੱਲੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਤੋਂ ਬਾਅਦ ਇਹ ਮਾਮਲਾ ਮੁੜ ਸੁਰਖੀਆਂ ਵਿੱਚ ਆ ਗਿਆ ਹੈ। ਇਹ ਖ਼ਬਰ ਪਿਛਲੇ ਦਿਨੀਂ ਜਿਵੇਂ ਹੀ ਭਾਰਤ ਪਹੁੰਚੀ ਤਾਂ ਭਾਰਤ ਦੇ ਸਿਆਸੀ ਅਤੇ ਆਰਥਿਕ ਹਲਕਿਆਂ 'ਚ ਸਨਸਨੀ ਫੈਲ ਗਈ। ਅਮਰੀਕੀ ਜਾਂਚ ਏਜੰਸੀਆਂ ਅਤੇ ਇਸਤਗਾਸਾ ਦੇ ਦੋਸ਼ਾਂ ਮੁਤਾਬਿਕ ਗੌਤਮ ਅਡਾਨੀ, ਅਡਾਨੀ ਗਰੀਨ ਦੇ ਸਾਗਰ ਅਡਾਨੀ ਅਤੇ ਛੇ ਅਧਿਕਾਰੀਆਂ ਨੇ ਸੌਰ ਊਰਜਾ ਦੇ ਆਪਣੇ ਕਾਰੋਬਾਰ ਨੂੰ ਚਮਕਾਉਣ ਲਈ ਭਾਰਤੀ ਅਧਿਕਾਰੀਆਂ ਨੂੰ ਕਥਿਤ ਤੌਰ 'ਤੇ 265 ਮਿਲੀਅਨ ਡਾਲਰ (ਕਰੀਬ 2265 ਕਰੋੜ ਰੁਪਏ) ਦੀ ਰਿਸ਼ਵਤ ਦਿੱਤੀ ਸੀ। ਅਡਾਨੀ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਨੇੜੇ ਸਮਝਿਆ ਜਾਂਦਾ ਹੈ ਅਤੇ ਅਕਸਰ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਮੋਦੀ ਸਰਕਾਰ 'ਤੇ ਦੋਸ਼ ਲਗਾਏ ਜਾਂਦੇ ਹਨ ਕਿ ਮੋਦੀ ਸਰਕਾਰ ਕਾਰੋਬਾਰੀ ਅਡਾਨੀ ਅਤੇ ਹੋਰ ਕਾਰੋਬਾਰੀਆਂ ਤੇ ਬਹੁਤ ਦਿਆਲ ਰਹਿੰਦੀ ਹੈ। ਵਿਰੋਧੀ ਧਿਰ ਖ਼ਾਸਕਰ ਕਾਂਗਰਸ ਪਾਰਟੀ ਪਿਛਲੇ ਕਾਫ਼ੀ ਅਰਸੇ ਤੋਂ ਮੋਦੀ ਸਰਕਾਰ 'ਤੇ ਚਹੇਤੇ ਪੂੰਜੀਪਤੀਆਂ ਦੀ ਪੁਸ਼ਤਪਨਾਹੀ (ਕਰੋਨੀ ਕੈਪੀਟਲਿਜ਼ਮ) ਦੇ ਦੋਸ਼ ਲਾਉਂਦੀ ਰਹੀ ਹੈ ਜਿਸ ਵਿੱਚ ਵਾਰ-ਵਾਰ ਗੌਤਮ ਅਡਾਨੀ ਦਾ ਨਾਂ ਆਉਂਦਾ ਰਿਹਾ ਹੈ ਕਿ ਸਰਕਾਰ ਵੱਲੋਂ ਗੁਜਰਾਤ ਦੇ ਇਸ ਕਾਰੋਬਾਰੀ ਨੂੰ ਵੱਡੇ-ਵੱਡੇ ਠੇਕੇ ਦਿੱਤੇ ਜਾ ਰਹੇ ਹਨ ਅਤੇ ਦੇਸ਼ ਦੇ ਅਸਾਸੇ ਉਸ ਲਈ ਵਰਤੇ ਜਾ ਰਹੇ ਹਨ।

**ਅਮਰੀਕਾ 'ਚ ਅਡਾਨੀ ਵਿਰੁੱਧ ਕਾਰਵਾਈ ਕਿਉਂ ?**

ਅਮਰੀਕਾ ਵਿੱਚ ਅਡਾਨੀ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਇਸ ਲਈ ਜਾਰੀ ਕੀਤੇ ਗਏ, ਕਿਉਂਕਿ ਰਿਸ਼ਵਤ ਦੀ ਰਕਮ ਅਮਰੀਕਾ ਦੇ ਨਿਵੇਸ਼ਕਾਂ ਤੋਂ ਲਈ ਗਈ ਸੀ। ਇਹ ਮਾਮਲਾ ਅਡਾਨੀ ਗ੍ਰੀਨ ਐਨਰਜੀ ਲਿਮਟਿਡ ਅਤੇ ਐਜ਼ੋਰ ਪਾਵਰ ਨਾਲ ਜੁੜਿਆ ਹੋਇਆ ਹੈ। 24 ਅਕਤੂਬਰ 2024 ਨੂੰ ਨਿਊਯਾਰਕ ਦੀ ਫੈਡਰਲ ਅਦਾਲਤ ਵਿੱਚ ਇਹ ਕੇਸ ਦਰਜ ਹੋਇਆ। ਦੋਸ਼ ਹੈ ਕਿ ਰਿਸ਼ਵਤ ਦੇ ਪੈਸੇ ਇਕੱਠੇ ਕਰਨ ਲਈ ਅਮਰੀਕੀ ਬੈਂਕਾਂ ਅਤੇ ਨਿਵੇਸ਼ਕਾਂ ਨੂੰ ਝੂਠ ਬੋਲਿਆ ਗਿਆ। ਅਮਰੀਕਾ ਵਿੱਚ ਇਹ ਮਾਮਲਾ ਇਸ ਲਈ ਦਰਜ਼ ਹੋਇਆ ਕਿਉਂਕਿ ਇਸ ਵਿੱਚ ਅਮਰੀਕੀ ਨਿਵੇਸ਼ਕਾਂ ਦਾ ਪੈਸਾ ਸ਼ਾਮਲ ਸੀ। ਦਿਲਚਸਪ ਗੱਲ ਇਹ ਹੈ ਕਿ ਇਹ ਇਲਜ਼ਾਮ ਲੱਗਣ ਤੋਂ ਕੁਝ ਘੰਟੇ ਪਹਿਲਾਂ ਹੀ ਇਸ ਫਰਮ ਨੇ ਅਮਰੀਕੀ ਨਿਵੇਸ਼ ਗ੍ਰੇਡ ਮਾਰਕੀਟ ਵਿੱਚ 20 ਸਾਲ ਦਾ ਗ੍ਰੀਨ ਬਾਂਡ ਵੇਚਿਆ ਸੀ। ਇਸ ਨੂੰ ਬਜ਼ਾਰ ਵਿੱਚ ਜ਼ਬਰਦਸਤ ਹੁੰਗਾਰਾ ਮਿਲਿਆ ਅਤੇ ਇਸ ਮੁੱਦੇ ਨੂੰ ਲੈ ਕੇ ਤਿੰਨ ਗੁਣਾ ਵੱਧ ਅਰਜ਼ੀਆਂ ਆਈਆਂ ਪਰ ਮਾਮਲਾ ਅਦਾਲਤ ਵਿੱਚ ਜਾਣ ਤੋਂ ਬਾਅਦ ਇਹ ਬਾਂਡ ਰੱਦ ਕਰ ਦਿੱਤਾ ਗਿਆ। ਖੈਰ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਮਾਮਲਾ ਜਾਰੀ ਰਹੇਗਾ। ਉਂਝ, ਅਡਾਨੀ ਸਮੂਹ ਨੇ ਰਿਸ਼ਵਤ ਅਤੇ ਧੋਖਾਧੜੀ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦੇ ਕੇ ਇਨ੍ਹਾਂ ਦਾ ਖੰਡਨ ਕੀਤਾ ਹੈ ਪਰ ਇਸ ਕੋਲ ਲੰਮੀ ਕਾਨੂੰਨੀ ਲੜਾਈ ਲੜਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਹੈ।

**ਅਡਾਨੀ ਨੂੰ ਬਚਾਅ ਲੈਣਗੇ ਮੋਦੀ : ਰਾਹੁਲ ਗਾਂਧੀ**

ਅਡਾਨੀ ਗਰੁੱਪ ਅਤੇ ਰਿਲਾਇੰਸ ਗਰੁੱਪ ਦੇ ਮੁਕੇਸ਼ ਅੰਬਾਨੀ ਦੁਆਰਾ ਦੇਸ਼ ਦੇ ਵਪਾਰ ਜਗਤ 'ਤੇ ਵਰਚੁਅਲ ਕਬਜੇ ਵਿਰੁੱਧ ਰਾਹੁਲ ਗਾਂਧੀ ਹਮੇਸ਼ਾ ਹੀ ਆਵਾਜ਼ ਉਠਾਉਂਦੇ ਰਹੇ ਹਨ। ਪਿਛਲੀ ਲੋਕ ਸਭਾ 'ਚ ਇਸ 'ਤੇ ਚਰਚਾ ਦੌਰਾਨ ਰਾਹੁਲ ਨੇ ਉਹ ਤਸਵੀਰ ਦਿਖਾਈ ਸੀ, ਜਿਸ 'ਚ ਮੋਦੀ ਅਡਾਨੀ ਨਾਲ ਉਨ੍ਹਾਂ ਦੇ ਜਹਾਜ਼ 'ਚ ਸਫਰ ਕਰ ਰਹੇ ਸਨ। ਤਾਜਾ ਘਟਨਾਕ੍ਰਮ ਦੌਰਾਨ ਪਿਛਲੇ ਦਿਨੀਂ ਜਿਵੇਂ ਹੀ ਅਮਰੀਕਾ ਦੀ ਅਦਾਲਤ ਵੱਲੋਂ ਅਡਾਨੀ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਦੀ ਸੂਚਨਾ ਭਾਰਤ ਪਹੁੰਚੀ ਤਾਂ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ 'ਚ ਪ੍ਰੈੱਸ ਕਾਨਫਰੰਸ 'ਚ ਦੋਸ਼ ਲਾਇਆ ਕਿ (ਸੇਬੀ) ਮੁਖੀ ਮਾਧਵੀ ਬੁੱਚ ਅਤੇ ਮੋਦੀ ਮਿਲ ਕੇ ਅਡਾਨੀ ਨੂੰ ਉਸੇ ਤਰ੍ਹਾਂ ਬਚਾ ਲੈਣਗੇ, ਜਿਸ ਤਰ੍ਹਾਂ ਉਹ ਬਚਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸੇਬੀ ਮੁਖੀ ਨੂੰ ਤੁਰੰਤ ਅਹੁਦੇ ਤੋਂ ਹਟਾ ਕੇ ਕਿਸੇ ਨਿਰਪੱਖ ਵਿਅਕਤੀ ਦੀ ਨਿਯੁਕਤੀ ਕੀਤੀ ਜਾਵੇ ਅਤੇ ਅਡਾਨੀ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਕਿਉਂਕਿ 'ਜਦ ਤੱਕ ਉਹ ਅਤੇ ਮੋਦੀ ਇਕਜੁੱਟ ਹਨ, ਉਹ (ਅਡਾਨੀ) ਸੁਰੱਖਿਅਤ ਹਨ।'

**ਅਡਾਨੀ ਗਰੁੱਪ 'ਤੇ 2.41 ਲੱਖ ਕਰੋੜ ਰੁਪਏ ਦਾ ਕਰਜ਼ਾ**

ਮੀਡੀਆ ਰਿਪੋਰਟਾਂ ਅਨੁਸਾਰ ਅਡਾਨੀ ਗਰੁੱਪ 'ਤੇ 2.41 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਅੰਤਰਰਾਸ਼ਟਰੀ ਪੂੰਜੀ ਬਾਜ਼ਾਰ (ਵਿਦੇਸ਼ੀ ਬਾਂਡ) ਅਤੇ ਗਲੋਬਲ ਬੈਂਕਾਂ ਦੀ ਇਸ ਵਿੱਚ 55% ਹਿੱਸੇਦਾਰੀ ਹੈ। 33% ਹਿੱਸੇਦਾਰੀ ਘਰੇਲੂ ਵਿੱਤੀ ਸੰਸਥਾਵਾਂ, ਅਤੇ ਜਨਤਕ ਖੇਤਰ ਦੇ ਬੈਂਕਾਂ ਕੋਲ ਹੈ। ਸ਼ੁੱਕਰਵਾਰ ਤੱਕ, ਅਡਾਨੀ ਸਮੂਹ ਦੀਆਂ ਸਾਰੀਆਂ 10 ਸੂਚੀਬੱਧ ਕੰਪਨੀਆਂ ਦਾ ਮਾਰਕੀਟ ਕੈਪ 11.94 ਲੱਖ ਕਰੋੜ ਰੁਪਏ ਸੀ।

(ਬਾਕੀ ਸਫ਼ਾ 30 'ਤੇ)

## ਵਿਵਾਦਾਂ ਨਾਲ ਪੁਰਾਣਾ ਰਿਸ਼ਤਾ ਹੈ ਅਡਾਨੀ ਸਮੂਹ ਦਾ

ਗੌਤਮ ਅਡਾਨੀ ਆਪਣੇ ਕਾਰੋਬਾਰ ਦੇ ਤੌਰ ਤਰੀਕਿਆਂ ਅਤੇ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਨੇੜਤਾ ਕਾਰਨ ਹਮੇਸ਼ਾ ਵਿਵਾਦਾਂ ਵਿੱਚ ਰਹੇ ਹਨ। ਅਡਾਨੀ ਪਿਛਲੇ ਕੁਝ ਸਮੇਂ ਤੋਂ ਪੂਰੀ ਦੁਨੀਆਂ 'ਚ ਚਰਚਾ 'ਚ ਹੈ ਕਿਉਂਕਿ ਬਹੁਤ ਘੱਟ ਸਮੇਂ 'ਚ ਉਹ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ 'ਚੋਂ ਇੱਕ ਬਣ ਗਿਆ ਹੈ। ਦੋ ਸਾਲ ਪਹਿਲਾਂ ਉਹ ਰਾਤੋ-ਰਾਤ ਦੂਜੇ ਨੰਬਰ 'ਤੇ ਪਹੁੰਚ ਗਿਆ ਸੀ।



ਹਿੰਡਨਬਰਗ ਦੀਆਂ ਦੋ ਜਾਂਚ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਉਹ ਮੋਦੀ ਸਰਕਾਰ ਦੀ ਸਰਪ੍ਰਸਤੀ ਕਾਰਨ ਹੀ ਉੱਚ ਅਹੁਦੇ ਤੱਕ ਪਹੁੰਚਿਆ ਹੈ। ਦੋ ਸਾਲ ਪਹਿਲਾਂ ਅਮਰੀਕੀ ਸ਼ਾਰਟ-ਸੈੱਲਰ ਹਿੰਡਨਬਰਗ ਰਿਸਰਚ ਨੇ ਅਡਾਨੀ ਗਰੁੱਪ 'ਤੇ 'ਸਟਾਕ 'ਚ ਹੇਰ-ਫੇਰ ਤੇ ਅਕਾਊਂਟਿੰਗ ਧੋਖੇਬਾਜ਼ੀ' ਦੇ ਦੋਸ਼ ਲਾਏ ਸਨ। ਇਹ ਮਾਮਲਾ ਵੀ ਕੌਮਾਂਤਰੀ ਪੱਧਰ 'ਤੇ ਸੁਰਖੀਆਂ ਵਿੱਚ ਆਇਆ ਸੀ ਤੇ ਵਿਰੋਧੀ ਧਿਰ ਨੇ ਸੰਸਦ ਦੇ ਅੰਦਰ ਤੇ ਬਾਹਰ ਕਾਫ਼ੀ ਹੰਗਾਮਾ ਕੀਤਾ ਸੀ।

## ਕੀਨੀਆ ਨੇ ਅਡਾਨੀ ਸਮੂਹ ਨਾਲ ਹਵਾਈ ਅੱਡਾ ਅਤੇ ਊਰਜਾ ਸੌਦੇ ਰੱਦ ਕੀਤੇ

ਕੀਨੀਆ ਨੇ ਭਾਰਤ ਦੇ ਅਡਾਨੀ ਸਮੂਹ ਨਾਲ ਹਵਾਈ ਅੱਡੇ ਦੇ ਵਿਸਥਾਰ ਅਤੇ ਊਰਜਾ ਸੌਦਿਆਂ ਨੂੰ ਰੱਦ ਕਰ ਦਿਤਾ ਹੈ। ਕੀਨੀਆ ਦੇ ਰਾਸ਼ਟਰਪਤੀ ਵਿਲੀਅਮ ਰੂਟੋ ਨੇ ਇਹ ਐਲਾਨ ਕੀਤਾ। ਰੂਟੋ ਨੇ ਕਿਹਾ ਕਿ ਅਡਾਨੀ ਸਮੂਹ ਨਾਲ ਸੌਦੇ ਖ਼ਤਮ ਕਰਨ ਦਾ ਫੈਸਲਾ ਅਮਰੀਕਾ ਵੱਲੋਂ ਏਸ਼ੀਆ ਦੇ ਸੱਭ ਤੋਂ ਅਮੀਰ ਵਿਅਕਤੀਆਂ ਵਿਚੋਂ ਇੱਕ ਗੌਤਮ ਅਡਾਨੀ ਵਿਰੁੱਧ ਰਿਸ਼ਵਤਖੋਰੀ ਅਤੇ ਧੋਖਾਧੜੀ ਦੇ ਦੋਸ਼ ਲਗਾਉਣ ਤੋਂ ਬਾਅਦ ਲਿਆ ਗਿਆ ਹੈ।

ਰਾਸ਼ਟਰਪਤੀ ਰੂਟੋ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਫੈਸਲਾ ਸਾਡੀਆਂ ਜਾਂਚ ਏਜੰਸੀਆਂ ਅਤੇ ਭਾਈਵਾਲ ਦੇਸ਼ਾਂ ਵੱਲੋਂ ਦਿਤੀ ਗਈ ਨਵੀਂ ਜਾਣਕਾਰੀ ਦੇ ਆਧਾਰ 'ਤੇ ਲਿਆ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਅਮਰੀਕਾ ਦਾ ਨਾਂ ਨਹੀਂ ਲਿਆ। ਅਡਾਨੀ ਸਮੂਹ ਰਾਜਧਾਨੀ ਨੈਰੋਬੀ ਵਿੱਚ ਕੀਨੀਆ ਦੇ ਮੁੱਖ ਹਵਾਈ ਅੱਡੇ ਦੇ ਆਧੁਨਿਕੀਕਰਨ ਅਤੇ ਇੱਕ ਵਾਧੂ ਹਵਾਈ ਪੱਟੀ ਅਤੇ ਟਰਮੀਨਲ ਬਣਾਉਣ ਲਈ ਇੱਕ ਸਮਝੌਤੇ 'ਤੇ ਦਸਤਖਤ ਕਰਨ ਦੀ ਪ੍ਰਕਿਰਿਆ ਵਿੱਚ ਸੀ। ਬਦਲੇ 'ਚ, ਸਮੂਹ ਨੂੰ 30 ਸਾਲਾਂ ਲਈ ਹਵਾਈ ਅੱਡੇ ਦਾ ਸੰਚਾਲਨ ਕਰਨਾ ਸੀ। ਅਡਾਨੀ ਸਮੂਹ ਨਾਲ ਸੌਦੇ ਕਾਰਨ ਕੀਨੀਆ 'ਚ ਵਿਰੋਧ ਪ੍ਰਦਰਸ਼ਨ ਹੋਏ ਸਨ ਅਤੇ ਹਵਾਈ ਅੱਡੇ ਦੇ ਕਰਮਚਾਰੀਆਂ ਨੇ ਹੜਤਾਲ ਕੀਤੀ ਸੀ। ਕਰਮਚਾਰੀਆਂ ਨੇ ਕਿਹਾ ਕਿ ਇਸ ਨਾਲ ਕੰਮ ਕਰਨ ਦੀਆਂ ਸਥਿਤੀਆਂ ਵਿਗੜ ਜਾਣਗੀਆਂ ਅਤੇ ਕੁੱਝ ਮਾਮਲਿਆਂ 'ਚ ਨੌਕਰੀਆਂ ਵੀ ਗੁਆ ਦਿਤੀਆਂ ਜਾਣਗੀਆਂ।

## ਅਡਾਨੀ ਮਾਮਲੇ ਕਾਰਨ ਭਾਰਤ ਨਾਲ ਸਬੰਧਾਂ 'ਚ ਕੋਈ ਫ਼ਰਕ ਨਹੀਂ ਪਵੇਗਾ: ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਰਬਪਤੀ ਕਾਰੋਬਾਰੀ ਗੌਤਮ ਅਡਾਨੀ 'ਤੇ ਲੱਗੇ ਰਿਸ਼ਵਤਖੋਰੀ ਦੇ ਦੋਸ਼ਾਂ ਮਗਰੋਂ ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਦੇ ਸਬੰਧ ਮਜ਼ਬੂਤ ਨੀਂਹ 'ਤੇ ਟਿਕੇ ਹੋਏ ਹਨ ਅਤੇ ਦੋਵੇਂ ਮੁਲਕਾਂ ਦੇ ਰਿਸ਼ਤਿਆਂ 'ਚ ਕੋਈ ਫ਼ਰਕ ਨਹੀਂ ਆਵੇਗਾ। ਵ੍ਹਾਈਟ ਹਾਊਸ ਨੇ ਕਿਹਾ ਕਿ ਉਹ ਗੌਤਮ ਅਡਾਨੀ ਖ਼ਿਲਾਫ਼ ਲੱਗੇ ਦੋਸ਼ਾਂ ਤੋਂ ਜਾਣੂ ਹੈ ਅਤੇ ਉਸ ਨੂੰ ਯਕੀਨ ਹੈ ਕਿ ਇਸ ਮਗਰੋਂ ਪੈਦਾ ਹੋਏ ਹਾਲਾਤ ਨਾਲ ਦੋਵੇਂ ਮੁਲਕ ਸਿੱਝ ਲੈਣਗੇ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰੇ ਨੇ ਆਪਣੇ ਰੋਜ਼ਾਨਾ ਦੀ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਅਡਾਨੀ ਖ਼ਿਲਾਫ਼ ਲੱਗੇ ਦੋਸ਼ਾਂ ਤੋਂ ਜਾਣੂ ਹੈ। ਪੀਅਰੇ ਨੇ ਕਿਹਾ, "ਜ਼ਾਹਿਰ ਹੈ ਕਿ ਅਸੀਂ ਇਨ੍ਹਾਂ ਦੋਸ਼ਾਂ ਤੋਂ ਜਾਣੂ ਹਾਂ ਅਤੇ ਮੈਂ ਤੁਹਾਨੂੰ ਅਡਾਨੀ ਗਰੁੱਪ 'ਤੇ ਲੱਗੇ ਦੋਸ਼ਾਂ ਬਾਰੇ ਵਿਸਥਾਰਤ ਜਾਣਕਾਰੀ ਹਾਸਲ ਕਰਨ ਲਈ ਐੱਸਈਸੀ (ਸਕਿਉਰਿਟੀਜ਼ ਐਂਡ ਐਕਸਚੇਂਜ ਕਮਿਸ਼ਨ) ਅਤੇ ਡੀਓਜੇ (ਨਿਆਂ ਵਿਭਾਗ) ਨਾਲ ਸੰਪਰਕ ਕਰਨ ਲਈ ਆਖਾਂਗੀ। ਅਮਰੀਕਾ ਅਤੇ ਭਾਰਤ ਦੇ ਸਬੰਧਾਂ ਬਾਰੇ ਮੈਂ ਸਿਰਫ਼ ਇਹੋ ਆਖਾਂਗੀ ਕਿ ਸਾਡਾ ਮੰਨਣਾ ਹੈ ਕਿ ਇਹ ਸਬੰਧ ਸਾਡੇ ਲੋਕਾਂ ਦੇ ਆਪਸੀ ਸਬੰਧਾਂ ਅਤੇ ਕਈ ਆਲਮੀ ਮੁੱਦਿਆਂ ਨੂੰ ਲੈ ਕੇ ਸਹਿਯੋਗ 'ਤੇ ਆਧਾਰਿਤ ਇਕ ਬੇਹੱਦ ਮਜ਼ਬੂਤ ਨੀਂਹ 'ਤੇ ਟਿਕੇ ਹੋਏ ਹਨ।"



**ਸਿਆਸੀ ਆਗੂਆਂ ?ਨੇ ਅਡਾਨੀ ਦੀ ਗ੍ਰਿਫ਼ਤਾਰੀ ਮੰਗੀ**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਆਰਜੇਡੀ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਹੈ ਕਿ ਅਮਰੀਕਾ 'ਚ ਦੋਸ਼ ਲੱਗਣ ਮਗਰੋਂ ਅਰਬਪਤੀ ਕਾਰੋਬਾਰੀ ਗੌਤਮ ਅਡਾਨੀ ਖ਼ਿਲਾਫ਼ ਕਾਰਵਾਈ ਕਰਦਿਆਂ ਉਸ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਦੋਵੇਂ ਆਗੂਆਂ ਨੇ ਅਡਾਨੀ ਨੂੰ ਬਚਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਸੰਸਦ ਦੇ ਆਉਂਦੇ ਇਜਲਾਸ ਦੌਰਾਨ ਇਹ ਮੁੱਦਾ ਚੁਕਣਗੇ। ਰਾਹੁਲ ਗਾਂਧੀ ਨੇ ਐਕਸ 'ਤੇ ਲੋਕਾਂ ਨੂੰ ਕਿਹਾ ਕਿ ਉਹ ਭ੍ਰਿਸ਼ਟਾਚਾਰ ਦੀ ਖ਼ਤਰਨਾਕ ਖੇਡ ਨੂੰ ਸਮਝਣ, ਜਿਸ ਵਿੱਚ ਉਨ੍ਹਾਂ ਦਾ ਹੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਡਾਨੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ-ਦੂਜੇ ਦਾ ਬਚਾਅ ਕਰਨ 'ਚ ਲੱਗੇ ਹੋਏ ਹਨ ਪਰ ਆਮ ਭਾਰਤੀਆਂ ਨੂੰ ਉਸ ਦੀ ਕੀਮਤ ਤਾਰਨੀ ਪੈ ਰਹੀ ਹੈ। ਆਰਜੇਡੀ ਮੁਖੀ ਲਾਲੂ ਯਾਦਵ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਅਡਾਨੀ ਦੀ ਗ੍ਰਿਫ਼ਤਾਰੀ ਦੀ ਕੀਤੀ ਗਈ ਮੰਗ ਜਾਇਜ਼ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਭਾਰਤ ਵਿੱਚ ਅਡਾਨੀ ਵਿਰੁੱਧ ਕੋਈ ਕਾਰਵਾਈ ਹੋਵੇਗੀ ? ਸਵਾਲ ਤਾਂ ਇਹ ਵੀ ਹੈ ਕਿ ਜਦੋਂ ਜਾਂਚ ਕਰਤਾ (ਸੇਬੀ ਚੇਅਰਪਰਸਨ) ਖ਼ੁਦ ਜਾਂਚ ਦੇ ਘੇਰੇ ਵਿੱਚ ਹੋਵੇ ਤਾਂ ਕੀ ਨਿਰਪੱਖ ਤੇ ਪਾਰਦਰਸ਼ੀ ਪੜਤਾਲ ਦੀ ਆਸ ਕੀਤੀ ਜਾ ਸਕਦੀ ਹੈ ? ਹੋਰ ਵੀ ਕਈ ਸਵਾਲ ਹਨ ਜਿਨ੍ਹਾਂ ਦਾ ਜਵਾਬ ਮਿਲਣਾ ਅਜੇ ਬਾਕੀ ਹੈ ਤੇ ਭਾਰਤ ਸਰਕਾਰ ਨੂੰ ਹੁਣ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਅਤੇ ਦੇਸ਼ ਵਾਸੀਆਂ ਅੱਗੇ ਆਪਣਾ ਪੱਖ ਰੱਖਣਾ ਚਾਹੀਦਾ ਹੈ। ਇਸ ਸਮੇਂ ਪੂਰੀ ਦੁਨੀਆਂ ਦੀ ਨਜ਼ਰਾਂ ਭਾਰਤ ਦੀ ਮੋਦੀ ਸਰਕਾਰ ਵੱਲ ਲੱਗੀਆਂ ਹੋਈਆਂ ਹਨ ਕਿ ਉਹ ਅਡਾਨੀ ਮਾਮਲੇ ਵਿੱਚ ਕੀ ਫੈਸਲਾ ਲੈਂਦੀ ਹੈ ?

# ਪੰਜਾਬ ਬਾਰੇ ਵੱਖ-ਵੱਖ ਵਿਸ਼ਿਆਂ ’ਤੇ ਦਸਤਾਵੇਜ਼ੀ ਸੀਰੀਜ਼ ਰਿਲੀਜ਼

## ਕੌਮ ਟੀ. ਵੀ. ’ਤੇ ਓਟੀਟੀ ਸੀਰੀਜ਼ ਵਿੱਚ ਨਸ਼ੇ, ਜਲ ਸੰਕਟ, ਸਿੱਖਿਆ ਦੀਆਂ ਚੁਣੌਤੀਆਂ ਵੀ ਹਨ ਸ਼ਾਮਲ : ਡਾ.ਰਾਜੀਵ ਕੁਮਾਰ

## ‘ਪੈਰ ਸੂਲ਼ਾਂ ’ਤੇ ਵੀ ਨੱਚਦੇ ਰਹਿਣਗੇ’ ਪੇਸ਼ਕਾਰੀ ਔਰਤ ਕਲਾਕਾਰਾਂ ਦੀ ਤਰਾਸਦੀ ਨੂੰ ਬਿਆਨਦੀ ਹੈ : ਗੁਰਲੀਨ ਧਾਲੀਵਾਲ




ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਕਈ ਮੁੱਦਿਆਂ ਨੂੰ ਛੂਹਣ ਵਾਲੀ ਡਾਕੂਮੈਂਟਰੀ ਦੀ ਇੱਕ ਸੀਰੀਜ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਜਾਰੀ ਕੀਤੀ ਗਈ। ਫ੍ਰੀ ਟੂ ਏਅਰ ਸੀਰੀਜ਼ ਕੌਮ ਟੀ ਵੀ ’ਤੇ ਉਪਲਬਧ ਹੋਵੇਗੀ, ਜੋ ਕਿ ਇੱਕ ਓਟੀਟੀ ਪਲੇਟਫਾਰਮ ਹੈ ਅਤੇ ਇਹ ਵਿਸ਼ੇਸ਼ ਤੌਰ ’ਤੇ ਡਾਕੂਮੈਂਟਰੀ ਦੀ ਸਕ੍ਰੀਨਿੰਗ ਦੇ ਲਈ ਸਮਰਪਿਤ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਇਹਨਾਂ ਡਾਕੂਮੈਂਟਰੀਆਂ ਦੇ ਨਿਰਮਾਤਾ ਅਤੇ ਕੌਮ ਟੀ ਵੀ ਦੇ ਸੀਈਓ ਡਾ. ਰਾਜੀਵ ਕੁਮਾਰ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਡੂੰਘੇ ਉਦੇਸ਼ ਦੀ ਭਾਵਨਾ ਦੇ ਨਾਲ ਕੀਤਾ ਗਿਆ ਹੈ ਕਿ ਅਸੀਂ ਕੌਮ ਟੀ ਵੀ ਦੇ ਲਾਂਚ ਦਾ ਐਲਾਨ ਕਰ ਰਹੇ ਹਾਂ, ਜੋ ਪਹਿਲਾ ਅਜਿਹਾ ਓਟੀਟੀ ਪਲੇਟਫਾਰਮ ਹੈ ਜੋ ਵਿਸ਼ੇਸ਼ ਰੂਪ ਨਾਲ ਪੰਜਾਬ ਦੇ ਬਾਰੇ ਡਾਕੂਮੈਂਟਰੀਆਂ ਪ੍ਰਦ੍ਰਸ਼ਿਤ ਕਰਨ ਦੇ ਲਈ ਸਮਰਪਿਤ ਹੈ। ਇਹ ਪਲੇਟਫਾਰਮ ਸਿਰਫ਼ ਮੰਨੋਰੰਜਨ ਦਾ ਸਾਧਨ ਨਹੀਂ ਹੈ ਸਗੋਂ ਇਹ ਸਾਡੀ ਧਰਤੀ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਹੱਤਵਪੂਰਨ ਮੁੱਦਿਆਂ ਨੂੰ ਧਿਆਨ ਵਿੱਚ ਲਿਆਉਣ ਦੇ ਲਈ ਅੰਦੋਲਨ ਵੀ ਹੈ।

ਉਨ੍ਹਾਂ ਕਿਹਾ ਕਿ ਕੌਮ ਟੀ ਵੀ ਉਹਨਾਂ ਵਿਸ਼ਿਆਂ ’ਤੇ ਪ੍ਰਕਾਸ਼ ਪਾਉਣ ਦੀ ਇੱਛਾ ਰੱਖਦਾ ਹੈ, ਜੋ ਅਕਸਰ ਗੁੰਮਨਾਮ ਰਹਿ ਜਾਂਦੇ ਹਨ ਜਿਵੇਂ ਪਿਛੜੇ ਖੇਤਰਾਂ ਵਿੱਚ ਸਿਹਤ ਸੇਵਾ, ਸਿੱਖਿਆਂ ਦੀਆਂ ਚੁਣੌਤੀਆਂ, ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਪੰਜਾਬ ਵਿੱਚ ਪਾਣੀ ਦਾ ਗੰਭੀਰ ਸੰਕਟ। ਇਹਨਾਂ ਮੁੱਦਿਆਂ ਨੂੰ ਉਭਾਰ ਕੇ ਸਾਡਾ ਉਦੇਸ਼ ਜਾਗਰੂਕਤਾ ਪੈਦਾ ਕਰਨਾ, ਕਾਰਵਾਈ ਦੇ ਲਈ ਪ੍ਰੇਰਿਤ ਕਰਨਾ ਅਤੇ ਦੁਨੀਆਂ ਭਰ ਦੇ ਪੰਜਾਬੀਆਂ ਦੇ ਵਿਚਾਲੇ ਸੰਵਾਦ ਨੂੰ ਉਤਸ਼ਾਹਿਤ ਕਰਨਾ ਹੈ। ਉਹਨਾਂ ਕਿਹਾ ਕਿ ਇਹ ਐਪ ਮੁਫ਼ਤ ਹੈ, ਇਸ ਲਈ ਇਹ ਸਭ ਲਈ ਉਪਲਬਧ ਹੈ ਕਿਉਂਕਿ ਸਾਡਾ ਮੰਨਣਾ ਹੈ ਕਿ ਜਾਗਰੂਕਤਾ ਇੱਕ ਅਧਿਕਾਰ ਹੈ ਨਾ ਕਿ ਵਿਸ਼ੇਸ਼ ਅਧਿਕਾਰ। ਜੋ ਲੋਕ ਪਹਿਲਾਂ ਤੋਂ ਹੀ ਚੌਪਾਲ ਪਲੇਟਫਾਰਮ ਦਾ ਹਿੱਸਾ ਹਨ, ਉਨ੍ਹਾਂ ਦੇ ਲਈ ਸਾਡੀ ਡਾਕੂਮੈਂਟਰੀਆਂ ਵੀ ਉਨ੍ਹਾਂ ਦੀ ਮੈਂਬਰਤਾ ਦੇ ਹਿੱਸੇ ਦੇ ਰੂਪ ਵਿੱਚ ਉਪਲਬਧ ਹੋਣਗੀਆਂ।

ਇਸ ਮੌਕੇ ਪਾਹੁਲਪ੍ਰੀਤ ਨੇ ਕਿਹਾ ਕਿ ਅੱਜ ਅਸੀਂ ਮਾਣ ਨਾਲ ਆਪਣੀਆਂ ਪਹਿਲੀਆਂ ਪੰਜ ਡਾਕੂਮੈਂਟਰੀ ਜਾਰੀ ਕਰ ਰਹੇ ਹਾਂ, ਜਿਨ੍ਹਾਂ ਵਿੱਚ ਹਰੇਕ ਨੂੰ ਪੰਜਾਬ ਦੇ ਲੋਕਾਂ ਦੇ ਸੰਘਰਸ਼ ਅਤੇ ਲਚਕੀਲੇਪਣ ਨੂੰ ਉਜਾਗਰ ਕਰਨ ਲਈ ਲੜਨ ਅਤੇ ਸੰਵੇਦਨਸ਼ੀਲਤਾ ਨਾਲ ਬਣਾਇਆ ਹੈ। ‘ਪਾਣੀ ਪੰਜਾਬ ਦੇ’ ਬਾਰੇ ਗੱਲ ਕਰਦਿਆਂ ਡਾ. ਰਾਜੀਵ ਕੁਮਾਰ ਨੇ ਕਿਹਾ ਕਿ ਇਹ ਪੇਸ਼ਕਾਰੀ ਪੰਜਾਬ ਦੇ ਜਲ ਸਰੋਤਾਂ ਦੇ ਗ਼ੈਰ ਕਾਨੂੰਨੀ ਸ਼ੋਸ਼ਣ ਦੇ ਮੂਲ ਦੀ ਪੜਚੋਲ ਕਰਦੀ ਹੈ ਅਤੇ ਇਸ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਦੀ ਕਹਾਣੀ ਦੱਸਦੀ ਹੈ। ‘ਹੋਲਾ ਮਹੱਲਾ’ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਦਿਲਾਂ ਵਿੱਚ, ਜਿੱਥੇ ਹਵਾ ਸ਼ਰਧਾ ਨਾਲ ਗੂੰਜਦੀ ਹੈ ਅਤੇ ਪਰੰਪਰਾ ਦੇ ਜੀਵਤ ਰੰਗਾਂ ਨਾਲ ਰੰਗੀ ਜਾਂਦੀ ਹੈ, ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਣ ਵਾਲਾ ਇੱਕ ਸਦੀਵੀ ਤਿਉਹਾਰ ਹੈ। ਇਹ ਡਾਕੂਮੈਂਟਰੀ ਇਸ ਵਿਲੱਖਣ ਤਿਉਹਾਰ ਦੇ ਸਾਰ ਨੂੰ ਦਰਸਾਉਂਦੀ ਹੈ। ਬਹੁਪੱਖੀ ਫਨਕਾਰਾ ਗੁਰਲੀਨ ਪੁਰੀ ਧਾਲੀਵਾਲ ਨੇ ਕਿਹਾ ਕਿ ‘ਪੈਰ ਸੂਲ਼ਾਂ ’ਤੇ ਵੀ ਨੱਚਦੇ ਰਹਿਣਗੇ’ ਪੇਸ਼ਕਾਰੀ ਔਰਤ ਕਲਾਕਾਰਾਂ ਦੀ ਤਰਾਸਦੀ ਨੂੰ ਬਿਆਨਦੀ ਹੈ। ਉਨ੍ਹਾਂ ਕਿਹਾ ਕਿ ਆਰਕੈਸਟਰਾ ਅੱਜ ਕੱਲ੍ਹ ਵਿਆਹਾਂ ਦਾ ਅਹਿਮ ਹਿੱਸਾ ਬਣ ਗਿਆ ਹੈ। ਲੋਕ ਨੱਚਦੀਆਂ ਕੁੜੀਆਂ ਨੂੰ ਦੇਖ ਕੇ ਅਨੰਦ ਮਾਣਦੇ ਹਨ, ਪਰ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਜਾਣਨ ਦੀ ਕੋਈ ਪ੍ਰਵਾਹ ਨਹੀਂ ਕਰਦਾ। ਇਸ ਮੌਕੇ ਮੋਹਨ ਸਿੰਘ ਔਲਖ, ਅਜੈ ਵੀਰ, ਰਮਨਪ੍ਰੀਤ ਕੌਰ, ਗੁਰਲੀਨ ਧਾਲੀਵਾਲ, ਪਾਹੁਲਪ੍ਰੀਤ ਸਿੰਘ ਤੇ ਰਾਜੀਵ ਕੁਮਾਰ ਵੱਲੋਂ ‘ਬਾਬੂ ਮੰਗੂ ਰਾਮ ਮੁੱਗੋਵਾਲੀਆ’ ਅਤੇ ‘ਲੰਘ ਆ ਜਾ ਪੱਤਣ ਝਨਾਂ ਦਾ ਯਾਰ’ ਪੇਸ਼ਕਾਰੀਆਂ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ।

# ਭਾਰਤੀ-ਅਮਰੀਕੀਆਂ ਨੇ ਕਿਸਾਨਾਂ ਲਈ ਏ.ਆਈ. ਅਧਾਰਿਤ ਤਿਆਰ ਕੀਤਾ ਐਪ




ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ-ਅਮਰੀਕੀ ਲੋਕਾਂ ਦੇ ਇੱਕ ਸਮੂਹ ਨੇ ਕਿਸਾਨਾਂ ਲਈ ਇੱਕ ਅਜਿਹਾ ਐਪ ਤਿਆਰ ਕੀਤਾ ਹੈ ਜੋ ਖੇਤੀ ਸੰਬੰਧੀ ਬਿਹਤਰ ਫੈਸਲੇ ਲੈਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਤੋਂ ਪ੍ਰਾਪਤ ਜਾਣਕਾਰੀ ਮੁਹੱਈਆ ਕਰਾਉਂਦਾ ਹੈ। ਵਾਸ਼ਿੰਗਟਨ ਵਿੱਚ ਪਿਛਲੇ ਹਫ਼ਤੇ ‘ਇਨਵੈਸਟ ਸਮਾਰਟ ਕੈਰੇਬੀਅਨ ਸੰਮੇਲਨ’ ਵਿੱਚ

ਇੱਕ ਐਪ ਦੀ ਸ਼ੁਰੂਆਤ ਕੀਤੀ ਗਈ, ਜਿਸ ਦੀ ਵਰਤੋਂ ਕੈਰੇਬੀਅਨ ਦੇਸ਼ ਤ੍ਰਿਨੀਦਾਦ ਅਤੇ ਟੋਬੈਗੋ ਵਿੱਚ ਕੀਤੀ ਜਾ ਰਹੀ ਹੈ। ਇਸਨੂੰ ਮੈਸੇਚਿਉਸੇਟਸ ਦੇ ਅਬਰਿਸ ਇੰਕ ਨੇ ਤ੍ਰਿਨੀਦਾਦ ਅਤੇ ਟੋਬੈਗੋ ਦੇ ‘ਕਾਰਬਨ ਜ਼ੀਰੋ ਇੰਸਟੀਚਿਊਟ’ ਦੇ ਸਹਿਯੋਗ ਨਾਲ ਵਿਕਸਤ ਕੀਤਾ ਹੈ। ਅਬਰਿਸ ਇੰਕ ਦੀ ਸੀ.ਈ.ਓ. ਅਤੇ ਸਹਿ-ਸੰਸਥਾਪਕ ਪ੍ਰਿਆ ਸਾਮੰਤ ਮੁਤਾਬਕ, ‘ਇਹ ਇੱਕ ਸਮਾਰਟ ਐਗਰੀਕਲਚਰ ਐਪ ਹੈ ਜੋ ਏਆਈ-ਸੰਚਾਲਿਤ ਜਾਣਕਾਰੀ ਰਾਹੀਂ ਕਿਸਾਨਾਂ ਨੂੰ ਬਿਹਤਰ ਖੇਤੀ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ। ਇਹ ਐਪ ਕਿਸਾਨਾਂ ਦੀ ਖੁਰਾਕ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਮਦਦ ਕਰਦਾ ਹੈ ਅਤੇ ਉਨ੍ਹਾਂ ਨੂੰ ਜਲਵਾਯੂ ਤਬਦੀਲੀ ਨਾਲ ਨਜਿੱਠਣ ਵਿੱਚ ਵੀ ਮਦਦ ਕਰਦਾ ਹੈ।’ ਉਨ੍ਹਾਂ ਕਿਹਾ ਕਿ ਸਾਡਾ ਟੀਚਾ ਹੁਣ ਵੱਖ-ਵੱਖ ਕੈਰੇਬੀਅਨ ਦੇਸ਼ਾਂ ਵਿੱਚ ਜਾਣਾ ਹੈ। ਅਸੀਂ ਪਹਿਲਾਂ ਹੀ ਗੁਆਨਾ ਅਤੇ ਹੋਰ ਦੇਸ਼ਾਂ ਨਾਲ ਗੱਲਬਾਤ ਕਰ ਰਹੇ ਹਾਂ। ਸਾਮੰਤ ਨੇ ਕਿਹਾ, ਸਾਡਾ ਉਦੇਸ਼ ਇਸ ਨੂੰ ਕਿਸਾਨਾਂ ਲਈ ਵਨ-ਸਟਾਪ ਹੱਲ ਪੇਸ਼ ਕਰਨ ਵਾਲਾ ਜ਼ਰੀਆ ਬਣਾਉਣਾ ਹੈ। ਅਸੀਂ ਪਹਿਲੇ ਪੜਾਅ ਵਿੱਚ ਇਹੀ ਕੀਤਾ ਹੈ।

ਕਿਸਾਨਾਂ ਨੂੰ ਬਿਹਤਰ ਤਰੀਕੇ ਨਾਲ ਅੱਗੇ ਵਧਣ ਵਿੱਚ ਮਦਦ ਕਰਨਾ, ਉਨ੍ਹਾਂ ਨੂੰ ਮੌਸਮ ਸਬੰਧੀ ਚਿਤਾਵਨੀਆਂ ਦੇਣਾ, ਕੀਟਨਾਸ਼ਕਾਂ ਨਾਲ ਫਸਲਾਂ ਲਈ ਬਾਜ਼ਾਰ ਮੁੱਲ ਦਿਵਾਉਣਾ। ਭਾਰਤ, ਬੰਗਲਾਦੇਸ਼, ਭੂਟਾਨ ਅਤੇ ਸ਼੍ਰੀਲੰਕਾ ਲਈ ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਦੇ ਸੀਨੀਅਰ ਸਲਾਹਕਾਰ ਹੇਮਾਂਗ ਜਾਨੀ ਨੇ ਕਿਹਾ ਕਿ ਖੇਤੀ ਅਤੇ ਖੇਤੀਬਾੜੀ ਖੇਤਰ ਵਿੱਚ ਏ.ਆਈ. ਨੂੰ ਲਿਆਉਣ ਨਾਲ ਪੇਂਡੂ ਵਿਕਾਸ ਅਤੇ ਖੇਤੀਬਾੜੀ ਖੇਤਰ ਦੋਵਾਂ ਵਿੱਚ ਬਹੁਤ ਮਦਦ ਮਿਲੇਗੀ।

# ਹੁਣ ਕੈਨੇਡਾ ਨਿੱਝਰ ਕਤਲ ਕਾਂਡ ਦੇ 4 ਭਾਰਤੀ ਦੋਸ਼ੀਆਂ ਖ਼ਿਲਾਫ਼ ਸਿੱਧਾ ਸੁਪਰੀਮ ਕੋਰਟ ’ਚ ਦਾਇਰ ਕਰੇਗਾ ਕੇਸ

ਓਟਾਵਾ/ਏ.ਟੀ.ਨਿਊਜ਼: ਕੈਨੇਡੀਅਨ ਸਰਕਾਰ ਨੇ ਗਰਮਖ਼ਿਆਲੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ੀ ਚਾਰ ਭਾਰਤੀ ਨਾਗਰਿਕਾਂ ਖ਼ਿਲਾਫ਼ ‘ਸਿੱਧਾ ਮੁਕੱਦਮਾ’ ਚਲਾਉਣ ਦਾ ਫੈਸਲਾ ਕੀਤਾ ਹੈ। ਜਿਸ ਤੋਂ ਬਾਅਦ ਸਰੀ ਸੂਬੇ ਦੀ ਅਦਾਲਤ ਵਿੱਚ ਚੱਲ ਰਹੀ ਕਾਰਵਾਈ ਨੂੰ ਰੋਕ ਦਿੱਤਾ ਗਿਆ ਹੈ ਅਤੇ ਹੁਣ ਇਹ ਕੇਸ ਸਿੱਧਾ ਸੁਪਰੀਮ ਕੋਰਟ ਵਿੱਚ ਜਾਵੇਗਾ।



ਸਿੱਧੇ ਮੁਕੱਦਮੇ ਦਾ ਮਤਲਬ ਹੈ ਕਿ ਕੇਸ ਬਿਨਾਂ ਕਿਸੇ ਮੁਢਲੀ ਸੁਣਵਾਈ ਦੇ ਸਿੱਧੇ ਮੁਕੱਦਮੇ ਲਈ ਚਲਾ ਜਾਵੇਗਾ। ਇਸ ਨਾਲ ਸਿੱਧੇ ਤੌਰ ’ਤੇ ਮੁਲਜ਼ਮਾਂ ਦੀਆਂ ਮੁਸ਼ਕਿਲਾਂ ਵਧ ਜਾਂਦੀਆਂ ਹਨ, ਕਿਉਂਕਿ ਇਸ ਦੌਰ ਦੌਰਾਨ ਮੁਲਜ਼ਮਾਂ ਨੂੰ ਕਈ ਅਹਿਮ ਮੌਕੇ ਮਿਲ ਜਾਂਦੇ ਹਨ।

**ਸਿੱਧੇ ਇਲਜ਼ਾਮ ਕਦੋਂ ਲਾਏ ਜਾਂਦੇ ਹਨ ?**

ਮਿਲੀ ਜਾਣਕਾਰੀ ਅਨੁਸਾਰ ਡਾਇਰੈਕਟ ਇਨਡਿਕਟਮੈਂਟ ਕੈਨੇਡੀਅਨ ਕ੍ਰਿਮੀਨਲ ਕੋਡ ਦੇ ਤਹਿਤ ਇੱਕ ਵਿਸ਼ੇਸ਼ ਸ਼ਕਤੀ ਹੈ, ਪਰ ਇਸ ਦੀ ਵਰਤੋਂ ਬਹੁਤ ਘੱਟ ਮਾਮਲਿਆਂ ਵਿੱਚ ਕੀਤੀ ਜਾਂਦੀ ਹੈ। ਜਦੋਂ ਕਿਸੇ ਦੋਸ਼ੀ ਦੇ ਖਿਲਾਫ ਅਜਿਹਾ ਕੀਤਾ ਜਾਂਦਾ ਹੈ ਤਾਂ ਉਸ ਦੇ ਵਕੀਲਾਂ ਨੂੰ ਇਸਤਗਾਸਾ ਪੱਖ ਦੇ ਵਕੀਲਾਂ ਨਾਲ ਜਿਰ੍ਹਾ ਕਰਨ ਦਾ ਮੌਕਾ ਨਹੀਂ ਮਿਲਦਾ। ਇਹ ਕਦਮ ਅਕਸਰ ਉਦੋਂ ਚੁੱਕਿਆ ਜਾਂਦਾ ਹੈ ਜਦੋਂ ਜਨਤਾ ਦੇ ਹੱਕ ਵਿੱਚ ਅਜਿਹਾ ਕਰਨਾ ਜ਼ਰੂਰੀ ਹੁੰਦਾ ਹੈ। ਜਿਵੇਂ ਕਿ ਅਸੀਂ ਗਵਾਹਾਂ, ਉਨ੍ਹਾਂ ਦੇ ਪਰਿਵਾਰਾਂ, ਜਾਂ ਮੁਖਬਰਾਂ ਦੀ ਸੁਰੱਖਿਆ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਾਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀਆਂ ਦੀ ਵੱਡੀ ਪ੍ਰਾਪਤੀ, ਹਰਜਿੰਦਰ ਸਿੰਘ ਸਿੱਧੂ ਡੈਲਟਾ ਦੇ ਪੁਲਿਸ ਮੁਖੀ ਬਣੇ



ਐਬਟਸਫੋਰਡ/ਏ.ਟੀ.ਨਿਊਜ਼: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਡੈਲਟਾ ਦੀ ਪੁਲਿਸ ਬੋਰਡ ਦੇ ਚੇਅਰਮੈਨ ਲਐਨ ਟੇਟ ਵਲੋਂ ਦੱਸਿਆ ਗਿਆ ਹੈ ਕਿ ਸੀਨੀਅਰ ਪੰਜਾਬੀ ਪੁਲਿਸ ਅਧਿਕਾਰੀ ਹਰਜਿੰਦਰ ਸਿੰਘ ਹਰਜ ਸਿੱਧੂ ਨੂੰ ਡੈਲਟਾ ਦਾ ਪੁਲਿਸ ਮੁਖੀ ਨਿਯੁਕਤ ਕੀਤਾ ਹੈ, ਜੋ ਪੰਜਾਬੀ ਭਾਈਚਾਰੇ ਲਈ ਬੜੇ ਮਾਣ ਵਾਲੀ ਗੱਲ ਹੈ। 7 ਜੁਲਾਈ, 1888 ਨੂੰ ਹੋਂਦ ਵਿੱਚ ਆਈ ਡੈਲਟਾ ਪੁਲਿਸ ਵਿਭਾਗ ਦੇ 136 ਸਾਲਾਂ ਦੇ ਇਤਿਹਾਸ ਵਿੱਚ ਇਸ ਉੱਚ ਅਹੁਦੇ 'ਤੇ ਪਹੁੰਚਣ ਵਾਲੇ ਉਹ ਪਹਿਲੇ ਪੰਜਾਬੀ ਪੁਲਿਸ ਅਧਿਕਾਰੀ ਹਨ। ਹਰਜਿੰਦਰ ਸਿੰਘ ਸਿੱਧੂ 1993 ਵਿੱਚ ਬਤੌਰ ਸਿਪਾਹੀ ਡੈਲਟਾ ਪੁਲਿਸ ਵਿੱਚ ਭਰਤੀ ਹੋਏ ਸਨ। ਫਿਰ ਉਹ ਇੰਸਪੈਕਟਰ ਤੇ ਸੁਪਰਡੈਂਟ ਪੁਲਿਸ ਅਧਿਕਾਰੀ ਬਣੇ ਤੇ ਹੁਣ ਉਹ ਡਿਪਟੀ ਚੀਫ਼ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਹਰਜਿੰਦਰ ਸਿੰਘ ਕੈਨੇਡੀਅਨ ਐਸੋਸੀਏਸ਼ਨ ਆਫ ਚੀਫਸ ਆਫ ਪੁਲਿਸ ਦੇ ਚੇਅਰਮੈਨ ਰਹਿ ਚੁੱਕੇ ਹਨ ਤੇ 2022 ਵਿੱਚ ਕੈਨੇਡਾ ਦੀ ਗਵਰਨਰ ਜਨਰਲ ਨੇ ਉਨ੍ਹਾਂ ਨੂੰ 'ਆਰਡਰ ਆਫ਼ ਮੈਰਿਟ ਐਵਾਰਡ' ਨਾਲ ਸਨਮਾਨਿਤ ਕੀਤਾ ਸੀ।

# ਲੰਡਨ ਲਗਾਤਾਰ 10ਵੇਂ ਸਾਲ ਚੁਣਿਆ ਗਿਆ ਦੁਨੀਆਂ ਦਾ ਸਰਵੋਤਮ ਸ਼ਹਿਰ



ਲੰਡਨ/ਏ.ਟੀ.ਨਿਊਜ਼: ਲੰਡਨ ਨੂੰ ਲਗਾਤਾਰ 10ਵੇਂ ਸਾਲ ਦੁਨੀਆਂ ਦੇ ਸਰਵੋਤਮ ਸ਼ਹਿਰਾਂ ਦੀ ਸਾਲਾਨਾ ਰੈਂਕਿੰਗ 'ਚ ਸਭ ਤੋਂ ਵਧੀਆ ਸ਼ਹਿਰ ਚੁਣਿਆ ਗਿਆ। ਬ੍ਰਿਟੇਨ ਦੀ ਰਾਜਧਾਨੀ, ਨਿਊਯਾਰਕ, ਪੈਰਿਸ ਅਤੇ ਟੋਕੀਓ ਨੂੰ ਪਿੱਛੇ ਛੱਡ ਕੇ ਸਿਖਰ 'ਤੇ ਬਰਕਰਾਰ ਹੈ। ਰੀਅਲ ਅਸਟੇਟ, ਸੈਰ-ਸਪਾਟਾ ਅਤੇ ਆਰਥਿਕ ਵਿਕਾਸ ਵਿੱਚ ਗਲੋਬਲ ਸਲਾਹਕਾਰ ਰੈਜ਼ੋਨੈਂਸ ਵੱਲੋਂ ਤਿਆਰ ਕੀਤੀ ਗਈ ਰੈਂਕਿੰਗ, 1 ਮਿਲੀਅਨ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦਾ ਮੁਲਾਂਕਣ ਕਰਦੀ ਹੈ।

ਇੱਕ ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਰੈਂਕਿੰਗ 'ਚ ਲੰਡਨ ਦਾ ਹਮੇਸ਼ਾ ਦਬਦਬਾ ਰਿਹਾ ਹੈ। ਭਾਵੇਂ ਮੁਲਾਂਕਣ ਦੇ ਮਾਪਦੰਡ ਹਰ ਸਾਲ ਬਦਲਦੇ ਰਹਿੰਦੇ ਹਨ। ਰੈਂਕਿੰਗ ਲੰਡਨ ਦੀ ਵਿਸ਼ਵਵਿਆਪੀ ਅਪੀਲ ਨੂੰ ਦਰਸਾਉਂਦੀ ਹੈ। ਇਹ ਇੱਕ ਅਜਿਹਾ ਸ਼ਹਿਰ ਹੈ ਜੋ ਸੱਭਿਆਚਾਰਕ ਵਿਰਾਸਤ, ਮਜ਼ਬੂਤ ਵਪਾਰਕ ਬੁਨਿਆਦੀ ਢਾਂਚੇ ਦਾ ਪ੍ਰਤੀਕ ਰਿਹਾ ਹੈ। ਇਸ ਸਾਲ ਦੀ ਰੈਂਕਿੰਗ ਵਿੱਚ, ਜਨਤਕ ਧਾਰਨਾ ਨੂੰ ਸ਼ਾਮਲ ਕੀਤਾ ਗਿਆ। ਪਹਿਲੀ ਵਾਰ, 30 ਦੇਸ਼ਾਂ ਦੇ 22,000 ਤੋਂ ਵੱਧ ਲੋਕਾਂ ਦੀਆਂ ਜਾਣਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਅਤੇ ਵਿਸ਼ਲੇਸ਼ਣ ਵਿੱਚ ਧਾਰਨਾ-ਅਧਾਰਿਤ ਡਾਟਾ ਸ਼ਾਮਲ ਕੀਤਾ ਗਿਆ। ਮੁਲਾਂਕਣ ਵਿੱਚ ਕਈ ਹੋਰ ਕਾਰਕਾਂ 'ਤੇ ਵਿਚਾਰ ਕੀਤਾ ਗਿਆ, ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ, ਸੱਭਿਆਚਾਰਕ ਜੀਵਨ, ਭੋਜਨ, ਨਾਈਟ ਲਾਈਫ, ਖਰੀਦਦਾਰੀ ਅਤੇ ਵਪਾਰਕ ਬੁਨਿਆਦੀ ਢਾਂਚਾ ਸ਼ਾਮਲ ਹੈ। ਇਸ ਵਿੱਚ ਖੇਤਰੀ ਹਵਾਈ ਅੱਡੇ ਦੀ ਕਨੈਕਟੀਵਿਟੀ ਅਤੇ ਯੂਨੀਵਰਸਿਟੀਆਂ ਦੀ ਗੁਣਵੱਤਾ ਦਾ ਵੀ ਮੁਲਾਂਕਣ ਕੀਤਾ ਗਿਆ। ਰੇਜ਼ੋਨੈਂਸ ਦੇ ਪ੍ਰਧਾਨ ਅਤੇ ਸੀ.ਈ.ਓ. ਕ੍ਰਿਸ ਫੇਅਰ ਕਿਹਾ ਕਿ ਲੋਕ ਅੱਗੇ ਵੱਧ ਰਹੇ ਹਨ ਅਤੇ ਪਲਾਇਨ ਕਰ ਰਹੇ ਹਨ। ਮਹਾਮਾਰੀ ਦੌਰਾਨ ਇਹ ਰੁਝਾਨ ਹੋਰ ਵੱਧ ਗਿਆ। ਲੋਕ ਨਾ ਸਿਰਫ਼ ਕਿਫਾਇਤੀ ਸਗੋਂ ਮਨਮੋਹਕ ਸਥਾਨਾਂ ਦੀ ਵੀ ਤਲਾਸ਼ ਕਰ ਰਹੇ ਹਨ। ਨਤੀਜੇ ਦਰਸਾਉਂਦੇ ਹਨ ਕਿ ਦੁਨੀਆ ਭਰ ਦੇ ਲੋਕ ਸਭ ਤੋਂ ਵੱਡੇ ਸ਼ਹਿਰਾਂ ਵਿੱਚ ਰਹਿਣ, ਘੁੰਮਣ ਅਤੇ ਕੰਮ ਕਰਨ ਦੀ ਇੱਛਾ ਰੱਖਦੇ ਹਨ।

# ਸਿੱਖ ਬਣੀ ਬੀਬੀ ਜਸਨੂਰ ਕੌਰ ਖ਼ਾਲਸਾ ਗਿਸਬੋਰਨ 'ਚ 'ਲੋਕਲ ਹੀਰੋ ਐਵਾਰਡ' ਨਾਲ ਸਨਮਾਨਿਤ

## 8 ਸਾਲ ਸਿੱਖ ਧਰਮ ਬਾਰੇ ਜਾਣਨ ਬਾਅਦ 2020 ਵਿੱਚ ਛਕਿਆ ਸੀ ਅੰਮ੍ਰਿਤ




ਆਕਲੈਂਡ/ਏ.ਟੀ.ਨਿਊਜ਼ : ਇਥੋਂ ਲਗਭਗ 475 ਕਿਲੋਮੀਟਰ ਦੂਰ ਵਸੇ ਸ਼ਹਿਰ ਗਿਸਬੋਰਨ ਵਿਖੇ ਸਾਲ 2020 ਵਿੱਚ ਅੰਮ੍ਰਿਤ ਛਕ ਕੇ ਪੂਰਨ ਤੌਰ 'ਤੇ ਕ੍ਰਿਸਚੀਅਨ ਤੋਂ ਸਿੱਖ ਧਰਮ ਧਾਰਨ ਕਰ ਗਈ ਮਹਿਲਾ ਮੈਰੀਡੀਥ ਸਟੀਵਰਟ, ਜੋ ਕਿ ਹੁਣ ਜਸਨੂਰ ਕੌਰ ਖ਼ਾਲਸਾ ਕਰ ਕੇ ਜਾਣੀ ਜਾਂਦੀ ਹੈ, ਨੂੰ ਇਸ ਸਾਲ ਕੀਵੀ ਬੈਂਕ ਵਲੋਂ ਐਲਾਨੇ ਗਏ 'ਕੀਵੀਬੈਂਕ ਲੋਕਲ ਹੀਰੋ' ਦੇ ਐਵਾਰਡ ਨਾਲ ਸਨਮਾਨਿਆ ਗਿਆ ਹੈ।

ਜਸਨੂਰ ਕੌਰ ਖ਼ਾਲਸਾ ਨੇ ਕੋਵਿਡ ਮਹਾਂਮਾਰੀ ਦੌਰਾਨ, ਗੈਬਰੀਅਲ ਨਾਂਅ ਦੇ ਆਏ ਚੱਕਰਵਾਤ ਦੌਰਾਨ ਅਤੇ ਹੋਰ ਕੁਦਰਤੀ ਦਰਪੇਸ਼ ਮੁਸ਼ਕਲਾਂ ਸਮੇਂ ਆਈਆਂ ਚੁਣੌਤੀਆਂ ਵਿੱਚ ਲੋਕਾਂ ਦੀ ਵੱਡੀ ਸਹਾਇਤਾ ਕੀਤੀ ਸੀ। ਉਹ ਏਥਨਿਕ ਕਮਿਊਟਿਨੀ ਦੀ ਕੜੀ ਵਜੋਂ ਕੰਮ ਕਰਦੀ ਹੈ ਅਤੇ ਸੱਭਿਆਚਾਰਕ ਵਖਰੇਵਿਆਂ ਵਾਲੇ ਲੋਕਾਂ ਨੂੰ ਇਕ ਵਧੀਆ ਮਾਹੌਲ ਸਿਰਜਣ ਵਿੱਚ ਯੋਗਦਾਨ ਪਾ ਰਹੀ ਹੈ।

ਉਸ ਨੇ ਵੱਖ-ਵੱਖ ਸੱਭਿਆਚਾਰਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਵਧਣ-ਫੁੱਲਣ ਅਤੇ ਸਫ਼ਲ ਹੋਣ ਲਈ ਸਮਰਥਨ ਦਿੱਤਾ ਅਤੇ ਸ਼ਕਤੀਕਰਨ ਲਈ ਅਣਗਿਣਤ ਸਮਾਂ ਸਮਰਪਤ ਕੀਤੇ ਹਨ। ਮੈਰੀਡੀਥ ਸੱਭਿਆਚਾਰਕ ਵਿਭਿੰਨਤਾ 'ਤੇ ਸ਼ੁਰੂਆਤੀ ਬਚਪਨ ਦੇ ਸਿਖਿਅਕਾਂ ਨੂੰ ਹੁਨਰਮੰਦ ਕਰਨ, ਪ੍ਰਵਾਸੀ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਹਾਇਕ ਵਾਤਾਵਰਣ ਬਣਾਉਣ ਲਈ ਵੀ ਭਾਵੁਕ ਹੈ। ਸੋ ਅਸਲ ਜ਼ਿੰਦਗੀ ਵਿੱਚ ਕੰਮ ਕਰਨ ਵਾਲੇ ਲੋਕ ਅਸਲ ਵਿੱਚ ਸਥਾਨਕ (ਲੋਕਲ) ਹੀਰੋ ਹੋ ਨਿਬੜਦੇ ਹਨ ਅਤੇ ਬੀਬਾ ਜਸਨੂਰ ਖ਼ਾਲਸਾ ਉਨ੍ਹਾਂ ਵਿਚੋਂ ਇੱਕ ਹੈ। ਉਨ੍ਹਾਂ ਨੂੰ ਬਹੁਤ-ਬਹੁਤ ਵਧਾਈਆਂ ਮਿਲ ਰਹੀਆਂ ਹਨ। ਵਰਣਯੋਗ ਹੈ ਕਿ ਜਸਨੂਰ ਕੌਰ ਖ਼ਾਲਸਾ ਦਾ ਸਿੱਖੀ ਪ੍ਰਤੀ ਲਗਾਅ ਇੱਕ ਅਸਚਰਜ ਘਟਨਾ ਬਾਅਦ 2012 ਦੇ ਵਿੱਚ ਸ਼ੁਰੂ ਹੁੰਦਾ ਹੈ ਅਤੇ ਉਹ ਕਈ ਵਾਰ ਇੰਡੀਆ ਜਾ ਕੇ ਗੁਰਦੁਆਰਾ ਸਾਹਿਬਾਨਾਂ ਅਤੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਦੀ ਹੈ। ਨਿਹੰਗ ਸਿੰਘਾਂ ਦਾ ਜੀਵਨ ਵੇਖਦੀ ਹੈ, ਫ਼ਤਹਿਗੜ੍ਹ ਸਾਹਿਬ ਛੋਟੇ ਸਾਹਿਬਜ਼ਾਦਿਆਂ ਦੇ ਅਸਥਾਨ ਨੂੰ ਵੇਖਦੀ ਹੈ ਅਤੇ ਇੱਕ ਦਿਨ ਮਨ ਐਸਾ ਪਸੀਜਦਾ ਹੈ ਕਿ ਇਹ ਜਨਵਰੀ 2020 ਦੇ ਵਿੱਚ ਅੰਮ੍ਰਿਤਸਰ ਸਾਹਿਬ ਜਾ ਕੇ ਅੰਮ੍ਰਿਤ ਛਕ ਪੂਰਨ ਸਿੱਖ ਬਣ ਜਾਂਦੀ ਹੈ। ਪੂਰਾ ਆਰਟੀਕਲ ਪੰਜਾਬੀ ਹੈਰਲਡ ਦੇ ਲੇਖ ਪਿਟਾਰੀ ਸੈਕਸ਼ਨ ਵਿੱਚ ਪੜ੍ਹਿਆ ਜਾ ਸਕਦਾ ਹੈ।

# ਪੰਜਾਬ ਦੀ ਧੀ ਨੇ ਵਧਾਇਆ ਮਾਣ, ਆਸਟ੍ਰੇਲੀਆ 'ਚ ਹੋਈਆਂ ਵਿਕਟੋਰੀਆ ਕੌਂਸਲ ਚੋਣਾਂ 'ਚ ਮਾਰੀ ਬਾਜ਼ੀ



ਮੋਗਾ/ਏ.ਟੀ.ਨਿਊਜ਼: ਮੋਗਾ ਜ਼ਿਲ੍ਹੇ ਦੇ ਪਿੰਡ ਕੋਕਰੀ ਕਲਾਂ ਦੀ ਜੰਮਪਲ ਤਲਵਿੰਦਰ ਕੌਰ 2010 ਤੋਂ ਆਸਟ੍ਰੇਲੀਆ ਵਿੱਚ ਰਹਿ ਰਹੀ ਹੈ ਤੇ ਉਸ ਦੇ ਦੋ ਬੱਚੇ ਹਨ। ਸਮਾਜ ਸੇਵਾ ਦੇ ਕੰਮਾਂ ਵਿੱਚ ਹਿੱਸਾ ਲੈਣ ਕਾਰਨ ਆਸਟ੍ਰੇਲੀਆ ਵਿੱਚ ਉਸ ਨੇ ਕਾਫ਼ੀ ਨਾਮ ਖੱਟਿਆ ਹੈ। ਪਿਛਲੇ ਦਿਨੀਂ ਵਿਕਟੋਰੀਆ ਦੇ ਵਿੱਚ ਹੋਈਆਂ ਕੌਂਸਲ ਦੀਆ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰ ਕੇ ਉਹ ਕੌਂਸਲ ਮੈਂਬਰ ਬਣ ਗਈ ਹੈ ਤੇ ਇਸ ਖ਼ਬਰ ਦੇ ਆਉਣ ਮਗਰੋਂ ਜ਼ਿਲ੍ਹੇ ਦੇ ਪਿੰਡ ਕੋਕਰੀ ਕਲਾਂ ਵਿੱਚ ਖੁਸ਼ੀ ਦਾ ਮਾਹੌਲ ਛਾਇਆ ਹੋਇਆ ਹੈ। ਉਸ ਦੇ ਘਰ ਵਿੱਚ ਲੋਕ ਵਧਾਈਆਂ ਦੇਣ ਪਹੁੰਚ ਰਹੇ ਹਨ ਅਤੇ ਪਰਿਵਾਰ ਦਾ ਮੂੰਹ ਮਿੱਠਾ ਕਰਵਾ ਰਹੇ ਹਨ। ਘਰ ਦੇ ਵਿੱਚ ਵਿਆਹ ਵਰਗਾ ਮਾਹੌਲ ਬਣਿਆ ਹੋਇਆ ਹੈ।

ਇਸ ਸਬੰਧੀ ਜਦੋਂ ਤਲਵਿੰਦਰ ਕੌਰ ਦੇ ਪਿੰਡ ਕੋਕਰੀ ਕਲਾਂ ਵਿੱਚ ਰਹਿੰਦੇ ਚਾਚੇ-ਤਾਇਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਤਲਵਿੰਦਰ ਕੌਰ ਵਿਆਹ ਦੇ ਚਾਰ ਸਾਲ ਬਾਅਦ 2010 ਤੋਂ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਆਸਟ੍ਰੇਲੀਆ ਰਹਿ ਰਹੀ ਹੈ। ਤਲਵਿੰਦਰ ਕੌਰ ਆਪਣੀ ਨੌਕਰੀ ਦੇ ਨਾਲ ਨਾਲ ਸਮਾਜ ਸੇਵਾ ਦੇ ਕੰਮ ਵੀ ਕਰਦੀ ਆ ਰਹੀ ਹੈ।

ਇਨ੍ਹਾਂ ਸਮਾਜ ਸੇਵਾ ਦੇ ਕੰਮਾਂ ਕਾਰਨ ਹੀ ਉਸ ਨੂੰ ਉੱਥੇ ਕਈ ਵਾਰ ਸਨਮਾਨਿਤ ਕੀਤਾ ਗਿਆ ਹੈ ਤੇ ਹੁਣ ਹੋਈਆਂ ਚੋਣਾਂ 'ਚ ਵੀ ਉਸ ਨੂੰ ਜਿੱਤ ਹਾਸਲ ਹੋਈ ਹੈ ਅਤੇ ਉਹ ਕੌਂਸਲ ਦੇ ਮੈਂਬਰ ਬਣ ਗਈ ਹੈ। ਉਸ ਨੇ ਅਜਿਹਾ ਕਰ ਕੇ ਉਸ ਨੇ ਆਪਣੇ ਪਰਿਵਾਰ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।

# ਭਾਰਤ ਵੱਲੋਂ ਜਲਵਾਯੂ ਵਿੱਤੀ ਸਮਝੌਤਾ ਰੱਦ

## ਇਤਰਾਜ਼ ਸੁਣੇ ਬਿਨਾਂ ਮਤਾ ਜਬਰੀ ਪਾਸ ਕਰਨ ਦਾ ਦੋਸ਼

ਬਾਕੂ (ਅਜ਼ਰਬਾਇਜਾਨ)/ਏ.ਟੀ.ਨਿਊਜ਼:ਭਾਰਤ ਨੇ 'ਗਲੋਬਲ ਸਾਊਥ' ਲਈ 300 ਅਰਬ ਡਾਲਰ ਦੇ ਮਾਮੂਲੀ ਜਲਵਾਯੂ ਵਿੱਤੀ ਪੈਕੇਜ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਸੀਓਪੀ-29 ਦੇ ਪ੍ਰਧਾਨ ਅਤੇ ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਦਫ਼ਤਰ ਨੇ ਉਸ ਨੂੰ ਆਪਣੇ ਇਤਰਾਜ਼ ਰੱਖਣ ਦਾ ਮੌਕਾ ਦਿੱਤੇ ਬਗੈਰ ਹੀ ਇਸ ਸਮਝੌਤੇ ਨੂੰ ਜਬਰੀ ਪਾਸ ਕਰਵਾ ਲਿਆ। 'ਗਲੋਬਲ ਸਾਊਥ' ਸ਼ਬਦ ਦੁਨੀਆਂ ਦੇ ਕਮਜ਼ੋਰ ਜਾਂ ਵਿਕਾਸਸ਼ੀਲ ਦੇਸ਼ਾਂ ਲਈ ਵਰਤਿਆ ਜਾਂਦਾ ਹੈ।

ਆਰਥਿਕ ਮਾਮਲਿਆਂ ਦੇ ਵਿਭਾਗ ਦੀ ਸਲਾਹਕਾਰ ਚਾਂਦਨੀ ਰੈਣਾ ਨੇ ਇੱਥੇ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ਦੇ ਸਮਾਪਤੀ ਸੈਸ਼ਨ ਵਿੱਚ ਭਾਰਤ ਵੱਲੋਂ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਇਸ ਮਤੇ ਨੂੰ ਅਪਣਾਉਣ ਦੀ ਪ੍ਰਕਿਰਿਆ ਨੂੰ 'ਅਢੁਕਵੀਂ' ਅਤੇ 'ਪਹਿਲਾਂ ਤੋਂ ਤੈਅ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸੰਯੁਕਤ ਰਾਸ਼ਟਰ ਪ੍ਰਣਾਲੀ ਵਿੱਚ ਭਰੋਸੇ ਦੀ ਚਿੰਤਾਜਨਕ ਘਾਟ ਨੂੰ ਦਰਸਾਉਂਦਾਹੈ। ਵਿਕਾਸਸ਼ੀਲ ਦੇਸ਼ਾਂ ਲਈ ਇਹ ਨਵਾਂ ਜਲਵਾਯੂ ਵਿੱਤੀ ਪੈਕੇਜ 2009 ਵਿੱਚ ਤੈਅ ਕੀਤੇ 100 ਅਰਬ ਅਮਰੀਕੀ ਡਾਲਰ ਦੇ ਟੀਚੇ ਦੀ ਥਾਂ 'ਤੇ ਲਵੇਗਾ। ਭਾਰਤ ਨੇ ਕਿਹਾ ਕਿ ਜਲਵਾਯੂ ਵਿੱਤੀ ਪੈਕੇਜ ਨੂੰ ਅਪਣਾਉਣ ਤੋਂ ਪਹਿਲਾਂ ਆਪਣੀ ਗੱਲ ਰੱਖਣ ਦੀ ਉਸ ਦੀ ਮੰਗ ਨਜ਼ਰਅੰਦਾਜ਼ ਕੀਤੀ ਗਈ। ਰੈਣਾ ਨੇ ਕਿਹਾ, "ਅਸੀਂ ਪ੍ਰਧਾਨ ਨੂੰ ਦੱਸਿਆ ਸੀ ਕਿ ਅਸੀਂ ਸਕੱਤਰੇਤ ਨੂੰ ਸੂਚਿਤ ਕਰ ਦਿੱਤਾ ਕਿ ਅਸੀਂ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਬਿਆਨ ਦੇਣਾ ਚਾਹੁੰਦੇ ਹਾਂ, ਪਰ ਇਹ ਸਾਰਿਆਂ ਨੇ ਦੇਖਿਆ ਕਿ ਇਹ ਸਭ ਕਿਵੇਂ ਪਹਿਲਾਂ ਤੋਂ ਤੈਅ ਕਰ ਕੇ ਕੀਤਾ ਗਿਆ। ਅਸੀਂ ਇਸ ਘਟਨਾ ਤੋਂ ਕਾਫ਼ੀ ਨਿਰਾਸ਼ ਹਾਂ।"

# ਦੁਨੀਆਂ ਦੀ ਸਭ ਤੋਂ ਨਿੱਕੀ ਅਤੇ ਲੰਬੀ ਔਰਤ ਨੇ ਕੀਤੀ ਮੁਲਾਕਾਤ



ਲੰਡਨ/ਏ.ਟੀ.ਨਿਊਜ਼: ਗਿਨੀਜ਼ ਬੁੱਕ ਵਰਲਡ ਰਿਕਾਰਡਜ਼ ਨੇ ਦੁਨੀਆ ਦੀ ਸਭ ਤੋਂ ਲੰਮੀ ਔਰਤ ਰੁਮੇਸਾ ਗੇਲਗੀ ਅਤੇ ਦੁਨੀਆ ਦੀ ਸਭ ਤੋਂ ਛੋਟੀ ਔਰਤ ਜੋਤੀ ਅਮਗੇ ਦੀਆਂ ਫੋਟੋਆਂ ਅਤੇ ਵੀਡੀਓਜ਼ ਸਾਂਝੀਆਂ ਕੀਤੀਆਂ ਹਨ। ਦੋਵਾਂ ਔਰਤਾਂ ਨੇ ਇਕੱਠੇ ਚਾਹ ਪੀਤੀ ਅਤੇ ਪਿੱਜ਼ਾ ਵੀ ਖਾਧਾ। ਦੁਨੀਆਂ ਦੀ ਸਭ ਤੋਂ ਲੰਬੀ ਔਰਤ ਰੁਮੇਸਾ ਗੇਲਗੀ ਤੁਰਕੀ ਦੀ ਰਹਿਣ ਵਾਲੀ ਹੈ। ਉਸ ਦਾ ਕੱਦ ਸੱਤ ਫੁੱਟ ਤੋਂ ਵੱਧ ਹੈ। ਵੀਵਰ ਸਿੰਡਰੋਮ ਨਾਮਕ ਇੱਕ ਦੁਰਲੱਭ ਸਥਿਤੀ ਕਾਰਨ ਗੇਲਗੀ ਦੀ ਉਚਾਈ 7 ਫੁੱਟ 0.7 ਇੰਚ (215.16 ਸੈਂਟੀਮੀਟਰ) ਤੱਕ ਪਹੁੰਚ ਗਈ ਹੈ। ਗੇਲਗੀ ਦਾ ਨਾਂ ਗਿਨੀਜ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਗੇਲਗੀ ਸਭ ਤੋਂ ਲੰਬੀ ਜੀਵਤ ਔਰਤ ਦਾ ਖਿਤਾਬ ਰੱਖਦੀ ਹੈ। 24 ਸਾਲਾ ਗੇਲਗੀ ਨੂੰ ਆਪਣੇ ਕੱਦ ਅਤੇ ਵੀਵਰ ਸਿੰਡਰੋਮ ਕਾਰਨ ਜ਼ਿਆਦਾਤਰ ਵ੍ਹੀਲਚੇਅਰ ਦੀ ਵਰਤੋਂ ਕਰਨੀ ਪੈਂਦੀ ਹੈ। ਉਹ ਜੈਨੇਟਿਕ ਡਿਸਆਰਡਰ ਤੋਂ ਪੀੜਤ ਹੈ। ਰੁਮੇਸਾ ਗੇਲਗੀ ਦਾ ਕਹਿਣਾ ਹੈ ਕਿ ਹਰ ਨੁਕਸਾਨ ਤੁਹਾਡੇ ਲਈ ਫ਼ਾਇਦੇ ਵਿੱਚ ਬਦਲ ਸਕਦਾ ਹੈ, ਇਸ ਲਈ ਆਪਣੇ ਆਪ ਨੂੰ ਸਵੀਕਾਰ ਕਰੋ ਕਿ ਤੁਸੀਂ ਕੌਣ ਹੋ। ਆਪਣੀ ਸਮਰੱਥਾ ਤੋਂ ਸੁਚੇਤ ਰਹੋ ਅਤੇ ਆਪਣਾ ਸਰਵੋਤਮ ਪ੍ਰਦਰਸ਼ਨ ਕਰੋ।

ਦੁਨੀਆਂ ਦੀ ਸਭ ਤੋਂ ਛੋਟੀ ਔਰਤ ਜੋਤੀ ਆਮਗੇ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਉਸ ਦਾ ਕੱਦ 2 ਫੁੱਟ ਯਾਨੀ 63 ਸੈਂਟੀਮੀਟਰ ਹੈ। ਉਸ ਨੂੰ ਐਕੌਂਡਰੋਪਲਾਸੀਆ ਨਾਂ ਦੀ ਬਿਮਾਰੀ ਹੈ, ਜੋ ਬੌਣੇਪਣ ਦਾ ਕਾਰਨ ਬਣਦੀ ਹੈ। ਉਸਦੇ ਪਰਿਵਾਰ ਵਿੱਚ ਮਾਤਾ, ਪਿਤਾ, ਭਰਾ ਅਤੇ ਭਰਜਾਈ ਸ਼ਾਮਲ ਹਨ। ਜੋਤੀ ਵਿਆਹ ਨਹੀਂ ਕਰਨਾ ਚਾਹੁੰਦੀ, ਉਹ ਕੁਆਰੀ ਹੀ ਰਹਿਣਾ ਚਾਹੁੰਦੀ ਹੈ। ਇੱਕ ਇੰਟਰਵਿਊ ਵਿੱਚ ਜੋਤੀ ਨੇ ਕਿਹਾ ਸੀ ਕਿ ਉਹ ਸਾਰਿਆਂ ਨੂੰ ਆਪਣਾ ਦੋਸਤ ਮੰਨਦੀ ਹੈ। ਉਹ ਆਜ਼ਾਦ ਹੋਣਾ ਚਾਹੁੰਦੀ ਹੈ। ਉਹ ਕਿਸੇ ਦਾ ਵੀ ਵਿਘਨ ਪਾਉਣਾ ਪਸੰਦ ਨਹੀਂ ਕਰਦੀ। ਜੋਤੀ ਦੇ 18ਵੇਂ ਜਨਮਦਿਨ ਤੋਂ ਬਾਅਦ, 16 ਦਸੰਬਰ 2011 ਨੂੰ, ਉਸਨੂੰ ਗਿੰਨੀਜ਼ ਦੁਆਰਾ ਦੁਨੀਆ ਦੀ ਸਭ ਤੋਂ ਛੋਟੀ ਜੀਵਿਤ ਔਰਤ ਘੋਸ਼ਿਤ ਕੀਤਾ ਗਿਆ ਸੀ। ਉਸ ਨੂੰ ਦੋ ਵਾਰ ਵਿਸ਼ਵ ਰਿਕਾਰਡ ਬੈਜ ਵੀ ਦਿੱਤਾ ਜਾ ਚੁੱਕਾ ਹੈ। ਜੋਤੀ ਦਾ ਜਨਮ 16 ਦਸੰਬਰ 1993 ਨੂੰ ਨਾਗਪੁਰ ਵਿੱਚ ਹੋਇਆ ਸੀ। ਜੋਤੀ ਦੀ ਬਿਮਾਰੀ ਹੱਡੀਆਂ ਵਿੱਚ ਐਕੌਂਡਰੋਪਲਾਸੀਆ ਹੈ, ਜਿਸ ਕਾਰਨ ਕੱਦ ਨਹੀਂ ਵਧਦਾ। ਬਚਪਨ 'ਚ ਜੋਤੀ ਨੂੰ ਉਸ ਦੇ ਛੋਟੇ ਕੱਦ ਕਾਰਨ ਬਹੁਤ ਤੰਗ ਕੀਤਾ ਜਾਂਦਾ ਸੀ ਪਰ ਫਿਰ ਇਹੀ ਕਮਜ਼ੋਰੀ ਉਸ ਦੀ ਤਾਕਤ ਬਣ ਗਈ।

ਜੋਤੀ ਇਸ ਸਮੇਂ ਐਕਟਿੰਗ ਅਤੇ ਮਾਡਲਿੰਗ ਕਰ ਰਹੀ ਹੈ। ਉਹ ਸ਼ੋਅ ਅਮਰੀਕਨ ਹੌਰਰ ਸਟੋਰੀ ਵਿੱਚ ਵੀ ਨਜ਼ਰ ਆ ਚੁੱਕੀ ਹੈ। ਜੋਤੀ ਦਾ ਆਪਣਾ ਯੂਟਿਊਬ ਚੈਨਲ ਵੀ ਹੈ। ਉਹ ਅਕਸਰ ਚੈਨਲ 'ਤੇ ਆਪਣੀ ਜ਼ਿੰਦਗੀ ਨਾਲ ਸਬੰਧਿਤ ਕੁਝ ਵੀਡੀਓਜ਼ ਅਪਲੋਡ ਕਰਦੀ ਰਹਿੰਦੀ ਹੈ। ਜੋਤੀ ਆਮਗੇ ਨੇ ਬਿੱਗ ਬੌਸ ਵਿੱਚ ਪ੍ਰਸ਼ੰਸਾ ਜਿੱਤੀ। ਜੋਤੀ ਨੇ ਬਿੱਗ ਬੌਸ 'ਚ ਮਹਿਮਾਨ ਦੇ ਤੌਰ 'ਤੇ ਐਂਟਰੀ ਕੀਤੀ ਸੀ ਅਤੇ 10 ਦਿਨ ਤੱਕ ਘਰ ਦੇ ਅੰਦਰ ਰਹੀ ਸੀ।

ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਵਿੱਚ ਹੋਇਆ ਖੁਲਾਸਾ

# ਜੋਅ ਬਾਇਡੇਨ ਪ੍ਰਸ਼ਾਸਨ ਨੇ ਰੂਸ ਖਿਲਾਫ਼ ਜੰਗ 'ਚ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਦੇਣ ਦੀ ਬਣਾਈ ਯੋਜਨਾ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਜੋਅ ਬਾਇਡੇਨ ਪ੍ਰਸ਼ਾਸਨ ਨੇ ਰੂਸ ਦੇ ਖ਼ਿਲਾਫ਼ ਚੱਲ ਰਹੀ ਜੰਗ 'ਚ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਮੁਹੱਈਆ ਕਰਵਾਉਣ ਦੀ ਯੋਜਨਾ ਬਣਾਈ ਹੈ, ਤਾਂ ਕਿ ਯੂਕ੍ਰੇਨ ਆਪਣੀ ਸੁਰੱਖਿਆ ਯਕੀਨੀ ਬਣਾ ਸਕੇ ਅਤੇ ਰੂਸ ਦੇ ਹਮਲੇ ਦਾ ਸਾਹਮਣਾ ਕਰ ਸਕੇ। ਇਹ ਖੁਲਾਸਾ ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਵਿੱਚ ਹੋਇਆ ਹੈ, ਜੋ ਅਮਰੀਕੀ ਅਧਿਕਾਰੀਆਂ ਦੇ ਬਿਆਨਾਂ ਅਤੇ ਇਸ ਮੁੱਦੇ ਨਾਲ ਜੁੜੇ ਮਾਹਿਰਾਂ ਦੇ ਵਿਸ਼ਲੇਸ਼ਣ 'ਤੇ ਆਧਾਰਿਤ ਹੈ।



**ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਦੇਣ ਦੀ ਯੋਜਨਾ ਦਾ ਕਾਰਨ**

ਰਿਪੋਰਟ ਮੁਤਾਬਕ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਦੇਣ ਦੀ ਯੋਜਨਾ ਦਾ ਉਦੇਸ਼ ਯੂਕ੍ਰੇਨ ਨੂੰ ਰੂਸੀ ਫੌਜੀ ਹਮਲਿਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾਉਣਾ ਹੈ। ਯੂਕ੍ਰੇਨ ਨੂੰ ਪੱਛਮੀ ਦੇਸ਼ਾਂ ਵੱਲੋਂ ਪਹਿਲਾਂ ਹੀ ਫੌਜੀ ਸਹਾਇਤਾ ਦਿੱਤੀ ਜਾਂਦੀ ਰਹੀ ਹੈ, ਪਰ ਹੁਣ ਅਮਰੀਕਾ ਅਤੇ ਹੋਰ ਪੱਛਮੀ ਦੇਸ਼ ਇਸ ਸੰਭਾਵਨਾ 'ਤੇ ਵਿਚਾਰ ਕਰ ਰਹੇ ਹਨ ਕਿ ਰੂਸ ਦੇ ਪਰਮਾਣੂ ਹਥਿਆਰਾਂ ਦੇ ਖ਼ਤਰੇ ਅਤੇ ਰੂਸ ਦੀਆਂ ਹਮਲਾਵਰ ਅੰਦਰੂਨੀ ਨੀਤੀਆਂ ਯੂਕ੍ਰੇਨ ਦੀ ਸੁਰੱਖਿਆ ਲਈ ਹੋਰ ਜ਼ੋਰਦਾਰ ਕਦਮ ਚੁੱਕ ਸਕਦੀਆਂ ਹਨ। ਅਮਰੀਕਾ ਵੱਲੋਂ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਮੁਹੱਈਆ ਕਰਾਉਣ ਦੀ ਸੰਭਾਵਨਾ ਦੀ ਚਰਚਾ ਰੂਸ ਵੱਲੋਂ ਯੂਕ੍ਰੇਨ ਵਿਰੁੱਧ ਆਪਣੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਦੇਣ ਅਤੇ ਪ੍ਰਮਾਣੂ ਯੁੱਧ ਦੀ ਸੰਭਾਵਨਾ ਨੂੰ ਵਧਾਉਣ ਵਾਲੇ ਬਿਆਨਾਂ ਤੋਂ ਬਾਅਦ ਸ਼ੁਰੂ ਹੋਈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਯੂਕ੍ਰੇਨ ਨੂੰ ਪ੍ਰਮਾਣੂ ਸਮਰੱਥਾ ਮਿਲਦੀ ਹੈ ਤਾਂ ਇਹ ਰੂਸ ਨੂੰ ਸਖ਼ਤ ਸੰਦੇਸ਼ ਦੇਵੇਗਾ ਕਿ ਯੂਕ੍ਰੇਨ ਨੂੰ ਕਿਸੇ ਵੀ ਕੀਮਤ 'ਤੇ ਨਕਾਰਿਆ ਨਹੀਂ ਜਾ ਸਕਦਾ ਅਤੇ ਨਾ ਹੀ ਉਸ ਨੂੰ ਯੂਕ੍ਰੇਨ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਕੀ ਪ੍ਰਮਾਣੂ ਹਥਿਆਰ ਪਹੁੰਚਾਉਣਾ ਸੰਭਵ ਹੈ ?**

ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਪ੍ਰਦਾਨ ਕਰਨਾ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਗੁੰਝਲਦਾਰ ਮਾਮਲਾ ਹੈ, ਕਿਉਂਕਿ ਯੂਕ੍ਰੇਨ ਨੇ 1994 ਵਿੱਚ ਬੁਡਾਪੇਸਟ ਮੈਮੋਰੰਡਮ ਦੇ ਤਹਿਤ ਆਪਣੇ ਪ੍ਰਮਾਣੂ ਹਥਿਆਰਾਂ ਨੂੰ ਛੱਡ ਦਿੱਤਾ ਸੀ। ਉਸ ਸਮੇਂ ਯੂਕ੍ਰੇਨ ਨੇ ਆਪਣੀ ਆਜ਼ਾਦੀ ਅਤੇ ਸੁਰੱਖਿਆ ਦੀ ਗਰੰਟੀ ਲਈ ਰੂਸ, ਅਮਰੀਕਾ ਅਤੇ ਬ੍ਰਿਟੇਨ ਨਾਲ ਸਮਝੌਤਾ ਕੀਤਾ ਸੀ। ਹਾਲਾਂਕਿ ਮੌਜੂਦਾ ਸਥਿਤੀ ਵਿੱਚ ਸਵਾਲ ਇਹ ਉੱਠਦਾ ਹੈ ਕਿ ਕੀ ਅਮਰੀਕਾ ਇਸ ਸਮਝੌਤੇ ਨੂੰ ਤੋੜਨ ਲਈ ਤਿਆਰ ਹੋਵੇਗਾ ਅਤੇ ਕੀ ਯੂਕ੍ਰੇਨ ਨੂੰ ਪਰਮਾਣੂ ਹਥਿਆਰ ਦੇਣਾ ਇਸ ਦਾ ਸਥਾਈ ਹੱਲ ਹੋਵੇਗਾ।

**ਰੂਸ ਦਾ ਜਵਾਬ ਅਤੇ ਗਲੋਬਲ ਪ੍ਰਭਾਵ**

ਰੂਸ ਨੇ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਦੇਣ ਦੇ ਵਿਚਾਰ 'ਤੇ ਗੰਭੀਰ ਇਤਰਾਜ਼ ਪ੍ਰਗਟਾਇਆ ਹੈ। ਰੂਸੀ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਮੁਹੱਈਆ ਕਰਵਾਏ ਗਏ ਤਾਂ ਇਹ ਵਿਸ਼ਵ ਸ਼ਾਂਤੀ ਲਈ ਖਤਰਨਾਕ ਕਦਮ ਹੋਵੇਗਾ ਅਤੇ ਇਸ ਦੇ ਨਤੀਜੇ ਵਜੋਂ ਪ੍ਰਮਾਣੂ ਯੁੱਧ ਹੋ ਸਕਦਾ ਹੈ। ਰੂਸ ਆਪਣੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਲੈ ਕੇ ਪਹਿਲਾਂ ਹੀ ਧਮਕੀਆਂ ਦੇ ਚੁੱਕਾ ਹੈ ਅਤੇ ਅਜਿਹੇ ਕਦਮ ਨਾਲ ਸਥਿਤੀ ਹੋਰ ਵੀ ਤਣਾਅਪੂਰਨ ਹੋ ਸਕਦੀ ਹੈ, ਜੇਕਰ ਯੂਕ੍ਰੇਨ ਨੂੰ ਪ੍ਰਮਾਣੂ ਹਥਿਆਰ ਦਿੱਤੇ ਜਾਂਦੇ ਹਨ, ਤਾਂ ਇਹ ਪੂਰੀ ਦੁਨੀਆਂ ਵਿੱਚ ਪ੍ਰਮਾਣੂ ਅਪ੍ਰਸਾਰ ਨੂੰ ਚੁਣੌਤੀ ਦੇ ਸਕਦਾ ਹੈ। ਸੰਧੀ ਦੇ ਸਿਧਾਂਤ ਅਤੇ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਇੱਕ ਨਵੀਂ ਪ੍ਰਮਾਣੂ ਦੌੜ ਦੀ ਸ਼ੁਰੂਆਤ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਇਲਾਵਾ, ਇਹ ਰੂਸ ਅਤੇ ਅਮਰੀਕਾ ਵਿਚਕਾਰ ਪਹਿਲਾਂ ਤੋਂ ਤਣਾਅਪੂਰਨ ਸਬੰਧਾਂ ਨੂੰ ਹੋਰ ਵਧਾ ਸਕਦਾ ਹੈ, ਦੁਨੀਆਂ ਭਰ ਦੀ ਸੁਰੱਖਿਆ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਸਕਦਾ ਹੈ।

**ਪ੍ਰਮਾਣੂ ਹਥਿਆਰਾਂ ਤੋਂ ਇਲਾਵਾ, ਯੂਕ੍ਰੇਨ ਨੂੰ ਹੋਰ ਕਿਸ ਤਰ੍ਹਾਂ ਦੀ ਮਦਦ ਮਿਲ ਰਹੀ ਹੈ ?**

ਰਿਪੋਰਟ ਦੇ ਅਨੁਸਾਰ, ਜੋਅ ਬਾਇਡੇਨ ਪ੍ਰਸ਼ਾਸਨ ਯੂਕ੍ਰੇਨ ਨੂੰ ਹੋਰ ਫ਼ੌਜੀ ਸਹਾਇਤਾ ਪ੍ਰਦਾਨ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਵਿੱਚ ਅਤਿ-ਆਧੁਨਿਕ ਰੱਖਿਆ ਪ੍ਰਣਾਲੀਆਂ, ਹਵਾਈ ਹਮਲਿਆਂ ਤੋਂ ਬਚਾਅ ਲਈ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਅਤੇ ਜੰਗੀ ਟੈਂਕ ਸ਼ਾਮਲ ਹਨ। ਰੂਸ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਇਹ ਹਥਿਆਰ ਯੂਕ੍ਰੇਨ ਨੂੰ ਦਿੱਤੇ ਜਾ ਰਹੇ ਹਨ। ਇਸ ਤੋਂ ਇਲਾਵਾ, ਨਾਟੋ ਅਤੇ ਯੂਰਪੀਅਨ ਦੇਸ਼ਾਂ ਨੇ ਵੀ ਯੂਕ੍ਰੇਨ ਨੂੰ ਆਰਥਿਕ ਅਤੇ ਫ਼ੌਜੀ ਸਹਾਇਤਾ ਪ੍ਰਦਾਨ ਕੀਤੀ ਹੈ, ਤਾਂ ਜੋ ਰੂਸ ਵਿਰੁੱਧ ਜੰਗ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ। ਜੋਅ ਬਾਇਡੇਨ ਪ੍ਰਸ਼ਾਸਨ ਦਾ ਇਹ ਵੀ ਕਹਿਣਾ ਹੈ ਕਿ ਯੂਕ੍ਰੇਨ ਨੂੰ ਦਿੱਤੀ ਜਾ ਰਹੀ ਸਹਾਇਤਾ ਨਾ ਸਿਰਫ਼ ਉਸ ਨੂੰ ਜੰਗ ਵਿੱਚ ਮਦਦ ਕਰਨ ਲਈ ਹੈ, ਸਗੋਂ ਇਹ ਰੂਸ ਦੇ ਹਮਲੇ ਦਾ ਸ਼ਿਕਾਰ ਹੋਏ ਯੂਕ੍ਰੇਨ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਵੀ ਹੈ।

**ਜੋਅ ਬਾਇਡੇਨ ਪ੍ਰਸ਼ਾਸਨ ਦੀਆਂ ਯੋਜਨਾਵਾਂ ਅਤੇ ਅੰਤਰਰਾਸ਼ਟਰੀ ਪ੍ਰਤੀਕਿਰਿਆ**

ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਅਜੇ ਤੱਕ ਇਸ ਯੋਜਨਾ ਬਾਰੇ ਜਨਤਕ ਤੌਰ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ, ਪਰ ਰਿਪੋਰਟਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੇ ਕੁਝ ਉੱਚ ਪੱਧਰੀ ਅਧਿਕਾਰੀਆਂ ਨੇ ਇਸ ਵਿਸ਼ੇ 'ਤੇ ਗੰਭੀਰ ਚਰਚਾ ਕੀਤੀ ਹੈ। ਜੇਕਰ ਇਹ ਯੋਜਨਾ ਲਾਗੂ ਹੁੰਦੀ ਹੈ, ਤਾਂ ਇਸ ਦੇ ਵਿਸ਼ਵ ਰਾਜਨੀਤੀ ਅਤੇ ਸੁਰੱਖਿਆ ਲਈ ਵੱਡੇ ਪ੍ਰਭਾਵ ਪੈ ਸਕਦੇ ਹਨ। ਸੰਯੁਕਤ ਰਾਸ਼ਟਰ ਅਤੇ ਹੋਰ ਆਲਮੀ ਸੰਗਠਨਾਂ ਨੇ ਵੀ ਇਸ ਯੋਜਨਾ 'ਤੇ ਚਿੰਤਾ ਜ਼ਾਹਰ ਕੀਤੀ ਹੈ ਕਿਉਂਕਿ ਪ੍ਰਮਾਣੂ ਹਥਿਆਰਾਂ ਦੇ ਫੈਲਾਅ ਨਾਲ ਅੰਤਰਰਾਸ਼ਟਰੀ ਸੁਰੱਖਿਆ ਲਈ ਵੱਡਾ ਖਤਰਾ ਪੈਦਾ ਹੋ ਸਕਦਾ ਹੈ। ਹਾਲਾਂਕਿ, ਅਮਰੀਕਾ ਦਾ ਮੰਨਣਾ ਹੈ ਕਿ ਰੂਸੀ ਹਮਲੇ ਦੇ ਖ਼ਿਲਾਫ਼ ਯੂਕ੍ਰੇਨ ਨੂੰ ਮਜ਼ਬੂਤ ਕਰਨ ਲਈ ਇਹ ਜ਼ਰੂਰੀ ਹੈ ਅਤੇ ਭਾਵੇਂ ਇਹ ਕਦਮ ਦੁਨੀਆ ਨੂੰ ਪ੍ਰਮਾਣੂ ਯੁੱਧ ਦੇ ਕੰਢੇ 'ਤੇ ਲਿਆਉਂਦਾ ਹੈ, ਯੂਕ੍ਰੇਨ ਨੂੰ ਬਚਾਉਣ ਲਈ ਇਹ ਜ਼ਰੂਰੀ ਹੋ ਸਕਦਾ ਹੈ।

# ਵੱਡੀ ਜੰਗ ਦੀਆਂ ਸੰਭਾਵਨਾਵਾਂ ਸਬੰਧੀ ਲੋਕਾਂ ਦੀ ਸੁਰੱਖਿਆ ਲਈ ਜਰਮਨੀ ਨੇ ਤਿਆਰ ਕੀਤਾ 'ਬੰਕਰ ਪਲਾਨ'

ਰੂਸ-ਯੂਕ੍ਰੇਨ ਜੰਗ ਅਤੇ ਵਧਦੇ ਅੰਤਰਰਾਸ਼ਟਰੀ ਤਣਾਅ ਦਰਮਿਆਨ ਇੱਕ ਵੱਡੀ ਜੰਗ ਦੀ ਸੰਭਾਵਨਾ ਦੇ ਮੱਦੇਨਜ਼ਰ ਜਰਮਨੀ ਨੇ ਆਪਣੇ ਲੋਕਾਂ ਦੇ ਬਚਾਅ ਲਈ 'ਬੰਕਰ ਪਲਾਨ' ਤਿਆਰ ਕੀਤਾ ਹੈ। ਇਸ ਤਹਿਤ ਜਰਮਨ ਸਰਕਾਰ ਨੇ ਜਨਤਕ ਅਤੇ ਨਿੱਜੀ ਇਮਾਰਤਾਂ ਨੂੰ ਸ਼ੈਲਟਰਾਂ 'ਚ ਤਬਦੀਲ ਕਰਨ ਦੀ ਯੋਜਨਾ ਬਣਾਈ ਹੈ। ਇੱਕ ਰਿਪੋਰਟ ਮੁਤਾਬਕ ਇਨ੍ਹਾਂ 'ਚ ਬੇਸਮੈਂਟ, ਅੰਡਰਗਰਾਊਂਡ ਪਾਰਕਿੰਗ ਅਤੇ ਮੈਟਰੋ ਸਟੇਸ਼ਨ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਇੱਕ ਮੋਬਾਈਲ ਐਪ ਤਿਆਰ ਕੀਤੀ ਜਾਵੇਗੀ, ਜੋ ਲੋਕਾਂ ਨੂੰ ਨੇੜਲੇ ਸ਼ੈਲਟਰਾਂ ਦਾ ਪਤਾ ਦੱਸੇਗੀ। ਤੁਹਾਨੂੰ ਦੱਸ ਦੇਈਏ ਕਿ ਨਾਟੋ ਦੇਸ਼ਾਂ ਨੇ ਰੂਸ ਖ਼ਿਲਾਫ਼ ਜੰਗ ਲੜਨ ਦੀ ਤਿਆਰੀ ਕਰ ਲਈ ਹੈ ਅਤੇ ਯੂਕ੍ਰੇਨ ਨੂੰ ਮਿਲਟਰੀ ਮਦਦ ਵਧਾਉਣ ਦਾ ਵਾਅਦਾ ਕੀਤਾ ਹੈ।




ਲਗਭਗ 5 ਲੱਖ ਲੋਕਾਂ ਲਈ 579 ਜਨਤਕ ਸ਼ੈਲਟਰ

ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਸਮੇਂ ਜਰਮਨੀ ਵਿੱਚ 579 ਜਨਤਕ ਸ਼ੈਲਟਰ ਹਨ, ਜਿਨ੍ਹਾਂ 'ਚ 4.8 ਲੱਖ ਲੋਕ ਰਹਿ ਸਕਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਮੌਜੂਦਾ ਖਤਰਿਆਂ ਨੂੰ ਦੇਖਦੇ ਹੋਏ ਇਹ ਗਿਣਤੀ ਕਾਫੀ ਘੱਟ ਹੈ। ਸਿਵਲ ਡਿਫੈਂਸ ਗਰੁੱਪ 5,000 ਲੋਕਾਂ ਦੇ ਰਹਿਣ ਲਈ ਨਵੇਂ ਵੱਡੇ ਸ਼ੈਲਟਰ ਬਣਾਏ ਜਾਣ ਦੀ ਮੰਗ ਕਰ ਰਹੇ ਹਨ। ਰੂਸ ਨਾਲ ਜੰਗ ਨੂੰ ਲੈ ਕੇ ਜਰਮਨੀ ਦੇ ਲੋਕਾਂ 'ਚ ਚਿੰਤਾ ਵਧ ਗਈ ਹੈ। ਦੱਸਿਆ ਜਾ ਰਿਹਾ ਹੈ ਕਿ 'ਆਪ੍ਰੇਸ਼ਨ ਪਲਾਨ ਜਰਮਨੀ' ਤਹਿਤ ਸੰਘੀ ਸਰਕਾਰ, ਰਾਜ ਅਧਿਕਾਰੀ, ਫੌਜ ਅਤੇ ਐਮਰਜੈਂਸੀ ਸੇਵਾਵਾਂ ਸੰਕਟ ਸਮੇਂ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰ ਰਹੀਆਂ ਹਨ। ਜਰਮਨੀ ਨੇ ਵੀ ਹਾਲ ਹੀ 'ਚ ਆਪਣੀ ਫੌਜੀ ਤਾਕਤ ਵਧਾਉਣ ਲਈ ਕਈ ਕਦਮ ਚੁੱਕੇ ਹਨ। ਦਰਅਸਲ ਫਰਵਰੀ 2022 'ਚ ਯੂਕ੍ਰੇਨ 'ਤੇ ਰੂਸੀ ਹਮਲੇ ਤੋਂ ਬਾਅਦ ਜਰਮਨ ਨੇਤਾ ਆਮ ਲੋਕਾਂ ਨੂੰ ਖਤਰਨਾਕ ਸਮੇਂ ਲਈ ਤਿਆਰ ਕਰ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਜਰਮਨ ਆਰਮੀ ਯਾਨੀ ਬੁੰਡੇਸ਼ਵੇਹਰ ਨੂੰ ਸੁਰੱਖਿਆ ਦੇ ਕੰਮ ਲਈ ਸਮਰੱਥ ਨਹੀਂ ਮੰਨਿਆ ਜਾਂਦਾ ਹੈ। ਜਰਮਨ ਫ਼ੌਜ ਦੇ ਸੀਨੀਅਰ ਅਫ਼ਸਰਾਂ ਦਾ ਕਹਿਣਾ ਹੈ ਕਿ ਜਰਮਨ ਫ਼ੌਜ ਨਾ ਤਾਂ ਨਾਟੋ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰ ਸਕੇਗੀ ਅਤੇ ਨਾ ਹੀ ਜਰਮਨੀ ਦੀ ਖੁਦ ਸੁਰੱਖਿਆ ਕਰ ਸਕੇਗੀ।

ਨਾਟੋ ਦੇਸ਼ਾਂ ਦੇ ਰੱਖਿਆ ਮੰਤਰੀਆਂ ਨੇ ਬਰਲਿਨ 'ਚ ਜੰਗ ਬਾਰੇ ਕੀਤਾ ਵਿਚਾਰ-ਵਟਾਂਦਰਾ :

ਯੂਰਪੀ ਰੱਖਿਆ ਸਮਰਥਾਵਾਂ ਨੂੰ ਲੈ ਕੇ ਬਰਲਿਨ 'ਚ ਜਰਮਨੀ, ਫਰਾਂਸ, ਪੋਲੈਂਡ, ਇਟਲੀ ਅਤੇ ਬ੍ਰਿਟੇਨ ਦੇ ਰੱਖਿਆ ਮੰਤਰੀਆਂ ਦੀ ਅਹਿਮ ਬੈਠਕ ਹੋਈ ਹੈ। ਇਸ ਬੈਠਕ 'ਚ ਯੂਕ੍ਰੇਨ ਨੂੰ ਹੋਰ ਫ਼ੌਜੀ ਮਦਦ ਦੇਣ 'ਤੇ ਸਹਿਮਤੀ ਬਣੀ। ਜਰਮਨੀ ਦੇ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਦਾ ਹਵਾਲਾ ਦਿੰਦੇ ਹੋਏ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਾਨੂੰ ਯੂਕ੍ਰੇਨ ਨੂੰ ਅਜਿਹੀ ਤਾਕਤਵਰ ਸਥਿਤੀ 'ਚ ਰੱਖਣਾ ਹੋਵੇਗਾ ਕਿ ਉਹ ਮਜ਼ਬੂਤੀ ਨਾਲ ਕੰਮ ਕਰ ਸਕੇ। ਉਨ੍ਹਾਂ ਨੇ ਨਾਟੋ ਦੇਸ਼ਾਂ ਵਿਚਾਲੇ ਬਿਹਤਰ ਤਾਲਮੇਲ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਪੋਲਿਸ਼ ਰੱਖਿਆ ਮੰਤਰੀ ਵਾਡਚਿਸਲਾਵ ਕੋਜ਼ਨਿਆਕ ਕਾਮਿਸ਼ ਨੇ ਯੂਰਪੀਅਨ ਰੱਖਿਆ ਖਰਚ ਵਧਾਉਣ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਯੂਰਪ ਨੂੰ ਆਪਣੇ ਯਤਨਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਪੋਲੈਂਡ ਇਸ ਸਾਲ ਆਪਣੀ ਜੀ.ਡੀ.ਪੀ. ਦਾ 4.2 ਫੀਸਦੀ ਰੱਖਿਆ 'ਤੇ ਖਰਚ ਕਰੇਗਾ, ਜਿਸ ਨੂੰ ਅਗਲੇ ਸਾਲ ਵਧਾ ਕੇ 4.7 ਫੀਸਦੀ ਕਰ ਦਿੱਤਾ ਜਾਵੇਗਾ। ਫਰਾਂਸ ਦੇ ਰੱਖਿਆ ਮੰਤਰੀ ਸੇਬੇਸਟੀਅਨ ਲੇਕੁਰੇਨ ਨੇ ਐਲਾਨ ਕੀਤਾ ਕਿ ਫਰਾਂਸ ਆਉਣ ਵਾਲੇ ਹਫ਼ਤਿਆਂ 'ਚ ਯੂਕ੍ਰੇਨ ਨੂੰ ਮਿਸਟ੍ਰਾਲ ਹਵਾਈ ਰੱਖਿਆ ਪ੍ਰਣਾਲੀਆਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਯੂਰਪ ਨੂੰ ਸੁਰੱਖਿਆ ਲਈ ਲੰਬੀ ਮਿਆਦ ਦੀ ਯੋਜਨਾ ਬਣਾਉਣੀ ਪਵੇਗੀ।

# ਰੁਕ ਜਾਵੇਗੀ ਜੰਗ ! ਇਜ਼ਰਾਈਲ ਅਤੇ ਹਿਜ਼ਬੁੱਲਾ ਜੰਗਬੰਦੀ ਲਈ ਹੋਏ ਸਹਿਮਤ



ਯੇਰੂਸ਼ਲਮ - ਇਜ਼ਰਾਈਲ ਨੇ ਲੇਬਨਾਨ ਦੇ ਹਿਜ਼ਬੁੱਲਾ ਨਾਲ ਅਮਰੀਕਾ ਦੀ ਵਿਚੋਲਗੀ ਵਾਲੇ ਜੰਗਬੰਦੀ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਗਾਜ਼ਾ ਪੱਟੀ ਵਿੱਚ ਕਰੀਬ 14 ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਖਤਮ ਹੋ ਜਾਵੇਗੀ। ਇਜ਼ਰਾਈਲ ਅਤੇ ਹਿਜ਼ਬੁੱਲਾ ਮੰਗਲਵਾਰ ਨੂੰ ਜੰਗਬੰਦੀ ਲਈ ਸਹਿਮਤ ਹੋਏ, ਜੋ ਕਿ 7 ਅਕਤੂਬਰ 2023 ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਤੋਂ ਸ਼ੁਰੂ ਹੋਈ ਖੇਤਰ-ਵਿਆਪੀ ਅਸ਼ਾਂਤੀ ਨੂੰ ਖਤਮ ਕਰਨ ਵੱਲ ਪਹਿਲਾ ਵੱਡਾ ਕਦਮ ਹੋਵੇਗਾ।

ਪਰ ਇਹ ਗਾਜ਼ਾ ਵਿੱਚ ਵਿਨਾਸ਼ਕਾਰੀ ਸੰਘਰਸ਼ ਨਾਲ ਸਬੰਧਤ ਨਹੀਂ ਹੈ, ਜਿੱਥੇ ਹਮਾਸ ਨੇ ਅਜੇ ਵੀ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾਇਆ ਹੋਇਆ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਦਫ਼ਤਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਪੇਸ਼ ਜੰਗਬੰਦੀ ਪ੍ਰਸਤਾਵ ਨੂੰ ਦੇਸ਼ ਦੇ ਸੁਰੱਖਿਆ ਮੰਤਰੀ ਮੰਡਲ ਨੇ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਇਸ ਸਮਝੌਤੇ ਨੂੰ 'ਚੰਗੀ ਖ਼ਬਰ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਗਾਜ਼ਾ ਵਿੱਚ ਜੰਗਬੰਦੀ ਲਈ ਨਵੇਂ ਸਿਰੇ ਤੋਂ ਯਤਨ ਕਰੇਗਾ।

ਨੇਤਨਯਾਹੂ ਨੇ ਆਪਣੇ ਟੈਲੀਵਿਜ਼ਨ ਸੰਬੋਧਨ ਤੋਂ ਬਾਅਦ ਕੈਬਨਿਟ ਮੰਤਰੀਆਂ ਨੂੰ ਜੰਗਬੰਦੀ ਦਾ ਪ੍ਰਸਤਾਵ ਪੇਸ਼ ਕੀਤਾ, ਜਿਸ ਵਿੱਚ ਉਨ੍ਹਾਂ ਨੇ ਪੂਰੇ ਖੇਤਰ ਵਿੱਚ ਇਜ਼ਰਾਈਲ ਦੇ ਦੁਸ਼ਮਣਾਂ ਵਿਰੁੱਧ ਕਾਰਵਾਈਆਂ ਵਿੱਚ ਦੇਸ਼ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਦਿੱਤਾ। ਉਨ੍ਹਾਂ ਕਿਹਾ ਕਿ ਹਿਜ਼ਬੁੱਲਾ ਨਾਲ ਜੰਗਬੰਦੀ ਗਾਜ਼ਾ ਵਿੱਚ ਹਮਾਸ ਨੂੰ ਹੋਰ ਅਲੱਗ-ਥਲੱਗ ਕਰ ਦੇਵੇਗੀ, ਜਿਸ ਨਾਲ ਇਜ਼ਰਾਈਲ ਆਪਣੇ ਮੁੱਖ ਦੁਸ਼ਮਣ ਈਰਾਨ 'ਤੇ ਧਿਆਨ ਕੇਂਦਰਿਤ ਕਰ ਸਕੇਗਾ।

# ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਨੇ ਨੇਤਨਯਾਹੂ ਤੇ ਗੈਲੈਂਟ ’ਤੇ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਲਗਾਇਆ ਦੋਸ਼

## ਨੇਤਨਯਾਹੂ ਨੇ ਇਸ ਫ਼ੈਸਲੇ ਨੂੰ ‘ਯਹੂਦੀ ਵਿਰੋਧੀ’ ਕਿਹਾ

ਹੇਗ ਵਿੱਚ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਨੇ ਨੇਤਨਯਾਹੂ, ਇਜ਼ਰਾਈਲ ਦੇ ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਯੋਆਵ ਗਲੈਂਟ ਅਤੇ ਹਮਾਸ ਦੇ ਇੱਕ ਅਧਿਕਾਰੀ ਮੁਹੰਮਦ ਦੀਆਬ ਇਬਰਾਹਿਮ ਅਲ-ਮਸਰੀ ਦੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹੈ।

ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਗੈਲੈਂਟ ’ਤੇ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਦੋਸ਼ ਲਗਾਇਆ ਹੈ। ਅਦਾਲਤ ਨੇ ਕਿਹਾ ਕਿ ਉਨ੍ਹਾਂ ’ਤੇ ਹੱਤਿਆ, ਤਸ਼ੱਦਦ ਅਤੇ ਅਣਮਨੁੱਖੀ ਕਾਰਵਾਈਆਂ ਦੇ ਦੋਸ਼ ਹਨ।

ਅਦਾਲਤ ਨੇ ਦੋਸ਼ ਲਾਇਆ ਹੈ ਕਿ ਇਜ਼ਰਾਈਲ ਨੇ ਗਾਜ਼ਾ ਵਿੱਚ ਨਾਗਰਿਕਾਂ ਲਈ ਭੋਜਨ, ਪਾਣੀ ਅਤੇ ਡਾਕਟਰੀ ਸਹਾਇਤਾ ਵਰਗੀਆਂ ਜ਼ਰੂਰੀ ਸਪਲਾਈਆਂ ਨੂੰ ਸੀਮਤ ਕਰ ਦਿੱਤਾ ਹੈ, ਜਿਸ ਕਾਰਨ ਬੱਚਿਆਂ ਦੀ ਮੌਤ ਹੋ ਗਈ ਸੀ ਅਤੇ ਕਈ ਲੋਕ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਹੇਗ ਸਥਿਤ ਆਈ.ਸੀ.ਸੀ. ਨੇ ਇੱਕ ਬਿਆਨ ਵਿੱਚ ਕਿਹਾ ਕਿ ਚੈਂਬਰ ਨੇ ਦੋਵਾਂ ਵਿਅਕਤੀਆਂ ਦੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਰੱਖਿਆ ਮੰਤਰੀ ਯੋਵ ਗੈਲੈਂਟ ’ਤੇ ਮਨੁੱਖਤਾ ਵਿਰੁੱਧ ਕੰਮ ਕਰਨ ਦਾ ਦੋਸ਼ ਹੈ। ਅਦਾਲਤ ਨੇ ਬਿਆਨ ਵਿੱਚ ਕਿਹਾ ਕਿ 8 ਅਕਤੂਬਰ 2023 ਤੋਂ 20 ਮਈ 2024 ਤੱਕ ਲੜੀਆਂ ਗਈਆਂ ਜੰਗਾਂ ਵਿੱਚ ਕਈ ਬੇਕਸੂਰ ਲੋਕਾਂ ਦੀ ਜਾਨ ਜਾ ਚੁੱਕੀ ਹੈ।

ਹਾਲਾਂਕਿ, ਇਜ਼ਰਾਇਲ ਆਈ.ਸੀ.ਸੀ. ਦੇ ਕਿਸੇ ਆਦੇਸ਼ ਨੂੰ ਮਾਨਤਾ ਨਹੀਂ ਦਿੰਦਾ ਹੈ। ਆਈ.ਸੀ.ਸੀ. ਦੇ ਆਦੇਸ਼ ਉਨ੍ਹਾਂ ਦੇਸ਼ਾਂ ਵਿੱਚ ਕੰਮ ਕਰਨਗੇ ਜੋ ਆਈ.ਸੀ.ਸੀ. ਨਾਲ ਜੁੜੇ ਹੋਏ ਹਨ। ਆਈ.ਸੀ.ਸੀ. ਦੀ ਸਥਾਪਨਾ ਰੋਮ ਸੰਧੀ ਦੇ ਤਹਿਤ ਕੀਤੀ ਗਈ ਸੀ। ਇਸ ਵਿੱਚ ਛੇ ਮਹਾਂਦੀਪਾਂ ਦੇ 124 ਦੇਸ਼ ਸ਼ਾਮਲ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਵਕੀਲ ਜੋਨਾਥਨ ਕੁਤਬ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਕਾਨੂੰਨ ਦੇ ਤਹਿਤ, ਉਹ ਦੇਸ਼ ਜੋ ਆਈ.ਸੀ.ਸੀ. ਦਾ ਹਿੱਸਾ ਹਨ, ਕਾਨੂੰਨੀ ਤੌਰ ’ਤੇ ਇਸ ਦੇ ਗ੍ਰਿਫਤਾਰੀ ਵਾਰੰਟ ਲਾਗੂ ਕਰਨ ਲਈ ਪਾਬੰਦ ਹਨ।



ਸ਼ੁਰੂਆਤੀ ਸੰਕੇਤ ਇਹ ਹੈ ਕਿ ਬਹੁਤ ਸਾਰੇ ਦੇਸ਼ ਅਦਾਲਤ ਦੇ ਫੈਸਲੇ ਨੂੰ ਨਜ਼ਰਅੰਦਾਜ਼ ਨਹੀਂ ਕਰਨਗੇ। ਯੂਰਪੀਅਨ ਯੂਨੀਅਨ ਸਮੇਤ ਇਜ਼ਰਾਈਲ ਦੇ ਕਈ ਸਹਿਯੋਗੀਆਂ ਨੇ ਗ੍ਰਿਫ਼ਤਾਰੀ ਵਾਰੰਟ ਨੂੰ ਲਾਗੂ ਕਰਨ ਲਈ ਵਚਨ ਦਿੱਤਾ ਹੈ। ਇਹ ਉਨ੍ਹਾਂ ਦੇਸ਼ਾਂ ਦੀ ਸੂਚੀ ਹੈ ਜਿੱਥੇ ਨੇਤਨਯਾਹੂ ਅਤੇ ਗਲੈਂਟ ਨੂੰ ਆਈ.ਸੀ.ਸੀ. ਦੇ ਫੈਸਲੇ ਤੋਂ ਬਾਅਦ ਨਜ਼ਰਬੰਦ ਕੀਤਾ ਜਾ ਸਕਦਾ ਹੈ। ਜਿਵੇਂ ਅਫ਼ਗਾਨਿਸਤਾਨ, ਅਲਬਾਨੀਆ, ਅੰਡੋਰਾ, ਐਂਟੀਗੁਆ ਅਤੇ ਬਾਰਬੁਡਾ, ਅਰਜਨਟੀਨਾ, ਅਰਮੇਨੀਆ, ਆਸਟ੍ਰੇਲੀਆ, ਆਸਟਰੀਆ, ਬੰਗਲਾਦੇਸ਼, ਬਾਰਬਾਡੋਸ, ਬੈਲਜੀਅਮ, ਬੇਲੀਜ਼, ਬੇਨਿਨ, ਬੋਲੀਵੀਆ, ਬੋਸਨੀਆ ਅਤੇ ਹਰਜ਼ੇਗੋਵੀਨਾ, ਬੋਤਸਵਾਨਾ, ਬ੍ਰਾਜ਼ੀਲ, ਬੁਲਗਾਰੀਆ, ਬੁਰਕੀਨਾ ਫਾਸੋ, ਕੈਨੇਡਾ, ਚਿਲੀ, ਕੋਲੰਬੀਆ, ਕੋਮੋਰੋਸ, ਕਾਂਗੋ ਕੁੱਕ ਟਾਪੂ, ਕੋਸਟਾ ਰੀਕਾ, ਕੋਟ ਡੀ ਆਈਵਰ, ਕਰੋਸ਼ੀਆ, ਸਾਈਪ੍ਰਸ, ਚੈੱਕ ਗਣਰਾਜ, ਕਾਂਗੋ ਲੋਕਤੰਤਰੀ ਗਣਰਾਜ, ਡੈਨਮਾਰਕ, ਜਿਬੂਤੀ, ਡੋਮਿਨਿਕਾ ਡੋਮਿਨਿਕਾ ਗਣਰਾਜ, ਈਕਵਾਡੋਰ, ਅਲ ਸੈਲਵਾਡੋਰ, ਐਸਟੋਨੀਆ ਐੱਫ, ਫਿਜੀ, ਫਿਨਲੈਂਡ, ਫਰਾਂਸ,ਗੈਬੋਨ, ਗਾਂਬੀਆ, ਜਾਰਜੀਆ, ਜਰਮਨੀ, ਘਾਨਾ, ਗ੍ਰੀਸ, ਗ੍ਰੇਨਾਡਾ, ਗੁਆਟੇਮਾਲਾ, ਗੁਆਨਾ, ਹੋਂਡੁਰਸ, ਹੰਗਰੀ, ਆਈਸਲੈਂਡ, ਆਇਰਲੈਂਡ, ਇਟਲੀ, ਜਾਪਾਨ, ਜਾਰਡਨ, ਕੀਨੀਆ, ਕਿਰੀਬਾਤੀ, ਲਾਤਵੀਆ, ਲੈਸੋਥੋ , ਲਾਇਬੇਰੀਆ , ਲੀਚਨਸਟਾਈਨ, ਲਿਥੁਆਨੀਆ, ਲਕਸਮਬਰਗ, ਮੈਡਾਗਾਸਕਰ, ਮਲਾਵੀ, ਮਾਲਦੀਵ, ਮਾਲੀ, ਮਾਲਟਾ, ਮਾਰੀਸ਼ਸ, ਮੈਕਸੀਕੋ, ਮੰਗੋਲੀਆ, ਮੋਂਟੇਨੇਗਰੋ ,ਨਾਮੀਬੀਆ, ਨੌਰੂ, ਨੀਦਰਲੈਂਡ, ਨਿਊਜ਼ੀਲੈਂਡ, ਨਾਈਜਰ, ਨਾਈਜੀਰੀਆ, ਉੱਤਰੀ ਮੈਸੇਡੋਨੀਆ, ਨਾਰਵੇ, ਫਲਸਤੀਨ, ਪਨਾਮਾ, ਪੈਰਾਗੁਏ, ਪੇਰੂ, ਪੋਲੈਂਡ, ਪੁਰਤਗਾਲ ਵਿੱਚ ਨੇਤਨਯਾਹੂ ਤੇ ਗੈਲੈਂਟ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ। ਇਸ ਸੂਚੀ ਵਿੱਚ ਭਾਰਤ ਨਹੀਂ ਹੈ। ਭਾਵ ਮੋਦੀ ਅਤੇ ਨੇਤਨਯਾਹੂ ਦੀ ਦੋਸਤੀ ਜਾਰੀ ਰਹੇਗੀ। ਕਹਿਣ ਤੋਂ ਭਾਵ ਕਿ ਯੂਰਪ ਦੇ 42 ਦੇਸ਼ਾਂ ਅਤੇ ਅਫਰੀਕਾ ਦੇ 33 ਦੇਸ਼ਾਂ ਵਿੱਚ ਨੇਤਨਯਾਹੂ ਅਤੇ ਗੈਲੈਂਟ ਗ੍ਰਿਫ਼ਤਾਰੀ ਤੋਂ ਬਚ ਨਹੀਂ ਸਕਦੇ।

7 ਅਕਤੂਬਰ, 2023 ਤੋਂ ਗਾਜ਼ਾ ਵਿੱਚ ਇਜ਼ਰਾਇਲ ਦੇ ਕਤਲੇਆਮ ਵਿੱਚ ਘੱਟੋ-ਘੱਟ 44,056 ਫਲਸਤੀਨੀ ਮਾਰੇ ਗਏ ਸਨ ਅਤੇ 104,286 ਜ਼ਖਮੀ ਹੋਏ ਸਨ। ਦੁਨੀਆਂ ਅਜੇ ਵੀ ਇਸ ਕਤਲੇਆਮ ਨੂੰ ਚੁੱਪਚਾਪ ਦੇਖ ਰਹੀ ਹੈ, ਜਦੋਂ ਤੋਂ ਗਾਜ਼ਾ ਵਿੱਚ ਜੰਗ ਸ਼ੁਰੂ ਹੋਈ ਹੈ, ਉਦੋਂ ਤੋਂ ਲੈਬਨਾਨ ਵਿੱਚ ਇਜ਼ਰਾਇਲੀ ਹਮਲਿਆਂ ਵਿੱਚ ਘੱਟੋ-ਘੱਟ 3,583 ਲੋਕ ਮਾਰੇ ਜਾ ਚੁੱਕੇ ਹਨ ਅਤੇ 15,244 ਜ਼ਖਮੀ ਹੋਏ ਸਨ। ਫਿਰ ਵੀ, ਫਿਲਸਤੀਨ ਨੇ ਗਾਜ਼ਾ ਵਿੱਚ ਜੰਗੀ ਅਪਰਾਧਾਂ ’ਤੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਸਾਬਕਾ ਰੱਖਿਆ ਮੰਤਰੀ ਯੋਵ ਗੈਲੈਂਟ ਲਈ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੁਆਰਾ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦਾ ਸਵਾਗਤ ਕਰਦੇ ਹੋਏ ਕਿਹਾ ਹੈ ਕਿ ਇਹ ਕਦਮ ਅੰਤਰਰਾਸ਼ਟਰੀ ਕਾਨੂੰਨ ਲਈ ਉਮੀਦ ਬਹਾਲ ਕਰਦਾ ਹੈ।

ਇਸ ਦੇ ਨਾਲ ਹੀ ਨੇਤਨਯਾਹੂ ਨੇ ਆਈ.ਸੀ.ਸੀ. ਦੇ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ ਅਤੇ ਇਸ ਨੂੰ ਯਹੂਦੀ ਵਿਰੋਧੀ ਕਿਹਾ ਹੈ।

ਨੇਤਨਯਾਹੂ ਨੇ ਆਈ.ਸੀ.ਸੀ. ਦੇ ਫੈਸਲੇ ਦੀ ਤੁਲਨਾ ਬਦਨਾਮ ਡਰੇਫਸ ਮੁਕੱਦਮੇ ਨਾਲ ਕੀਤੀ, ਇੱਕ ਇਤਿਹਾਸਕ ਕੇਸ ਜਿਸ ਵਿੱਚ ਇੱਕ ਫਰੈਂਚ ਯਹੂਦੀ ਅਧਿਕਾਰੀ ਵਿਰੁੱਧ ਝੂਠੇ ਦੇਸ਼ਧ੍ਰੋਹ ਦੇ ਦੋਸ਼ ਲਾਏ ਗਏ ਸਨ।

ਨਿਊਜ਼ ਏਜੰਸੀ ਏ.ਐਨ.ਆਈ. ਦੇ ਅਨੁਸਾਰ, ਨੇਤਨਯਾਹੂ ਨੇ ਗਾਜ਼ਾ ਵਿੱਚ ਇਜ਼ਰਾਇਲ ਦੀਆਂ ਫ਼ੌਜੀ ਕਾਰਵਾਈਆਂ ਦਾ ਬਚਾਅ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਉਦੇਸ਼ ਨਾਗਰਿਕਾਂ ਦੀ ਮੌਤ ਨੂੰ ਘਟਾਉਣਾ ਸੀ। ਉਨ੍ਹਾਂ ਕਿਹਾ ਕਿ ਇਜ਼ਰਾਇਲ ਗਾਜ਼ਾ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਟੈਕਸਟ ਸੁਨੇਹਿਆਂ, ਫ਼ੋਨ ਕਾਲਾਂ ਅਤੇ ਪਰਚੇ ਰਾਹੀਂ ਚਿਤਾਵਨੀਆਂ ਦਿੰਦਾ ਹੈ।


ਉਸ ਅਨੁਸਾਰ ਹਮਾਸ ਨਾਗਰਿਕਾਂ ਨੂੰ ਮਨੁੱਖੀ ਢਾਲ ਵਜੋਂ ਵਰਤਦਾ ਹੈ। ਉਨ੍ਹਾਂ ਭੁੱਖਮਰੀ ਨੀਤੀ ਲਾਗੂ ਕਰਨ ਦੇ ਦਾਅਵਿਆਂ ਨੂੰ ਵੀ ਰੱਦ ਕਰ ਦਿੱਤਾ। ਨੇਤਨਯਾਹੂ ਨੇ ਉਜਾਗਰ ਕੀਤਾ ਕਿ ਇਜ਼ਰਾਇਲ ਨੇ ਗਾਜ਼ਾ ਨੂੰ 700,000 ਟਨ ਭੋਜਨ ਦੀ ਸਪਲਾਈ ਕੀਤੀ ਹੈ, ਪ੍ਰਤੀ ਵਿਅਕਤੀ ਪ੍ਰਤੀ ਦਿਨ 3,200 ਕੈਲੋਰੀ ਪ੍ਰਦਾਨ ਕੀਤੀ ਹੈ।

ਉਸਨੇ ਹਮਾਸ ’ਤੇ ਇਹ ਸਪਲਾਈ ਲੁੱਟਣ ਅਤੇ ਇਸਦੇ ਲੋਕਾਂ ਨੂੰ ਜ਼ਰੂਰੀ ਭੋਜਨ ਤੋਂ ਵਾਂਝੇ ਕਰਨ ਦਾ ਦੋਸ਼ ਲਗਾਇਆ। ਇੰਨਾ ਹੀ ਨਹੀਂ, ਨੇਤਨਯਾਹੂ ਨੇ ਕਿਹਾ ਕਿ ਇਜ਼ਰਾਇਲ ਨੇ ਗਾਜ਼ਾ ਦੀ 97% ਆਬਾਦੀ ਨੂੰ ਪੋਲੀਓ ਟੀਕਾਕਰਨ ਦੀ ਸਹੂਲਤ ਪ੍ਰਦਾਨ ਕੀਤੀ ਹੈ। ਆਈ.ਸੀ.ਸੀ. ਦੇ ਦੋਸ਼ਾਂ ’ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਨੇ ਪੁੱਛਿਆ, ਹੇਗ ਵਿੱਚ ਉਹ ਕਿਸ ਬਾਰੇ ਗੱਲ ਕਰ ਰਹੇ ਹਨ?

ਉਸਨੇ ਇਰਾਨ, ਸੀਰੀਆ ਅਤੇ ਯਮਨ ਵਿੱਚ ਜੰਗੀ ਅਪਰਾਧਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਇਜ਼ਰਾਇਲ ’ਤੇ ਧਿਆਨ ਕੇਂਦਰਿਤ ਕਰਨ ਲਈ ਆਈ.ਸੀ.ਸੀ. ਦੀ ਆਲੋਚਨਾ ਕੀਤੀ। ਉਸ ਨੇ ਗਾਜ਼ਾ ਵਿੱਚ ਹਾਲ ਹੀ ਵਿੱਚ ਹੋਏ ਸੰਘਰਸ਼ ਦੌਰਾਨ ਹਮਾਸ ਦੀਆਂ ਕਾਰਵਾਈਆਂ ਦੇ ਬਾਵਜੂਦ ਕਾਰਵਾਈ ਨਾ ਕਰਨ ਲਈ ਆਈ.ਸੀ.ਸੀ. ਦੀ ਨਿੰਦਾ ਕੀਤੀ।

(ਬਾਕੀ ਸਫ਼ਾ 31 ’ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


**ਮਾਮਲਾ ਮਹਾਂਰਾਸ਼ਟਰ ਵਿੱਚ ਦਮਦਮੀ ਟਕਸਾਲ ਵੱਲੋਂ ਭਾਜਪਾ ਨੂੰ ਹਮਾਇਤ ਦੇਣ ਦਾ**

# ਸਿੱਖ ਜਥੇਬੰਦੀਆਂ ਤੇ ਜਥੇਦਾਰ ਦਮਦਮਾ ਸਾਹਿਬ ਵੱਲੋਂ ਬਾਬਾ ਧੁੰਮਾ ਦਾ ਤਿੱਖਾ ਵਿਰੋਧ

## ਬਾਬਾ ਧੁੰਮਾ ਵੱਲੋਂ ਵੀਡੀਓ ਜਾਰੀ ! ਟਕਸਾਲ ਖ਼ਿਲਾਫ਼ ਬਿਆਨਬਾਜ਼ੀ ਕਰਨ ਦੀ ਥਾਂ ਸਾਡੇ ਨਾਲ ਗੱਲ ਕਰੋ

ਦਮਦਮੀ ਟਕਸਾਲ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਬੀਜੇਪੀ ਦੀ ਹਮਾਇਤ ਕਰਕੇ ਕਸੂਤੀ ਘਿਰ ਗਈ ਹੈ। ਇੱਕ ਪਾਸੇ ਸੋਸ਼ਲ ਮੀਡੀਆ ਉਪਰ ਦਮਦਮੀ ਟਕਸਾਲ ਦੀ ਰੱਜ ਕੇ ਅਲੋਚਨਾ ਹੋ ਰਹੀ ਹੈ ਤੇ ਦੂਜੇ ਪਾਸੇ ਕਈ ਸਿੱਖ ਧਿਰਾਂ ਵੀ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੇ ਫੈਸਲੇ ਦਾ ਵਿਰੋਧ ਕਰ ਰਹੀਆਂ ਹਨ। ਹਾਲਾਤ ਇਹ ਬਣ ਗਏ ਹਨ ਕਿ ਬਾਬਾ ਹਰਨਾਮ ਸਿੰਘ ਧੁੰਮਾ ਸਿੱਖ ਕੌਮ ਵਿੱਚ ਅਲੱਗ-ਥਲੱਗ ਪੈ ਗਏ ਹਨ।

ਦਰਅਸਲ ਦਮਦਮੀ ਟਕਸਾਲ ਵੱਲੋਂ ਮਹਾਰਾਸ਼ਟਰ ਵਿੱਚ ਚੋਣਾਂ ਦੌਰਾਨ ਭਾਜਪਾ ਨੂੰ ਸਮਰਥਨ ਦੇਣ ਦਾ ਮੁੱਦਾ ਭਖ ਗਿਆ ਹੈ। ਇਸ ਮਾਮਲੇ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ "ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਫ਼ੈਸਲਾ ਠੀਕ ਨਹੀਂ ਤੇ ਬਿਨਾਂ ਸ਼ਰਤ ਸਮਰਥਨ ਨਹੀਂ ਸੀ ਦਿੱਤਾ ਜਾਣਾ ਚਾਹੀਦਾ।" ਉਨ੍ਹਾਂ ਆਖਿਆ ਕਿ ਸਿੱਖ ਮਾਮਲਿਆਂ ਵਿੱਚ ਸਰਕਾਰਾਂ ਲਗਾਤਾਰ ਸਿੱਖਾਂ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਐਲਾਨ ਦੇ ਬਾਵਜੂਦ ਬੰਦੀ ਸਿੱਖਾਂ ਦੀ ਰਿਹਾਈ ਨਹੀਂ ਕੀਤੀ ਗਈ। ਹੁਣ ਚੰਡੀਗੜ੍ਹ ਦੇ ਮਾਮਲੇ ਵਿੱਚ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਭਾਜਪਾ ਨੂੰ ਬਿਨਾਂ ਸ਼ਰਤ ਹੀ ਸਮਰਥਨ ਦਿੱਤਾ ਗਿਆ ਸੀ ਪਰ ਪਿਛਲੇ 11 ਸਾਲ ਤੋਂ ਕੇਂਦਰ ਵਿੱਚ ਬੀਜੇਪੀ ਦੀ ਸਰਕਾਰ ਹੋਣ ਦੇ ਬਾਵਜੂਦ ਸਿੱਖਾਂ ਤੇ ਪੰਜਾਬ ਦਾ ਮਸਲੇ ਹੱਲ ਨਹੀਂ ਕੀਤੇ ਗਏ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਸੀ ਕਿ ਦਮਦਮੀ ਟਕਸਾਲ ਨਾਲ ਕੌਮ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਤੇ "ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਮਹਾਰਾਸ਼ਟਰ ਚੋਣਾਂ ਵਿੱਚ ਭਾਜਪਾ ਦੀ ਕੀਤੀ ਗਈ ਇੱਕਪਾਸੜ ਹਮਾਇਤ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਉਲਟ ਹੈ।" ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਨੇ ਹੁਣ ਤੱਕ ਸਿੱਖਾਂ ਦਾ ਕੋਈ ਮਸਲਾ ਹੱਲ ਨਹੀਂ ਕੀਤਾ।



ਉਨ੍ਹਾਂ ਨੇ ਕਿਹਾ ਕਿ ਤਖ਼ਤ ਹਜ਼ੂਰ ਸਾਹਿਬ ਬੋਰਡ 'ਚ ਸਰਕਾਰੀ ਮੈਂਬਰਾਂ ਦੀ ਗਿਣਤੀ ਵਧਾ ਕੇ ਸਿੱਖਾਂ ਦਾ ਹੱਕ ਮਹਾਰਾਸ਼ਟਰ ਸਰਕਾਰ ਨੇ ਹੀ ਖੋਹਿਆ ਹੈ। ਇਸ ਤਰ੍ਹਾਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਜਥੇਬੰਦੀ ਦੇ ਸਾਬਕਾ ਪ੍ਰਧਾਨ ਬਲਵੰਤ ਸਿੰਘ ਗੋਪਾਲਾ ਤੇ ਹੋਰ ਜਥੇਬੰਦੀਆਂ ਨੇ ਵੀ ਦਮਦਮੀ ਟਕਸਾਲ ਦੇ ਮੁਖੀ ਦੇ ਫ਼ੈਸਲੇ ਦਾ ਵਿਰੋਧ ਕੀਤਾ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਅਮਰੀਕਾ ਦੇ ਧਰਮ ਪ੍ਰਚਾਰ ਫੇਰੀ ਦੌਰਾਨ ਇੱਕ ਵੀਡੀਓ ਸੰਦੇਸ਼ ਜਾਰੀ ਕਰਕੇ ਸਿੱਖ ਸੰਗਤਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਕੁਝ ਸ਼ਰਾਰਤੀ ਅਨਸਰ ਦਮਦਮੀ ਟਕਸਾਲ ਦੇ ਖ਼ਿਲਾਫ਼ ਬੜੀ ਘਟੀਆ ਕਿਸਮ ਦੀ ਬਿਆਨਬਾਜ਼ੀ ਕਰਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੇਰੀ ਬੇਨਤੀ ਹੈ ਕੋਈ ਭਰਮ ਭੁਲੇਖੇ ਦਾ ਸ਼ਿਕਾਰ ਹੋਣ ਦੀ ਬਜਾਏ ਸਾਡੇ ਨਾਲ ਬੈਠ ਕੇ ਰਾਬਤਾ ਤੇ ਵਿਚਾਰ ਕਰ ਸਕਦਾ ਹੈ।

ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਕੋਈ ਵੀ ਕਿਸੇ ਤਰ੍ਹਾਂ ਦੀ ਸ਼ੰਕਾ ਹੈ ਕੋਈ ਭਰਮ ਭੁਲੇਖਾ ਕਿਸੇ ਵੀ ਸਿੱਖ ਦੇ ਮਨ ਵਿੱਚ ਹੈ ਤਾਂ ਸਾਡੇ ਨਾਲ ਮਿਲ ਬੈਠ ਕੇ ਬੜੇ ਪਿਆਰ ਨਾਲ ਆਪਣਾ ਸ਼ੰਕਾ ਨਵਿਰਤ ਕਰ ਸਕਦਾ ਹੈ। ਆਪਾਂ ਮਿਲਜੁਲ ਕੇ ਜੋ ਹਿੰਦੁਸਤਾਨ ਦੇ ਵਿੱਚ ਸਿੱਖਾਂ ਦੀਆਂ ਸਮੱਸਿਆਵਾਂ ਦੇਖਣ ਨੂੰ ਮਿਲ ਰਹੀਆਂ, ਉਹਦਾ ਹੱਲ ਕੱਢਣ ਵਿੱਚ ਆਪਣਾ ਯੋਗਦਾਨ ਪਾਈਏ। ਵਿਦੇਸ਼ਾਂ ਦੇ ਵਿੱਚ ਵੀ ਸਿੱਖ ਭਾਈਚਾਰੇ ਨੂੰ ਬਹੁਤ ਵੱਡੀਆਂ ਸਮੱਸਿਆਵਾਂ ਹਨ। ਜਿਨ੍ਹਾਂ ਨਾਲ ਇੱਥੋਂ ਦੇ ਸਿੱਖਾਂ ਨੂੰ ਆਏ ਦਿਨ ਜੂਝ ਰਹੇ ਹਨ। ਇੱਥੇ ਵੀ ਸਾਰੇ ਮਿਲ ਕੇ ਆਪਾਂ ਇੱਕ ਜੁੱਟ ਹੋ ਕੇ ਕੌਮ ਦੀ ਚੜ੍ਹਦੀ ਕਲਾ ਦੀ ਕਾਰਜ ਕਰੀਏ।

ਪ੍ਰੋਫੈਸਰ ਸਰਚਾਂਦ ਸਿੰਘ ਭਾਜਪਾ ਆਗੂ ਦਾ ਕਹਿਣਾ ਹੈ ਕਿ ਜਦੋਂ ਬਾਦਲ ਦਲ ਤੇ ਭਾਜਪਾ ਦੇ ਸਬੰਧ ਸਨ ਤਾਂ ਕਿਸੇ ਨੂੰ ਇਤਰਾਜ਼ ਨਹੀਂ ਸੀ। ਹੁਣ ਦਮਦਮੀ ਟਕਸਾਲ ਮੋਦੀ ਸਰਕਾਰ ਤੋਂ ਪੰਜਾਬ ਤੋਂ ਬਾਹਰਲੇ ਸਿੱਖਾਂ ਦੇ ਮਸਲੇ ਹਲ ਕਰਾ ਰਹੀ ਹੈ ਤਾਂ ਬਾਦਲ ਦਲ ਦੇ ਆਗੂਆਂ ਨੂੰ ਇਤਰਾਜ਼ ਕਿਉਂ? ਇਹ ਦੋਗਲਾ ਕਿਰਦਾਰ ਕਿਉਂ?

ਪੰਥਕ ਮਾਹਿਰਾਂ ਦਾ ਮੰਨਣਾ ਕਿ ਦਮਦਮੀ ਟਕਸਾਲ ਨੇ ਅੱਜ ਤਕ ਗੁਰਪੁਰਵਾਸੀ ਬਾਬਾ ਠਾਕੁਰ ਸਿੰਘ ਤੱਕ ਕਿਸੇ ਰਾਜਨੀਤਕ ਪਾਰਟੀ ਦੀ ਹਮਾਇਤ ਨਹੀਂ ਕੀਤੀ। ਪਰ ਬਾਬਾ ਹਰਨਾਮ ਸਿੰਘ ਸਿਆਸਤ ਵਲ ਝੁਕ ਰਹੇ ਹਨ ,ਜਿਸ ਕਰਕੇ ਵਿਰੋਧ ਹੋ ਰਿਹਾ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸਿੱਖ ਪੰਥ ਦੀ ਮਜਬੂਤ ਜਥੇਬੰਦੀ ਨਹੀਂ ਹੈ, ਜਿਸ ਕਰਕੇ ਇਹ ਭੰਬਲਭੂਸਾ ਬਣਿਆ ਹੋਇਆ ਹੈ। ਅਕਾਲੀ ਦਲ ਪਹਿਲਾਂ ਸਮੁੱਚੇ ਭਾਰਤ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦਾ ਸੀ, ਪੰਜਾਬ ਤੋਂ ਬਾਹਰਲੇ ਸਿੱਖਾਂ ਦੀ ਸਮੱਸਿਆਵਾਂ ਹੱਲ ਕਰਾਉਂਦਾ ਸੀ। ਪਰ ਹੁਣ ਉਹ ਕਮਜ਼ੋਰ ਪੈ ਗਿਆ। ਆਖਿਰ ਪੰਜਾਬ ਤੋਂ ਬਾਹਰਲੇ ਸਿੱਖ ਕੀ ਕਰਨ? ਪੰਜਾਬ ਤੇ ਪੰਜਾਬ ਤੋਂ ਬਾਹਰਲੇ ਸਿੱਖਾਂ ਦੀ ਸਿਆਸਤ ਮੁੱਦੇ ਵਖੋ ਵੱਖਰੇ ਹਨ। ਇਸ ਕਰਕੇ ਮਹਾਰਾਸ਼ਟਰ ਦੇ ਸਿੱਖਾਂ ਦਾ ਭਾਜਪਾ ਦੀ ਹਮਾਇਤ ਕਰਨਾ ਵੱਡਾ ਮੁੱਦਾ ਨਹੀਂ ਹੈ। ਵੱਡਾ ਮੁੱਦਾ ਅਕਾਲੀ ਦਲ ਨੂੰ ਸਿੱਖ ਪੰਥ ਦੀ ਵਾਹਿਦ ਜਥੇਬੰਦੀ ਸਿਰਜਣਾ ਹੈ ਤਾਂ ਜੋ ਪੂਰੇ ਭਾਰਤ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਕੀਤੀ ਜਾ ਸਕੇ।

# ਜ਼ਿਮਨੀ ਚੋਣਾਂ: ਸਿੱਖ ਚਿਹਰਿਆਂ ਦੇ ਬਾਵਜੂਦ ਪੰਜਾਬ 'ਚ ਨਾ ਲੱਗੇ ਭਾਜਪਾ ਦੇ ਪੈਰ

## ਕਿਸਾਨ ਜਥੇਬੰਦੀਆਂ ਦਾ ਵਿਰੋਧ ਭਗਵਾ ਪਾਰਟੀ ਲਈ ਬਣਿਆ ਵੱਡਾ ਅੜਿੱਕਾ

ਚੰਡੀਗੜ੍ਹ/ਏ.ਟੀ.ਨਿਊਜ਼: ਕੇਂਦਰ 'ਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਵਾਲੀ ਭਾਜਪਾ ਨੇ ਭਾਵੇਂ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਸਿੱਖ ਚਿਹਰਿਆਂ ਨੂੰ ਮੈਦਾਨ ਵਿੱਚ ਉਤਾਰਿਆ ਸੀ ਪਰ ਭਗਵਾ ਪਾਰਟੀ ਲਈ ਇਹ ਦਾਅ-ਪੇਚ ਵੀ ਸੂਬੇ 'ਚ ਉਸ ਲਈ ਫਿੱਟ ਨਹੀਂ ਬੈਠ ਸਕੇ।

ਪਾਰਟੀ ਨੂੰ ਮਨਪ੍ਰੀਤ ਸਿੰਘ ਬਾਦਲ ਸਣੇ ਤਿੰਨ ਹਲਕਿਆਂ 'ਚ ਆਪਣੀਆਂ ਜ਼ਮਾਨਤਾਂ ਜ਼ਬਤ ਹੋਣ ਤੋਂ ਬਚਾਉਣ ਦਾ ਮੌਕਾ ਵੀ ਨਹੀਂ ਮਿਲਿਆ। ਭਾਜਪਾ ਨੂੰ ਕਿਸਾਨਾਂ ਦੇ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।

ਬੇਸ਼ੱਕ ਪਾਰਟੀ ਨੇ 2027 ਦੌਰਾਨ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਜ਼ਿਮਨੀ ਚੋਣਾਂ ਦੌਰਾਨ ਥਾਂ-ਥਾਂ ਨਾਅਰਾ ਦਿੱਤਾ ਗਿਆ, ਪਰ ਪਾਰਟੀ ਜ਼ਿਮਨੀ ਚੋਣਾਂ ਦੌਰਾਨ ਪੈਰ ਜਮਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਨਤੀਜਿਆਂ ਮੁਤਾਬਕ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਹਲਕਿਆਂ 'ਚ ਭਾਜਪਾ ਉਮੀਦਵਾਰ ਦੂਜੇ ਨੰਬਰ 'ਤੇ ਵੀ ਨਹੀਂ ਆ ਸਕੇ ਜਦੋਂ ਕਿ ਇਸ ਦਾ ਪੁਰਾਣਾ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਚੋਣ ਮੈਦਾਨ 'ਚੋਂ ਬਾਹਰ ਸੀ। ਬਰਨਾਲਾ ਤੋਂ ਭਾਜਪਾ ਬਰਨਾਲਾ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੀਜੇ ਨੰਬਰ 'ਤੇ ਰਹਿ ਕੇ ਆਪਣੀ ਜ਼ਮਾਨਤ ਬਚਾਉਣ 'ਚ ਸਫ਼ਲ ਹੋਏ ਦੱਸੇ ਜਾਂਦੇ ਹਨ, ਪਰ ਗਿੱਦੜਬਾਹਾ ਤੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਚੱਬੇਵਾਲ ਤੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਡੇਰਾ ਬਾਬਾ ਨਾਨਕ







ਤੋਂ ਅਕਾਲੀ ਦਲ ਦੇ ਸਾਬਕਾ ਟਕਸਾਲੀ ਆਗੂ ਰਵੀਕਰਨ ਸਿੰਘ ਕਾਹਲੋਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਰਵਾਇਤੀ ਵਿਧਾਨ ਸਭਾ ਹਲਕੇ ਗਿੱਦੜਬਾਹਾ ਤੋਂ ਅੰਦਰ ਖਾਤੇ ਲੰਬੇ ਸਮੇਂ ਤੋਂ ਸਰਗਰਮੀਆਂ ਵਿੱਢੀਆਂ ਹੋਈਆਂ ਸਨ। ਉਨ੍ਹਾਂ ਦੀਆਂ ਸਰਗਰਮੀਆਂ ਨੂੰ ਗੰਭੀਰਤਾ ਨਾਲ ਲੈ ਕੇ ਹੀ ਹਰਦੀਪ ਸਿੰਘ ਡਿੰਪੀ ਢਿੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ, ਜਿਨ੍ਹਾਂ ਨੂੰ ਮਗਰੋਂ ਹੁਣ ਸੱਤਾਧਾਰੀ 'ਆਪ' ਵੱਲੋਂ ਗਿੱਦੜਬਾਹਾ ਤੋਂ ਉਮੀਦਵਾਰ ਬਣਾਇਆ ਦਿੱਤਾ।

**'ਆਪ' ਵੱਲੋਂ 3 ਸੀਟਾਂ ਜਿੱਤਣ ਦੇ ਬਾਵਜੂਦ ਮੁੱਖ ਆਗੂ ਨਿਰਾਸ਼**

ਪੰਜਾਬ ਵਿੱਚ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਤੋਂ ਬਾਅਦ ਆਮ ਆਦਮੀ ਪਾਰਟੀ ਵੱਲੋਂ 3 ਸੀਟਾਂ 'ਤੇ ਜਿੱਤ ਹਾਸਲ ਕਰਨ ਦੇ ਬਾਵਜੂਦ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਮਿਲੀ ਹਾਰ ਕਾਰਨ ਪਾਰਟੀ ਦੇ ਮੁੱਖ ਆਗੂ ਨਿਰਾਸ਼ ਨਜ਼ਰ ਆਏ। ਮਾਲਵਾ ਖੇਤਰ 'ਚ ਬੇਸ਼ੱਕ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਵੱਡੇ ਅੰਤਰ ਨਾਲ ਮਾਤ ਦਿੱਤੀ ਹੈ ਪਰ 'ਆਪ' ਆਗੂਆਂ ਨੂੰ ਬਰਨਾਲਾ ਤੋਂ ਹਰਿੰਦਰ ਸਿੰਘ ਧਾਲੀਵਾਲ ਦੀ ਹਾਰ ਹਜ਼ਮ ਨਹੀਂ ਹੋ ਰਹੀ। ਬਰਨਾਲਾ 'ਚ ਹੋਈ ਹਾਰ ਨੇ ਪਾਰਟੀ ਦੀਆਂ ਖੁਸ਼ੀਆਂ ਨੂੰ ਮਧੋਲ ਸੁੱਟਿਆ ਹੈ।

(ਬਾਕੀ ਸਫ਼ਾ 30 'ਤੇ)

# ਜਾਖੜ ਤੋਂ ਬਗ਼ੈਰ ਹੋਈ ਭਾਜਪਾ ਦੀ ਸੂਬਾ ਪੱਧਰੀ ਮੀਟਿੰਗ

ਜਲੰਧਰ/ਏ.ਟੀ.ਨਿਊਜ਼: ਇੱਥੇ ਭਾਜਪਾ ਦੀ ਸੂਬਾ ਪੱਧਰੀ ਮੀਟਿੰਗ ਹੋਈ। ਮੀਟਿੰਗ 'ਚ ਪੰਜਾਬ ਭਰ ਤੋਂ ਕਈ ਸੀਨੀਅਰ ਆਗੂ ਸ਼ਾਮਲ ਹੋਏ ਪਰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨਹੀਂ ਪਹੁੰਚੇ। ਮੀਟਿੰਗ ਦੀ ਕਾਰਵਾਈ ਸੂਬਾ ਪ੍ਰਧਾਨ ਤੋਂ ਬਗੈਰ ਹੀ ਚੱਲੀ। ਜ਼ਿਕਰਯੋਗ ਹੈ ਕਿ ਕੁਝ ਦਿਨਾਂ ਤੋਂ ਪੰਜਾਬ ਪ੍ਰਧਾਨ ਅਤੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵਿਚਾਲੇ ਚੱਲ ਰਹੀ ਖਿੱਚੋਤਾਣ ਦਰਮਿਆਨ ਇਹ ਮੀਟਿੰਗ ਜਾਖੜ ਤੋਂ ਬਿਨਾਂ ਹੋਈ, ਜਿਸ 'ਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਵਿਜੇ ਰੂਪਾਨੀ ਸਮੇਤ ਕਈ ਸੀਨੀਅਰ ਆਗੂ ਮੌਜੂਦ ਸਨ। ਮੀਟਿੰਗ 'ਚ ਮੁੱਖ ਤੌਰ 'ਤੇ ਅਗਲੇ ਦਿਨਾਂ 'ਚ 30 ਲੱਖ ਤੋਂ ਵੱਧ ਲੋਕਾਂ ਨੂੰ ਭਾਜਪਾ ਨਾਲ ਜੋੜਨ ਦਾ ਟੀਚਾ ਰੱਖਿਆ ਗਿਆ। ਇਸ ਮੁਹਿੰਮ ਦੀ ਨਿਗਰਾਨੀ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਕਰਨਗੇ। ਦਰਅਸਲ ਭਾਜਪਾ ਵੱਲੋਂ ਮੈਂਬਰਸ਼ਿਪ ਮੁਹਿੰਮ ਚਲਾਈ ਗਈ ਸੀ, ਜਿਸ ਸਬੰਧੀ ਮੀਟਿੰਗ ਵਿੱਚ ਆਗੂਆਂ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ।



ਇਸ ਮੌਕੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ, ਮਨਪ੍ਰੀਤ ਬਾਦਲ, ਪੰਜਾਬ ਦੇ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ, ਅਮਿਤ ਭਾਟੀਆ, ਤਰੁਣ ਚੁੱਘ, ਵਿਜੇ ਸਾਂਪਲਾ, ਕੇਡੀ ਭੰਡਾਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਤਨੀ ਪ੍ਰਨੀਤ ਕੌਰ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਸਮੇਤ ਕਈ ਵੱਡੇ ਆਗੂ ਮੌਜੂਦ ਸਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਜਲੰਧਰ ਤੋਂ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨੂੰ 6 ਦਸੰਬਰ ਤੱਕ ਮੁੜ ਸ਼ੁਰੂ ਕੀਤੀ ਗਈ ਮੈਂਬਰਸ਼ਿਪ ਮੁਹਿੰਮ ਦਾ ਇੰਚਾਰਜ ਬਣਾਇਆ ਗਿਆ ਹੈ ਜਿਸ ਤਹਿਤ ਪਾਰਟੀ ਦਾ ਟੀਚਾ 30 ਲੱਖ ਲੋਕਾਂ ਨੂੰ ਭਾਜਪਾ ਨਾਲ ਜੋੜਨਾ ਹੈ। ਚੁੱਘ ਨੇ ਅੱਗੇ ਕਿਹਾ ਕਿ ਕਿਸਾਨਾਂ ਨੂੰ 6 ਦਸੰਬਰ ਨੂੰ ਦਿੱਲੀ ਜਾਣ ਦੀ ਬਜਾਏ ਪੰਜਾਬ ਦੇ ਮੁੱਖ ਮੰਤਰੀ ਦੇ ਘਰ ਦੇ ਬਾਹਰ ਧਰਨਾ ਦੇਣਾ ਚਾਹੀਦਾ ਹੈ। ਕਾਂਗਰਸ 'ਤੇ ਨਿਸ਼ਾਨਾ ਲਾਉਂਦੇ ਹੋਏ ਚੁੱਘ ਨੇ ਕਿਹਾ ਕਿ ਪਾਰਟੀ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਦਾ ਕਾਂਗਰਸ ਨਾਲ ਕੀ ਸਬੰਧ ਹੈ। ਨਗਰ ਨਿਗਮ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਲਈ ਡਿਊਟੀਆਂ ਲਗਾਉਣ ਸਬੰਧੀ ਇੱਕ ਹੋਰ ਮੀਟਿੰਗ ਕੀਤੀ ਗਈ। ਹਾਲਾਂਕਿ ਸੂਚੀ ਨੂੰ ਅੰਤਿਮ ਰੂਪ ਦਿੱਤਾ ਜਾਣਾ ਬਾਕੀ ਹੈ, ਪਰ ਲੁਧਿਆਣਾ ਵਿੱਚ ਨਿਗਮ ਚੋਣਾਂ ਦੇ ਇੰਚਾਰਜ ਵਜੋਂ ਅਵਿਨਾਸ਼ ਰਾਏ ਖੰਨਾ, ਜਲੰਧਰ ਲਈ ਅਸ਼ਵਨੀ ਸ਼ਰਮਾ ਅਤੇ ਅੰਮ੍ਰਿਤਸਰ ਲਈ ਸ਼ਵੇਤ ਮਲਿਕ ਅਤੇ ਅਸ਼ਵਨੀ ਸੇਖੜੀ ਦੇ ਨਾਵਾਂ 'ਤੇ ਚਰਚਾ ਕੀਤੀ ਗਈ।

ਦਰਪਣ ਝੂਠ ਨਹੀਂ ਬੋਲਦਾ

# ਭਾਈ ਨਿੱਝਰ ਦੇ ਕਤਲ 'ਚ ਮੋਦੀ ਦੀ ਸ਼ਮੂਲੀਅਤ ਪਿੱਛੇ ਕੈਨੇਡੀਅਨ ਅਖ਼ਬਾਰ ਦਾ ਕੀ ਸੱਚ ਸੀ ?

## ਭਾਰਤ ਨੇ ਕੀਤਾ ਵਿਰੋਧ, ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਰਿਪੋਰਟ ਨੂੰ ਦੱਸਿਆ ਝੂਠਾ

ਕੈਨੇਡਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਦੇਸ਼ ਦੀ ਰਾਸ਼ਟਰੀ ਪੁਲਿਸ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੇ ਸੀਨੀਅਰ ਅਧਿਕਾਰੀਆਂ ਵਲੋਂ ਬੀਤੇ ਮਹੀਨਿਆਂ ਦੌਰਾਨ ਭਾਰਤੀ ਕੂਟਨੀਤਕਾਂ, ਖ਼ੁਫ਼ੀਆ ਤੰਤਰ ਤੋਂ ਭਾਰਤੀ ਗ੍ਰਹਿ ਮੰਤਰੀ ਤੱਕ ਕੈਨੇਡਾ ਵਿੱਚ ਗੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਮੂਲੀਅਤ ਦੀਆਂ ਬਿਆਨਬਾਜ਼ੀਆਂ ਬਾਰੇ ਖ਼ਬਰਾਂ ਦੀ ਸਿਆਹੀ ਨਹੀਂ ਸੁੱਕ ਰਹੀ,ਪਰ ਹੁਣੇ ਜਿਹੇ ਕੈਨੇਡਾ ਵਿੱਚ ਮੀਡੀਆ ਦੇ ਇੱਕ ਹਿੱਸੇ ਗਲੋਬ ਐਂਡ ਮੇਲ ਵਿੱਚ ਕੈਨੇਡੀਅਨ ਖ਼ੁਫ਼ੀਆ ਜਾਣਕਾਰੀ ਦੇ ਹਵਾਲੇ ਨਾਲ ਨਰਿੰਦਰ ਮੋਦੀ, ਜੈਸ਼ੰਕਰ ਅਤੇ ਡੋਵਾਲ ਵਿਰੁੱਧ ਦੂਸ਼ਣਬਾਜ਼ੀ ਦੀਆਂ ਰਿਪੋਰਟਾਂ ਚਰਚਿਤ ਰਹੀਆਂ ਸਨ। ਦਾਅਵਾ ਕੀਤਾ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿੱਝਰ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੀ ਜਾਣਕਾਰੀ ਸੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਇਸ ਸਾਜ਼ਿਸ਼ ਵਿੱਚ ਸ਼ਾਮਲ ਸਨ, ਜਿਸ ਦੀ ਅਗਵਾਈ ਕਥਿਤ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਰ ਰਹੇ ਸਨ। ਹਾਲਾਂਕਿ ਇਸ ਰਿਪੋਰਟ ਵਿੱਚ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ।

ਦੂਜੇ ਪਾਸੇ ਇਸ ਕੈਨੇਡੀਅਨ ਮੀਡੀਆ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੋਸ਼ਾਂ ਨੂੰ ਬੇਤੁਕਾ ਤੇ ਝੂਠਾ ਕਰਾਰ ਦਿੱਤਾ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਇਹ ਦੋਸ਼ ਪੂਰੀ ਤਰ੍ਹਾਂ 'ਨਿੰਦਾਯੋਗ' ਹਨ ਅਤੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਚਾਹੀਦਾ ਹੈ। ਭਾਰਤ ਨੇ ਇਹ ਵੀ ਕਿਹਾ ਕਿ ਕੈਨੇਡਾ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਹੈ ਅਤੇ ਅਜਿਹੇ ਸਿਆਸੀ ਦੋਸ਼ਾਂ ਨੂੰ ਸਿੱਧੇ ਤੌਰ 'ਤੇ ਨਕਾਰਨਾ ਚਾਹੀਦਾ ਹੈ, ਤਾਂ ਜੋ ਸਮੁੱਚੇ ਤੌਰ 'ਤੇ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਹੋਰ ਨਾ ਵਿਗੜਨ।

ਭਾਰਤ ਦੇ ਇਸ ਪ੍ਰਤੀਕਰਮ ਤੋਂ ਬਾਅਦ ਕੈਨੇਡਾ ਸਰਕਾਰ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਰਿਪੋਰਟਾਂ ਦਰੁੱਸਤ ਨਹੀਂ ਸਨ ਤੇ ਅੱਟੇ-ਸੱਟੇ 'ਤੇ ਆਧਾਰਿਤ ਸਨ। ਪ੍ਰਧਾਨ ਮੰਤਰੀ ਆਫ਼ਿਸ ਤੋਂ ਆਏ ਉਪਰੋਕਤ ਅਧਿਕਾਰਤ ਬਿਆਨ ਵਿੱਚ ਕੈਨੇਡਾ



ਵਿਚੋਂ ਜਾਣਕਾਰੀਆਂ ਇਕੱਤਰ ਕਰਨ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸ਼ਮੂਲੀਅਤ ਦੇ ਕੈਨੇਡਾ ਸਰਕਾਰ ਵੱਲੋਂ ਲਗਾਏ ਦੋਸ਼ਾਂ ਬਾਰੇ ਸਪੱਸ਼ਟ ਨਹੀਂ ਕੀਤਾ ਗਿਆ। ਪਰ ਬੀਤੇ ਦਿਨੀਂ ਕੈਨੇਡਾ ਵਿੱਚ ਪ੍ਰਧਾਨ ਮੰਤਰੀ ਅਤੇ ਕੈਬਨਿਟ ਮੰਤਰੀਆਂ ਦੇ ਸਾਂਝੇ ਸਰਕਾਰੀ ਦਫ਼ਤਰ ਪ੍ਰਿੰਸੀਪਲ ਕੌਂਸਲ ਆਫਿਸ ਤੋਂ ਸੀਨੀਅਰ ਬੁਲਾਰੀ ਨੇਥਲੀ ਡਰੋਇਨ ਦੇ ਹਵਾਲੇ ਨਾਲ ਬਿਆਨ ਜਾਰੀ ਕਰਕੇ ਕਿਹਾ ਗਿਆ ਸੀ ਕਿ ਜਨਤਕ ਸੁਰੱਖਿਆ ਨੂੰ ਖਤਰਾ ਹੋਣ ਦੇ ਅਧਾਰ 'ਤੇ ਬੀਤੀ 14 ਅਕਤੂਬਰ ਨੂੰ ਆਰ.ਸੀ.ਐੱਮ.ਪੀ. ਦੇ ਅਧਿਕਾਰੀਆਂ ਨੇ ਵਿਸ਼ੇਸ਼ ਕਦਮ ਉਠਾਏ ਗਏ ਸਨ ਅਤੇ ਭਾਰਤ ਸਰਕਾਰ ਦੇ ਏਜੰਟਾਂ ਵਲੋਂ ਕੈਨੇਡਾ ਵਿੱਚ ਗੰਭੀਰ ਮੁਜਰਮਾਨਾ ਸਰਗਰਮੀਆਂ ਵਿੱਚ ਸ਼ਮੂਲੀਅਤ ਦੇ ਦੋਸ਼ ਜਨਤਕ ਤੌਰ 'ਤੇ ਲਗਾਏ ਗਏ ਸਨ। ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਕੈਨੇਡਾ ਸਰਕਾਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਸੁਬਰਾਮਨੀਅਮ ਜੈਸ਼ੰਕਰ ਜਾਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਕੈਨੇਡਾ ਵਿੱਚ ਮੁਜ਼ਰਮਾਨਾ ਸਰਗਰਮੀਆਂ ਵਿੱਚ ਸ਼ਮੂਲੀਅਤ ਦੇ ਸਬੂਤਾਂ ਦੀ ਜਾਣਕਾਰੀ ਨਹੀਂ ਅਤੇ ਨਾ ਕੈਨੇਡਾ ਸਰਕਾਰ ਵਲੋਂ ਅਜਿਹੇ ਦੋਸ਼ ਲਗਾਏ ਗਏ ਹਨ। ਨੇਥਲੀ ਡਰੋਇਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਹੈ ।

ਪ੍ਰਧਾਨ ਮੰਤਰੀ ਟਰੂਡੋ ਨੇ ਬੀਤੇ ਦਿਨੀਂ ਬਰੈਂਪਟਨ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਅਸੀਂ ਦੇਖਿਆ ਹੈ ਕਿ ਮੀਡੀਆ ਨੂੰ ਗੁਪਤ ਤੱਥਾਂ ਨੂੰ ਲੀਕ ਕਰਨ ਵਾਲੇ ਅਪਰਾਧੀਆਂ ਨੇ ਲਗਾਤਾਰ ਗ਼ਲਤ ਜਾਣਕਾਰੀ ਪ੍ਰਦਾਨ ਕੀਤੀ ਹੈ। ਉਸਨੇ ਅੱਗੇ ਕਿਹਾ ਕਿ ਇਸੇ ਲਈ ਅਸੀਂ ਵਿਦੇਸ਼ੀ ਦਖਲਅੰਦਾਜ਼ੀ ਦੀ ਰਾਸ਼ਟਰੀ ਜਾਂਚ ਸ਼ੁਰੂ ਕੀਤੀ, ਜੋ ਦਰਸਾਉਂਦੀ ਹੈ ਕਿ ਮੀਡੀਆ ਨੂੰ ਜਾਣਕਾਰੀ ਲੀਕ ਕਰਨ ਵਾਲੇ ਦੋਸ਼ੀ ਨਾ ਸਿਰਫ ਗੈਰ ਭਰੋਸੇਯੋਗ ਹਨ, ਬਲਕਿ ਅਪਰਾਧੀ ਵੀ ਹਨ। ਪ੍ਰੈਸ ਕਾਨਫਰੰਸ ਵਿੱਚ ਟਰੂਡੋ ਤੋਂ ਗਲੋਬ ਐਂਡ ਮੇਲ ਰਿਪੋਰਟ ਅਤੇ ਕੈਨੇਡੀਅਨ ਸੁਰੱਖਿਆ ਏਜੰਸੀ ਬਾਰੇ ਪੁੱਛਿਆ ਗਿਆ ਕਿ ਕੀ ਸਰਕਾਰ ਇਸ ਗੱਲ ਦੀ ਜਾਂਚ ਕਰੇਗੀ। ਟਰੂਡੋ ਨੇ ਕਿਹਾ ਕਿ ਕੋਈ ਏਜੰਸੀ ਅਜਿਹਾ ਦਾਅਵਾ ਕਿਵੇਂ ਕਰ ਸਕਦੀ ਹੈ ਅਤੇ ਕੋਈ ਵੀ ਮੁੱਖ ਧਾਰਾ ਮੀਡੀਆ ਬਿਨਾਂ ਭਰੋਸੇਯੋਗ ਸਬੂਤਾਂ ਦੇ ਅਜਿਹਾ ਦਾਅਵਾ ਕਿਵੇਂ ਕਰ ਸਕਦਾ ਹੈ ਕੀ ਤੁਸੀਂ ਇਸਨੂੰ ਛਾਪਦੇ ਹੋ ?

ਯਾਦ ਰਹੇ ਕਿ ਜਸਟਿਨ ਟਰੂਡੋ ਬੀਤੇ ਸਾਲ ਸਤੰਬਰ ਤੋਂ ਖ਼ਾਲਿਸਤਾਨੀ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਭਾਰਤ ਵਿਰੁੱਧ ਦੇਸ਼ ਦੀ ਸੰਸਦ ਵਿੱਚ ਖੜ੍ਹ ਕੇ ਵੀ ਦੋਸ਼ ਲਗਾ ਚੁੱਕੇ ਹਨ। ਭਾਰਤੀ ਕੂਟਨੀਤਕਾਂ ਵੱਲੋਂ ਕੈਨੇਡਾ ਵਿੱਚ ਸਿੱਖਾਂ ਬਾਰੇ ਜਾਣਕਾਰੀ ਇਕੱਤਰ ਕਰਨ ਅਤੇ ਉਹ ਜਾਣਕਾਰੀ ਗੈਂਗਸਟਰਾਂ ਨੂੰ ਦੇ ਕੇ ਸਿੱਖਾਂ ਵਿਰੁੱਧ ਵਾਰਦਾਤਾਂ ਕਰਵਾਉਣ ਦੇ ਦੋਸ਼ ਵੀ ਲੱਗਦੇ ਰਹੇ ਹਨ। ਇਹ ਵੀ ਕਿਹਾ ਗਿਆ ਸੀ ਕਿ ਗੈਂਗਸਟਰ ਲਾਰੰਸ ਬਿਸ਼ਨੋਈ ਗਿਰੋਹ ਭਾਰਤ ਦਾ ਸਰਕਾਰੀ ਗਿਰੋਹ ਹੈ,ਜਿਸਨੂੰ ਕੈਨੇਡਾ ਵਿੱਚ ਭਾਰਤੀ ਕੂਟਨੀਤਿਕ ਅਫਸਰਾਂ ਨੇ ਪਾਲਿਆ ਹੈ। ਇਸ ਰਾਹੀਂ ਕੈਨੇਡਾ ਵਿੱਚ ਖ਼ਾਲਿਸਤਾਨੀਆਂ ਵਿਰੁੱਧ ਵਾਰਦਾਤਾਂ ਕਰਵਾਈਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਜੂਨ 2023 ਵਿੱਚ ਖ਼ਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੀ ਇੱਕ ਗੁਰਦੁਆਰੇ ਦੇ ਬਾਹਰ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹਾਲਾਂਕਿ ਹੁਣ ਤੱਕ ਇਹ ਭੇਤ ਸਾਹਮਣੇ ਨਹੀਂ ਆ ਸਕਿਆ ਕਿ ਇਹ ਕਤਲ ਕਿਸ ਨੇ ਕੀਤਾ ਹੈ ? ਕੈਨੇਡਾ ਸਰਕਾਰ ਹਾਲੇ ਜਾਂਚ ਕਰ ਰਹੀ ਹੈ।

# ਕੀ ਅਮਰੀਕਾ ਦੇ ਰਾਸ਼ਟਰਪਤੀ ਦੇ ਬਦਲਦੇ ਹੀ ਗਾਜ਼ਾ ਯੁੱਧ ਰੁਕ ਜਾਵੇਗਾ ?

## ਡੋਨਾਲਡ ਟਰੰਪ ਨੇ ਖ਼ੁਦ ਮੁੱਖ ਭੂਮਿਕਾ ਨਿਭਾਉਣ ਦਾ ਕੀਤਾ ਦਾਅਵਾ

ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਪਹਿਲਾਂ ਗਾਜ਼ਾ ਵਿੱਚ ਬੰਧਕ ਬਣਾਏ ਗਏ ਇਜ਼ਰਾਈਲੀਆਂ ਦੇ ਪਰਿਵਾਰ ਉਨ੍ਹਾਂ ਦੀ ਰਿਹਾਈ ਲਈ ਆਸਵੰਦ ਹਨ। ਹਮਾਸ ਦੇ ਕਬਜ਼ੇ ਤੋਂ ਇਜ਼ਰਾਇਲੀ ਬੰਧਕਾਂ ਨੂੰ ਛੁਡਾਉਣ ਲਈ ਟਰੰਪ ਮੌਜੂਦਾ ਰਾਸ਼ਟਰਪਤੀ ਜੋ ਬਾਈਡੇਨ ਨਾਲੋਂ ਜ਼ਿਆਦਾ ਹਮਲਾਵਰ ਕਦਮ ਚੁੱਕ ਸਕਦੇ ਹਨ। ਡੋਨਾਲਡ ਟਰੰਪ ਦੇ ਪ੍ਰੈੱਸ ਸਕੱਤਰ ਨੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਟਰੰਪ ਗਾਜ਼ਾ ਬੰਧਕਾਂ ਲਈ ਮੁੱਖ ਵਾਰਤਾਕਾਰ ਦੀ ਭੂਮਿਕਾ ਨਿਭਾ ਸਕਦੇ ਹਨ।

ਐਕਸੀਓਸ ਦੀ ਰਿਪੋਰਟ ਮੁਤਾਬਕ ਵ੍ਹਾਈਟ ਹਾਊਸ ਵਿਚ ਟਰੰਪ ਦੀ ਨਵੀਂ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਕਿਹਾ ਹੈ ਕਿ ਨਵੇਂ ਅਮਰੀਕੀ ਰਾਸ਼ਟਰਪਤੀ ਇਰਾਨ 'ਤੇ ਸਖ਼ਤ ਪਾਬੰਦੀਆਂ ਨੂੰ ਬਹਾਲ ਕਰਨਗੇ ਅਤੇ ਇਜ਼ਰਾਇਲ ਦਾ ਜ਼ੋਰਦਾਰ ਸਮਰਥਨ ਕਰਨਗੇ। ਉਨ੍ਹਾਂ ਕਿਹਾ, 'ਡੋਨਾਲਡ ਟਰੰਪ ਅਮਰੀਕਾ ਦੇ ਮੁੱਖ ਭੂਮਿਕਾ ਨਿਭਾਉਣਗੇ ਅਤੇ ਬੇਕਸੂਰ ਨਾਗਰਿਕਾਂ ਨੂੰ ਬੰਧਕ ਬਣਾਏ ਜਾਣ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਘਰ ਵਾਪਸ ਲਿਆਉਣ ਲਈ ਕੰਮ ਕਰਨਗੇ।

ਡੋਨਾਲਡ ਟਰੰਪ ਨੇ ਗਾਜ਼ਾ ਜੰਗ



ਨੂੰ ਜਲਦੀ ਖਤਮ ਕਰਨ ਦੀ ਮੰਗ ਕੀਤੀ ਹੈ। ਕੁਝ ਇਜ਼ਰਾਈਲ ਅਧਿਕਾਰੀ ਟਰੰਪ ਨੂੰ ਬਾਈਡੇਨ ਨਾਲੋਂ ਨੇਤਨਯਾਹੂ 'ਤੇ ਵਧੇਰੇ ਪ੍ਰਭਾਵ ਪਾਉਣ ਵਾਲੇ ਰਾਸ਼ਟਰਪਤੀ ਵਜੋਂ ਦੇਖਦੇ ਹਨ। ਫਾਊਂਡੇਸ਼ਨ ਫਾਰ ਡਿਫੈਂਸ ਆਫ ਡੈਮੋਕਰੇਸੀਜ਼ ਦੇ ਸੀਈਓ ਮਾਰਕ ਡੁਬੋਵਿਟਜ਼ ਨੇ ਕਿਹਾ ਕਿ ਟਰੰਪ ਨੂੰ ਤੁਰੰਤ ਬਿਆਨ ਜਾਰੀ ਕਰਕੇ ਸਾਰੇ ਬੰਧਕਾਂ ਦੀ ਰਿਹਾਈ ਦੀ ਸਪੱਸ਼ਟ ਮੰਗ ਕਰਨੀ ਚਾਹੀਦੀ ਹੈ।

ਗਾਜ਼ਾ ਵਿੱਚ ਇੱਕ ਸਾਲ ਤੋਂ ਵੱਧ ਦੀ ਲੜਾਈ ਦੇ ਬਾਵਜੂਦ, ਇਜ਼ਰਾਈਲ ਲਈ ਆਪਣੇ ਬੰਧਕਾਂ ਨੂੰ ਛੁਡਾਉਣਾ ਸੰਭਵ ਨਹੀਂ ਹੋ ਸਕਿਆ। ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਅਤੇ ਬੰਧਕਾਂ ਦੀ ਰਿਹਾਈ ਲਈ ਗੱਲਬਾਤ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਰੁਕੀ ਹੋਈ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਬੰਦੀ ਛੁਡਵਾਉਣ ਸੰਬੰਧੀ ਸੌਦੇ ਦੇ ਬਦਲੇ ਯੁੱਧ ਖਤਮ ਕਰਨ ਦਾ ਵਿਰੋਧ ਕੀਤਾ ਹੈ। ਉਹ ਇਸ ਨੂੰ ਇਜ਼ਰਾਈਲ ਦੀ ਹਾਰ ਦੀ ਨਿਸ਼ਾਨੀ ਵਜੋਂ ਦੇਖਦਾ ਹੈ। ਅਜਿਹੇ ਵਿੱਚ ਬੰਧਕਾਂ ਦੀ ਰਿਹਾਈ ਨੂੰ ਲੈ ਕੇ ਅਨਿਸ਼ਚਿਤਤਾ ਬਣੀ ਹੋਈ ਹੈ।

# ਭਾਰਤ ਦੀ ਸਿਆਸਤ ਵਿੱਚ ਆਖ਼ਿਰ ਮੋਦੀ ਕਿਉਂ ਛਾਏ ?

## ਹੁਣ ਪ੍ਰਧਾਨ ਮੰਤਰੀ ਮੋਦੀ ਦੀਆਂ ਨਜ਼ਰਾਂ 2029 'ਤੇ

## ਕਾਂਗਰਸ ਦਾ ਪਰਿਵਾਰਵਾਦ ਤੇ ਰਾਜਨੀਤਕ ਜੇਤੂ ਹੋਣ ਦਾ ਹੰਕਾਰ ਲੈ ਬੈਠਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਇਹ ਆਮ ਧਾਰਨਾ ਹੈ ਕਿ ਉਹ ਹਮੇਸ਼ਾ ਚੋਣਾਂਵੀ ਮੋਡ ਵਿੱਚ ਰਹਿੰਦੇ ਹਨ ਅਤੇ ਇੱਕ ਚੋਣ ਜਿੱਤਦਿਆਂ ਹੀ ਆਪਣੀ ਟੀਮ ਦੇ ਨਾਲ ਦੂਜੀ ਚੋਣ ਦੀ ਤਿਆਰੀ ਵਿੱਚ ਜੁਟ ਜਾਂਦੇ ਹਨ।

ਹੁਣ ਇਹੀ ਗੱਲ ਭਾਜਪਾ ਦੇ ਸਹਿਯੋਗੀ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਰਸਮੀ ਤੌਰ 'ਤੇ ਕਹਿ ਦਿੱਤੀ ਹੈ। ਉਨ੍ਹਾਂ ਨੇ ਇੱਕ ਮੀਡੀਆ ਸਮੂਹ ਦੇ ਪ੍ਰੋਗਰਾਮ ਵਿੱਚ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਸਮਾਪਤ ਹੋਣ ਅਤੇ ਨਵੀਂ ਸਰਕਾਰ ਬਣਨ ਦੇ ਨਾਲ ਹੀ



ਮੋਦੀ ਅਗਲੀਆਂ ਚੋਣਾਂ ਭਾਵ 2029 ਦੀਆਂ ਚੋਣਾਂ ਲਈ ਤਿਆਰੀ ਵਿੱਚ ਜੁਟ ਗਏ ਹਨ। ਨਾਇਡੂ ਦੇ ਮੁਤਾਬਿਕ ਮੋਦੀ ਨੇ ਅਗਲੀਆਂ ਚੋਣਾਂ ਜਿੱਤਣ ਦੀ ਯੋਜਨਾ ਬਣਾ ਲਈ ਹੈ। ਨਾਇਡੂ ਦੀ ਮੰਨੀਏ ਤਾਂ ਭਾਜਪਾ ਅਤੇ ਮੋਦੀ ਦੀ ਰਾਜਨੀਤੀ ਦੇ ਮੁਕਾਬਲੇ ਕਾਂਗਰਸ ਅਤੇ ਰਾਹੁਲ ਗਾਂਧੀ ਦੀ ਰਾਜਨੀਤੀ ਵਿੱਚ ਫ਼ਰਕ ਸਾਫ਼ ਦਿਖਾਈ ਦੇਵੇਗਾ।

ਕਾਂਗਰਸ ਤਾਂ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵੀ ਠੀਕ ਢੰਗ ਨਾਲ ਨਹੀਂ ਕਰ ਸਕੀ ਅਤੇ ਨਾ ਹੀ ਇਨ੍ਹਾਂ ਚੋਣਾਂ ਵਿੱਚ ਉਸ ਨੇ ਪ੍ਰਚਾਰ ਠੀਕ ਢੰਗ ਨਾਲ ਕੀਤਾ।

ਜਦੋਂ ਕਿ ਮੋਦੀ ਨੇ 2029 ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਮੋਦੀ ਦੀ ਸੱਤਾ ਦੀ ਭੁੱਖ ਤਾਂ ਜ਼ਾਹਿਰ ਹੁੰਦੀ ਹੀ ਹੈ, ਇਹ ਵੀ ਸਾਬਿਤ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੀ ਪਾਰਟੀ ਨੂੰ ਚੋਣ ਲੜਨ ਦੀ ਮਸ਼ੀਨਰੀ ਬਣਾ ਦਿੱਤਾ ਹੈ।

ਸਰਕਾਰ ਦੇ ਫ਼ੈਸਲੇ ਵੀ ਚੋਣਾਂ ਦੇ ਹਿਸਾਬ ਨਾਲ ਹੁੰਦੇ ਹਨ। ਇਸ ਲਿਹਾਜ਼ ਨਾਲ ਕਹਿ ਸਕਦੇ ਹਾਂ ਕਿ ਭਾਜਪਾ ਉਸ ਵਿਦਿਆਰਥੀ ਦੀ ਤਰ੍ਹਾਂ ਹੈ, ਜੋ ਇੱਕ ਪ੍ਰੀਖਿਆ ਖ਼ਤਮ ਹੁੰਦਿਆਂ ਹੀ ਅਗਲੀ ਪ੍ਰੀਖਿਆ ਦੀਆਂ ਤਿਆਰੀਆਂ ਵਿੱਚ ਜੁਟ ਜਾਂਦਾ ਹੈ ਅਤੇ ਕਾਂਗਰਸ ਉਸ ਵਿਦਿਆਰਥੀ ਵਾਂਗ ਹੈ, ਜਿਸ ਦੀ ਪੜ੍ਹਾਈ ਪ੍ਰੀਖਿਆ ਦਾ ਟਾਈਮ ਟੇਬਲ ਆਉਣ ਤੋਂ ਬਾਅਦ ਸ਼ੁਰੂ ਹੁੰਦੀ ਹੈ। ਕਾਂਗਰਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਵੱਡੇ ਕਾਰਪੋਰੇਟ ਘਰਾਣਿਆਂ ਦੇ ਸਹਾਰੇ ਚੋਣਾਂ ਲੜਨ ਵਾਲੀ ਭਾਜਪਾ ਨੂੰ ਹਰਾਉਣਾ ਉਸ ਦੇ ਵੱਸ ਦਾ ਰੋਗ ਨਹੀਂ। ਹਰ ਰਾਜ ਦੀ ਨਿੱਕੀ ਤੋਂ ਨਿੱਕੀ ਪਾਰਟੀ ਅਤੇ ਜਨਤਕ ਜਥੇਬੰਦੀਆਂ ਨੂੰ ਨਾਲ ਲੈ ਕੇ ਹੀ ਮੋਦੀ ਰਾਜ ਤੋਂ ਪਿੱਛਾ ਛੁਡਾਇਆ ਜਾ ਸਕਦਾ ਹੈ।

# ਡੇਰਾ ਸਿਰਸਾ ਸਾਧ ਮੁੜ ਸੰਕਟ 'ਚ, ਕਸੇਗਾ ਹੋਰ ਕਾਨੂੰਨੀ ਸ਼ਿਕੰਜਾ

## ਰੱਬ ਨਾਲ ਜੋੜਨ ਦੇ ਨਾਂ 'ਤੇ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਲੱਗੇ ਸਨ ਦੋਸ਼

ਪੰਜਾਬ-ਹਰਿਆਣਾ ਹਾਈ ਕੋਰਟ ਨੇ ਸੌਦਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਕੇਸ ਦੀ ਡਾਇਰੀ ਅਤੇ ਗਵਾਹਾਂ ਦੇ ਬਿਆਨਾਂ ਦੀਆਂ ਕਾਪੀਆਂ ਸੌਂਪਣ ਦੇ ਪੰਚਕੂਲਾ ਸੀ.ਬੀ.ਆਈ. ਅਦਾਲਤ ਦੇ ਹੁਕਮਾਂ ਵਿਰੁੱਧ ਦਾਇਰ ਸੀ.ਬੀ.ਆਈ. ਦੀ ਪਟੀਸ਼ਨ 'ਤੇ ਫੈਸਲਾ ਸੁਣਾਇਆ। ਸਾਧੂਆਂ ਨੂੰ ਨਪੁੰਸਕ ਬਣਾਉਣ ਦਾ ਮਾਮਲਾ ਸੁਰੱਖਿਅਤ ਰੱਖਿਆ ਹੈ।

ਹਾਈ ਕੋਰਟ ਨੇ ਸੀ.ਬੀ.ਆਈ. ਦੀ ਇਸ ਪਟੀਸ਼ਨ 'ਤੇ 2019 ਵਿੱਚ ਇਸ ਕੇਸ ਦੀ ਸੁਣਵਾਈ 'ਤੇ ਰੋਕ ਲਗਾ ਦਿੱਤੀ ਸੀ, ਉਦੋਂ ਤੋਂ ਇਸ ਕੇਸ ਦੀ ਸੁਣਵਾਈ ਰੁਕੀ ਹੋਈ ਹੈ। ਹੁਣ ਇਸ ਕੇਸ ਦਾ ਫੈਸਲਾ ਆਉਣ ਤੋਂ ਬਾਅਦ ਜਲਦੀ ਹੀ ਸੁਣਵਾਈ ਸ਼ੁਰੂ ਹੋ ਸਕਦੀ ਹੈ।

**ਪਟੀਸ਼ਨ ਵਿੱਚ ਕੀ ਦੋਸ਼ ਲਾਏ ਗਏ ?**

ਡੇਰੇ ਵਿੱਚ ਸਾਧੂਆਂ ਨੂੰ ਕੱਢਣ ਨੂੰ ਲੈ ਕੇ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਮਾਮਲੇ ਵਿੱਚ ਪਟੀਸ਼ਨਕਰਤਾ ਹਰਿਆਣਾ ਦੇ ਫ਼ਤਿਹਾਬਾਦ ਦੇ ਕਸਬਾ ਟੋਹਾਣਾ ਦੇ ਰਹਿਣ ਵਾਲੇ ਹੰਸ ਰਾਜ ਚੌਹਾਨ (ਡੇਰਾ ਸਿਰਸਾ ਦੇ ਪੁਰਾਣੇ ਸ਼ਰਧਾਲੂ) ਨੇ ਦੋਸ਼ ਲਗਾਇਆ ਸੀ ਕਿ ਆਸ਼ਰਮ ਵਿੱਚ 400 ਸਾਧੂਆਂ ਨੂੰ ਭਗਵਾਨ ਨਾਲ ਜੋੜਨ ਦੇ ਨਾਂ 'ਤੇ ਨਪੁੰਸਕ ਬਣਾਇਆ ਜਾ ਰਿਹਾ ਹੈ। ਪਟੀਸ਼ਨਕਰਤਾ ਨੇ ਕਿਹਾ ਸੀ ਕਿ ਉਹ ਖੁਦ ਇਸ ਦਾ ਸ਼ਿਕਾਰ ਹੋ ਗਿਆ ਸੀ ਅਤੇ ਉਸ ਦੇ ਸਰੀਰ ਵਿੱਚ ਅਜੀਬ ਬਦਲਾਅ ਆਉਣ ਲੱਗੇ ਸਨ। ਹਾਈ ਕੋਰਟ ਨੇ ਮਾਮਲੇ ਦੀ ਲੰਮੀ ਸੁਣਵਾਈ ਤੋਂ ਬਾਅਦ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਸਨ।

ਹੁਕਮਾਂ ਤੋਂ ਬਾਅਦ ਸੀ.ਬੀ.ਆਈ. ਨੇ ਜਾਂਚ ਸ਼ੁਰੂ ਕੀਤੀ ਅਤੇ ਹੇਠਲੀ ਅਦਾਲਤ ਵਿੱਚ ਚਾਰਜਸ਼ੀਟ ਪੇਸ਼ ਕੀਤੀ। ਸੀ.ਬੀ.ਆਈ. ਦੇ ਦੋਸ਼ ਪੱਤਰ ਮੁਤਾਬਕ ਰਾਮ ਰਹੀਮ ਨੇ ਸਾਧੂਆਂ ਨੂੰ ਨਿਪੁੰਸਕ ਬਣਾ ਕੇ ਉਨ੍ਹਾਂ ਦੇ ਨਾਵਾਂ 'ਤੇ ਜ਼ਮੀਨ ਖਰੀਦੀ ਹੋਈ ਸੀ। ਸੌਦਾ ਸਾਧ ਰਾਮ ਰਹੀਮ ਦੀ ਇਸ ਨਿਪੁੰਸਕ ਫ਼ੌਜ ਬਾਰੇ ਛੇ ਸਾਧੂਆਂ ਦੇ ਬਿਆਨਾਂ ਤੋਂ ਖੁਲਾਸਾ ਹੋਇਆ ਹੈ। ਡੇਰਾ ਮੁਖੀ ਨਿਪੁੰਸਕ ਬਣਾਏ ਹੋਏ ਸਾਧੂਆਂ ਨੂੰ ਆਪਣੀ ਗੁਫਾ ਦੇ ਨਜ਼ਦੀਕ ਰੱਖਦਾ ਸੀ। ਉਸ ਸਾਧਵੀਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਨੂੰ ਨਿਪੁੰਸਕ ਕਰ ਦਿੰਦਾ ਸੀ।


ਚਾਰਜਸ਼ੀਟ ਮੁਤਾਬਕ ਸਾਧੂਆਂ ਨੂੰ ਨਿਪੁੰਸਕ ਬਣਾਉਣ ਦਾ ਸਿਲਸਿਲਾ ਸਾਲ 1999 ਵਿੱਚ ਸ਼ੁਰੂ ਹੋਇਆ ਸੀ। ਜਦੋਂ ਡੇਰਾ ਮੁਖੀ ਨੇ ਸਾਧੂਆਂ ਦੀ ਸਾਧਵੀਆਂ ਨਾਲ ਵਧਦੀ ਨੇੜਤਾ ਬਾਰੇ ਪਤਾ ਲੱਗਾ ਤਾਂ ਉਸ ਨੇ ਸਾਧੂਆਂ ਨੂੰ 'ਨਿਪੁੰਸਕ-ਵਿਧੀ' ਰਾਹੀਂ ਪਰਮਾਤਮਾ ਨੂੰ ਪਾਉਣ ਦਾ ਰਾਹ ਦੱਸਿਆ।

ਦਰਅਸਲ 1999 ਵਿੱਚ ਸਾਧੂ ਬਲਜਿੰਦਰ ਸਿੰਘ ਨੂੰ ਰਾਮ ਰਹੀਮ ਦੇ ਸੁਰੱਖਿਆ ਗਾਰਡ ਨੇ ਇੱਕ ਸਾਧਵੀ ਨਾਲ ਸ਼ੱਕੀ ਹਾਲਤ ਵਿੱਚ ਗੱਲਾਂ ਕਰਦੇ ਹੋਏ ਵੇਖ ਲਿਆ ਤੇ ਉਸ ਦੀ ਸ਼ਿਕਾਇਤ ਰਾਮ ਰਹੀਮ ਕੋਲ ਪਹੁੰਚ ਗਈ। ਉਦੋਂ ਤੋਂ ਡੇਰੇ ਵਿੱਚ ਸਾਧੂਆਂ ਨੂੰ ਨਿਪੁੰਸਕ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ।

ਸੀ.ਬੀ.ਆਈ. ਵੱਲੋਂ ਦਾਇਰ ਦੋਸ਼ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਜੋ ਵੀ ਸਾਧੂ ਨਿਪੁੰਸਕ ਹੋਣ ਤੋਂ ਮਨ੍ਹਾ ਕਰ ਦਿੰਦਾ ਸੀ ਤਾਂ ਉਸ ਦਾ ਜ਼ਬਰਦਸਤੀ ਆਪ੍ਰੇਸ਼ਨ ਕਰ ਦਿੱਤਾ ਜਾਂਦਾ ਸੀ। ਉਦੋਂ ਤੋਂ ਇਹ ਕੇਸ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵਿੱਚ ਚੱਲ ਰਿਹਾ ਹੈ।

ਸੀ.ਬੀ.ਆਈ. ਅਦਾਲਤ ਨੇ 16 ਫਰਵਰੀ 2019 ਨੂੰ ਇਸ ਕੇਸ ਦੀ ਡਾਇਰੀ ਅਤੇ ਗਵਾਹਾਂ ਦੇ ਬਿਆਨਾਂ ਦੀ ਕਾਪੀ ਡੇਰਾ ਮੁਖੀ ਨੂੰ ਦੇਣ ਦਾ ਹੁਕਮ ਦਿੱਤਾ ਸੀ। ਸੀ.ਬੀ.ਆਈ. ਅਦਾਲਤ ਦੇ ਇਸ ਹੁਕਮ ਨੂੰ ਸੀ.ਬੀ.ਆਈ. ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਉਦੋਂ ਹਾਈਕੋਰਟ ਨੇ ਇਸ ਮਾਮਲੇ ਦੀ ਸੁਣਵਾਈ 'ਤੇ ਰੋਕ ਲਗਾ ਦਿੱਤੀ ਸੀ ਅਤੇ ਹੁਣ ਹਾਈਕੋਰਟ ਨੇ ਇਸ ਮਾਮਲੇ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ।

**ਗੁਰੂ ਬੇਅਦਬੀ ਦਾ ਕੇਸ ਵੀ ਚੱਲੇਗਾ**



ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਹੀ ਬੇਅਦਬੀ ਮਾਮਲਿਆਂ 'ਤੇ ਲੱਗੀ ਰੋਕ ਹਟਾ ਦਿੱਤੀ ਸੀ। ਦਰਅਸਲ, ਜੂਨ ਤੋਂ ਅਕਤੂਬਰ 2015 ਦਰਮਿਆਨ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਵਿੱਚ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਤਿੰਨ ਕਥਿਤ ਘਟਨਾਵਾਂ ਵਾਪਰੀਆਂ ਸਨ। 2 ਜੂਨ, 2015 ਨੂੰ ਸਥਾਨਕ ਪੁਲਿਸ ਸਟੇਸ਼ਨ ਵਿੱਚ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਇੱਕ ਐਫ.ਆਈ.ਆਰ. ਦਰਜ ਕੀਤੀ ਗਈ ਸੀ।

ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ 1 ਜੂਨ 2015 ਨੂੰ ਕੁਝ ਅਣਪਛਾਤਿਆਂ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਚੋਰੀ ਕਰ ਲਿਆ। ਉਪਰੰਤ 24 ਸਤੰਬਰ ਨੂੰ ਚੋਰੀ ਕੀਤੀ ਗਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਅੰਗ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਦੀਆਂ ਗਲੀਆਂ ਵਿੱਚ ਖਿਲਾਰੇ ਗਏ। ਇਸ ਤੋਂ ਬਾਅਦ 12 ਅਕਤੂਬਰ ਨੂੰ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਪਿੰਡ ਦੇ ਗੁਰਦੁਆਰਾ ਸਾਹਿਬ ਨਜ਼ਦੀਕ ਇਤਰਾਜ਼ਯੋਗ ਪੋਸਟਰ ਲਾਏ ਗਏ। ਪੁਲਿਸ ਨੇ ਇਸ ਮਾਮਲੇ ਵਿੱਚ ਬੇਅਦਬੀ ਦੇ ਇਲਜ਼ਾਮ ਤਹਿਤ ਤਿੰਨ ਪਰਚੇ ਦਰਜ ਕੀਤੇ, ਜਿਸ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਸੱਤ ਡੇਰਾ ਪ੍ਰੇਮੀਆਂ ਨੂੰ ਮੁਲਜ਼ਮ ਬਣਾਇਆ ਗਿਆ। ਵਿਸ਼ੇਸ਼ ਜਾਂਚ ਟੀਮ ਦੇ ਦਾਅਵਿਆਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ, ਬੀੜ ਦੇ ਅੰਗ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੀ ਸਾਜ਼ਿਸ਼ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਵੱਲੋਂ ਸਿਰਸੇ ਦੇ ਡੇਰੇ ਵਿੱਚ ਰਚੀ ਗਈ ਸੀ। ਇਸ ਮਾਮਲੇ ਵਿੱਚ ਨਾਮਜ਼ਦ ਹੁਣ ਤੱਕ ਤਿੰਨ ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ। ਇਸੇ ਨੂੰ ਮੁੱਦਾ ਬਣਾ ਕੇ ਡੇਰਾ ਪ੍ਰੇਮੀਆਂ ਨੇ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕਰਕੇ ਤਿੰਨੇ ਮੁਕੱਦਮੇ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕਰਵਾ ਲਏ ਸਨ। ਮਾਮਲੇ ਤਬਦੀਲ ਹੋਣ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਉੱਪਰ ਰੋਕ ਲਾ ਦਿੱਤੀ, ਜਿਸ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹੁਣ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਮੁਕੱਦਮਿਆਂ ਦੀ ਸੁਣਵਾਈ ਉੱਪਰ ਰੋਕ ਲਾਉਣ ਵਾਲੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ, ਜਿਸ ਨਾਲ ਡੇਰਾ ਪ੍ਰੇਮੀਆਂ ਖ਼ਿਲਾਫ਼ ਚੰਡੀਗੜ੍ਹ ਦੀ ਅਦਾਲਤ ਵਿੱਚ ਦੁਬਾਰਾ ਸੁਣਵਾਈ ਸ਼ੁਰੂ ਹੋਣ ਦੀ ਆਸ ਬੱਝੀ ਹੈ।

**20 ਸਾਲ ਦੀ ਸਜ਼ਾ ਕੱਟ ਰਿਹਾ ਹੈ ਡੇਰਾ ਮੁਖੀ**

ਡੇਰਾ ਮੁਖੀ ਰਾਮ ਰਹੀਮ ਇਸ ਸਮੇਂ ਸੁਨਾਰੀਆ ਜੇਲ੍ਹ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਰਾਮ ਰਹੀਮ ਨੂੰ 2017 ਵਿੱਚ ਆਪਣੀਆਂ ਦੋ ਵਿਦਿਆਰਥਣਾਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਇਸ ਤੋਂ ਇਲਾਵਾ ਡੇਰਾ ਮੁਖੀ ਰਾਮ ਰਹੀਮ ਅਤੇ ਤਿੰਨ ਹੋਰ ਲੋਕਾਂ ਨੂੰ ਪੱਤਰਕਾਰ ਦੀ ਹੱਤਿਆ ਦੇ ਮਾਮਲੇ ਵਿੱਚ ਵੀ ਦੋਸ਼ੀ ਪਾਇਆ ਗਿਆ ਹੈ। ਸਾਲ 2019 ਵਿੱਚ ਅਦਾਲਤ ਨੇ ਪੱਤਰਕਾਰ ਕਤਲ ਕੇਸ ਵਿੱਚ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਸੀ।

# ਜੇਲ੍ਹ ਵਿੱਚ ਹਨ ਸੌਦਾ ਸਾਧ ਵਰਗੇ ਕਈ ਹੋਰ ਰੰਗੀਲੇ ਬਾਬੇ







2013 ਦੌਰਾਨ ਆਸਾ ਰਾਮ, ਜਿਸ ਨੂੰ ਭਾਰਤ ਦੇ ਟੀ.ਵੀ. ਚੈਨਲਾਂ ਨੇ ਬਾਪੂ ਆਸਾ ਰਾਮ ਬਣਾ ਦਿੱਤਾ ਸੀ, ਨੂੰ ਇੱਕ ਨਾਬਾਲਗ ਲੜਕੀ ਦੀ ਪੱਤ ਲੁੱਟਣ ਦੇ ਦੋਸ਼ ਅਧੀਨ ਸਜ਼ਾ ਸੁਣਾਈ ਗਈ ਸੀ। ਉਸਦੇ ਦੋ ਸਹਿਯੋਗੀਆਂ ਨੂੰ ਵੀ 20-20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਆਸਾ ਰਾਮ ਦੀਆਂ ਕਰਤੂਤਾਂ ਨੇ ਧਰਮ ਦੇ ਪਰਦੇ ਹੇਠ ਵਿਚਰਦੇ ਦਰਿੰਦਿਆਂ ਦੀ ਖਤਰਨਾਕ ਸੋਚ ਅਤੇ ਖਤਰਨਾਕ ਇਰਾਦਿਆਂ ਨੂੰ ਬੇਪਰਦ ਕਰ ਦਿੱਤਾ ਸੀ। ਧਰਮ ਦਾ ਕਥਿਤ ਪਰਚਾਰ ਕਰਨ ਦੇ ਦਾਅਵੇ ਕਰਨ ਵਾਲੇ ਲੋਕ ਅਸਲ ਵਿੱਚ ਧਰਮ ਤੋਂ ਕਿੰਨੇ ਦੂਰ ਹਨ। ਇਸ ਦਾ ਖੁਲਾਸਾ, ਗੁਰਮੀਤ ਰਾਮ ਰਹੀਮ, ਰਾਮ ਗੋਪਾਲ ਅਤੇ ਹੁਣ ਆਸਾ ਰਾਮ ਦੇ ਕਾਰਨਾਮਿਆਂ ਨੇ ਕਰ ਦਿੱਤਾ ਸੀ। ਇਨ੍ਹਾਂ ਤਿੰਨਾਂ ਨੇ ਧਰਮ ਦਾ ਸਹਾਰਾ ਲੈ ਕੇ ਨਾ ਕੇਵਲ ਵੱਡੀਆਂ ਆਰਥਿਕ ਸਲਤਨਤਾਂ ਖੜ੍ਹੀਆਂ ਕੀਤੀਆਂ, ਬਲਕਿ ਰਾਜਸੀ ਲੀਡਰਸ਼ਿਪ ਦਾ ਓਟ ਆਸਰਾ ਲੈ ਕੇ ਅਜਿਹੀਆਂ ਘਿਣਾਉਣੀਆਂ ਅਤੇ ਧਰਮ ਵਿਰੋਧੀ ਕਾਰਵਾਈ ਸਾਲਾਂ-ਬੱਧੀ ਕੀਤੀਆਂ ਕਿ ਜਿਸ ਨਾਲ ਸੱਭਿਅਕ ਸਮਾਜ ਨੂੰ ਵੀ ਸਿਰ ਝੁਕਾਉਣਾ ਪੈ ਗਿਆ ਸੀ।

ਦਿੱਲੀ ਦੇ ਬਾਬਾ ਭੀਮਾਨੰਦ ਆਪਣੇ ਆਪ ਨੂੰ ਇੱਛਾਧਾਰੀ ਸੰਤ ਦੱਸਦੇ ਸਨ। ਭੀਮਾਨੰਦ ਆਪਣੇ ਨਾਗਿਨ ਡਾਂਸ ਕਰਕੇ ਵੀ ਚਰਚਾ ਵਿੱਚ ਰਹਿੰਦੇ ਸਨ।1997 ਵਿੱਚ ਉਨ੍ਹਾਂ ਨੂੰ ਦਿੱਲੀ ਦੇ ਲਾਜਪਤ ਨਗਰ ਇਲਾਕੇ ਤੋਂ ਪੁਲਿਸ ਨੇ ਦੇਹ ਵਪਾਰ ਵਿੱਚ ਸ਼ਾਮਿਲ ਹੋਣ ਦੇ ਇਲਜ਼ਾਮਾਂ ਅਧੀਨ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ 'ਤੇ ਇਲਜ਼ਾਮ ਸੀ ਕਿ ਉਹ ਪ੍ਰਵਚਨ ਬਹਾਨੇ ਕੁੜੀਆਂ ਨੂੰ ਬੁਲਾਉਂਦੇ ਹਨ ਤੇ ਗੁੰਮਰਾਹ ਕਰਕੇ ਸੈਕਸ ਰੈਕੇਟ ਚਲਾਉਂਦੇ ਹਨ।

ਆਪਣੇ ਆਪ ਨੂੰ ਸੰਤ ਦੱਸਣ ਵਾਲੇ ਭੀਮਾਨੰਦ ਦਾ ਅਸਲ ਨਾਮ ਸ਼ਿਵਮੂਰਤ ਦਿਵੇਦੀ ਹੈ। ਬਾਬਾ ਬਣਨ ਤੋਂ ਪਹਿਲਾਂ ਉਹ ਇੱਕ ਪੰਜ ਤਾਰਾ ਹੋਟਲ ਵਿੱਚ ਸੁਰੱਖਿਆ ਕਰਮੀਂ ਵਜੋਂ ਨੌਕਰੀ ਕਰਦੇ ਸਨ।

ਭੀਮਾਨੰਦ ਦੀ ਕਰੋੜਾਂ ਦੀ ਜਾਇਦਾਦ ਨੂੰ 2015 ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਜ਼ਬਤ ਕਰ ਲਈ ਸੀ। ਹਾਲਾਂ ਕਿ ਉਨ੍ਹਾਂ ਵਲੋਂ ਹੀ ਚਿਤਰਕੂਟ ਵਿੱਚ ਬਣਵਾਇਆ ਗਿਆ ਤਿੰਨ ਮੰਜ਼ਲਾਂ ਮੰਦਰ ਧਾਰਮਿਕ ਭਾਵਨਾਵਾਂ ਨੂੰ (ਬਾਕੀ ਸਫ਼ਾ 30 'ਤੇ)

# ਜ਼ਿਮਨੀ ਚੋਣਾਂ: ਪੰਜਾਬ 'ਚ 'ਆਪ' ਤਿੰਨ ਅਤੇ ਕਾਂਗਰਸ ਇੱਕ ਸੀਟ 'ਤੇ ਕਾਬਜ਼

## ਗਿੱਦੜਬਾਹਾ ਤੋਂ ਡਿੰਪੀ ਢਿੱਲੋਂ, ਡੇਰਾ ਬਾਬਾ ਨਾਨਕ ਤੋਂ ਗੁਰਦੀਪ ਰੰਧਾਵਾ, ਚੱਬੇਵਾਲ ਤੋਂ ਇਸ਼ਾਂਕ ਅਤੇ ਬਰਨਾਲਾ ਤੋਂ ਕੁਲਦੀਪ ਢਿੱਲੋਂ ਜੇਤੂ

ਚੰਡੀਗੜ੍ਹ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤਿੰਨ ਸੀਟਾਂ ਜਿੱਤੀਆਂ ਹਨ, ਜਦਕਿ ਵਿਰੋਧੀ ਧਿਰ ਕਾਂਗਰਸ ਦੀ ਝੋਲੀ ਇੱਕ ਸੀਟ ਪਈ ਹੈ। 'ਆਪ' ਦੇ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ, ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ ਅਤੇ ਚੱਬੇਵਾਲ ਤੋਂ ਇਸ਼ਾਂਕ ਕੁਮਾਰ ਨੇ ਜਿੱਤ ਹਾਸਲ ਕੀਤੀ ਹੈ। ਕਾਂਗਰਸ ਦੇ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ 'ਆਪ' ਦਾ ਗੜ੍ਹ ਬਰਨਾਲਾ ਹਲਕੇ 'ਚ ਚੋਣ ਜਿੱਤੀ ਹੈ। ਪੰਜਾਬ ਵਿਧਾਨ ਸਭਾ 'ਚ 'ਆਪ' ਦੇ ਵਿਧਾਇਕਾਂ ਦੀ ਗਿਣਤੀ ਹੁਣ 92 ਤੋਂ ਵੱਧ ਕੇ 94 ਹੋ ਗਈ ਹੈ, ਜਦੋਂ ਕਿ ਕਾਂਗਰਸ ਦੇ ਵਿਧਾਇਕ 18 ਤੋਂ ਘੱਟ ਕੇ 16 ਰਹਿ ਗਏ ਹਨ।

ਕਾਂਗਰਸ ਨੂੰ ਜ਼ਿਮਨੀ ਚੋਣਾਂ ਵਿੱਚ ਜ਼ੋਰਦਾਰ ਝਟਕਾ ਲੱਗਿਆ ਹੈ ਕਿਉਂਕਿ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਵੱਕਾਰੀ ਸੀਟਾਂ ਬਚਾਉਣ ਵਿੱਚ ਅਸਫ਼ਲ ਰਹੇ। 'ਆਪ' ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਗੜ੍ਹ ਵਿਚਲੀਆਂ ਸੀਟਾਂ 'ਤੇ ਹੂੰਝਾ ਫੇਰਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਗ਼ੈਰ-ਮੌਜੂਦਗੀ ਦਾ ਫ਼ਾਇਦਾ 'ਆਪ' ਨੂੰ ਮਿਲਿਆ ਹੈ।

ਪੇਂਡੂ ਸੀਟਾਂ 'ਤੇ 'ਆਪ' ਦਾ ਦਬਦਬਾ ਰਿਹਾ, ਜਦੋਂ ਕਿ ਸ਼ਹਿਰੀ ਸੀਟ ਬਰਨਾਲਾ 'ਤੇ ਕਾਂਗਰਸ ਨੇ ਆਪਣੀ ਲੀਡ ਕਾਇਮ ਕੀਤੀ। ਚਾਰੇ ਸੀਟਾਂ ਦੇ ਸਮੁੱਚੀ ਵੋਟ ਫ਼ੀਸਦੀ 'ਚ 'ਆਪ' ਨੂੰ ਸਭ ਤੋਂ ਵੱਧ 46.72 ਫ਼ੀਸਦੀ ਵੋਟਾਂ ਮਿਲੀਆਂ। ਕਾਂਗਰਸ ਨੂੰ 34.59 ਤੇ ਭਾਜਪਾ ਨੂੰ 10.15 ਫ਼ੀਸਦੀ ਵੋਟ ਹਾਸਲ



ਹਰਦੀਪ ਸਿੰਘ ਡਿੰਪੀ ਢਿੱਲੋਂ



ਗੁਰਦੀਪ ਸਿੰਘ ਰੰਧਾਵਾ



ਇਸ਼ਾਂਕ ਕੁਮਾਰ



ਕੁਲਦੀਪ ਸਿੰਘ ਕਾਲਾ ਢਿੱਲੋਂ

ਹੋਏ ਹਨ। ਚੋਣ ਮੈਦਾਨ ਵਿੱਚ ਨਿੱਤਰੇ ਕੁੱਲ 45 ਉਮੀਦਵਾਰਾਂ 'ਚੋਂ 35 ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਭਾਜਪਾ ਦੇ ਚਾਰ ਉਮੀਦਵਾਰਾਂ 'ਚੋਂ ਸਿਰਫ਼ ਬਰਨਾਲਾ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਹੀ ਆਪਣੀ ਜ਼ਮਾਨਤ ਬਚਾਅ ਸਕੇ। ਚੋਣ ਕਮਿਸ਼ਨ ਵੱਲੋਂ ਐਲਾਨੇ ਨਤੀਜਿਆਂ ਅਨੁਸਾਰ 'ਆਪ' ਨੂੰ ਹਲਕਾ ਚੱਬੇਵਾਲ ਤੋਂ ਸਭ ਤੋਂ ਵੱਡੇ ਫ਼ਰਕ ਨਾਲ ਜਿੱਤ ਮਿਲੀ ਹੈ। 'ਆਪ' ਦੇ ਡਾ. ਇਸ਼ਾਂਕ ਕੁਮਾਰ (51,904 ਵੋਟਾਂ) ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਰਣਜੀਤ ਕੁਮਾਰ (23,214 ਵੋਟਾਂ) ਨੂੰ 28,690 ਵੋਟਾਂ ਦੇ ਫ਼ਰਕ ਨਾਲ ਹਰਾਇਆ। ਭਾਜਪਾ ਉਮੀਦਵਾਰ ਸੋਹਣ ਸਿੰਘ ਠੰਡਲ ਨੂੰ 8,692 ਵੋਟਾਂ ਮਿਲੀਆਂ। ਹਲਕਾ ਗਿੱਦੜਬਾਹਾ 'ਚ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਅੰਮ੍ਰਿਤਾ ਵੜਿੰਗ ਨੂੰ 21,969 ਵੋਟਾਂ ਦੇ ਫ਼ਰਕ ਨਾਲ ਹਰਾਇਆ। ਡਿੰਪੀ ਢਿੱਲੋਂ ਨੂੰ 71,644 ਜਦਕਿ ਅੰਮ੍ਰਿਤਾ ਵੜਿੰਗ ਨੂੰ 49,675 ਵੋਟਾਂ ਪ੍ਰਾਪਤ ਹੋਈਆਂ। ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਸਿਰਫ਼ 12,227 ਵੋਟਾਂ ਹੀ ਹਾਸਲ ਕਰ ਸਕੇ।

ਹਲਕਾ ਡੇਰਾ ਬਾਬਾ ਨਾਨਕ ਤੋਂ 'ਆਪ' ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੇ ਆਪਣੇ ਵਿਰੋਧੀ ਉਮੀਦਵਾਰ ਜਤਿੰਦਰ ਕੌਰ ਰੰਧਾਵਾ ਨੂੰ 5,699 ਵੋਟਾਂ ਦੇ ਫ਼ਰਕ ਨਾਲ ਹਰਾਇਆ। ਗੁਰਦੀਪ ਨੂੰ 59,104 ਅਤੇ ਜਤਿੰਦਰ ਕੌਰ ਨੂੰ 53,405 ਵੋਟਾਂ ਮਿਲੀਆਂ। ਭਾਜਪਾ ਦੇ ਰਵੀਕਰਨ ਸਿੰਘ ਕਾਹਲੋਂ ਨੂੰ ਸਿਰਫ਼ 6,505 ਵੋਟਾਂ ਹੀ ਹਾਸਲ ਹੋਈਆਂ। ਬਰਨਾਲਾ ਹਲਕੇ 'ਚ 'ਆਪ' ਉਮੀਦਵਾਰ ਨੂੰ ਹਰਾ ਕੇ (ਬਾਕੀ ਸਫ਼ਾ 30 'ਤੇ)

### ਮਾਮਲਾ ਸਿੱਖਾਂ ਦਾ ਚੁਟਕਲਿਆਂ ਰਾਹੀਂ ਮਜ਼ਾਕ ਉਡਾਉਣ ਦਾ

# ਸੁਪਰੀਮ ਕੋਰਟ ਇਸ ਮਾਮਲੇ 'ਚ 8 ਹਫ਼ਤਿਆਂ ਬਾਅਦ ਕਰੇਗੀ ਸੁਣਵਾਈ

ਨਵੀਂ ਦਿੱਲੀ/ਏ.ਟੀ.ਨਿਊਜ਼ : ਸੁਪਰੀਮ ਕੋਰਟ ਨੇ ਸਿੱਖਾਂ ਦਾ ਮਜ਼ਾਕ ਉਡਾਉਣ ਵਾਲੇ ਚੁਟਕਲਿਆਂ 'ਤੇ ਕੰਟਰੋਲ ਨੂੰ ਅਹਿਮ ਮੁੱਦਾ ਕਰਾਰ ਦਿੱਤਾ ਹੈ। ਇਸ ਮੁੱਦੇ 'ਤੇ ਲੰਬਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਪਟੀਸ਼ਨਰ ਨੂੰ ਸਿੱਖ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਇਕੱਠਾ ਕਰਨ ਲਈ ਕਿਹਾ ਹੈ। ਮਾਮਲੇ ਦੀ ਸੁਣਵਾਈ 8 ਹਫ਼ਤਿਆਂ ਬਾਅਦ ਹੋਵੇਗੀ। ਬੀਤੇ ਦਿਨੀਂ ਜਸਟਿਸ ਬੀ.ਆਰ. ਗਵਈ ਅਤੇ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ। ਪਟੀਸ਼ਨਰ ਹਰਵਿੰਦਰ ਚੌਧਰੀ ਨੇ ਬੈਂਚ ਨੂੰ ਸੂਚਿਤ ਕੀਤਾ ਕਿ ਉਹ ਇਸ ਮਾਮਲੇ 'ਚ ਆਪਣੇ ਸੁਝਾਅ ਤੇ ਹੋਰ ਧਿਰਾਂ ਦੇ ਸੁਝਾਅ ਛੋਟੇ ਸੰਗ੍ਰਹਿ ਵਜੋਂ ਪੇਸ਼ ਕਰੇਗੀ। ਬੈਂਚ ਨੇ ਉਸ ਨੂੰ ਅੱਠ ਹਫ਼ਤਿਆਂ ਦਾ ਸਮਾਂ ਦਿੰਦਿਆਂ ਇਸ ਮਾਮਲੇ ਨੂੰ ਸੂਚੀਬੱਧ ਕੀਤਾ। ਸੁਣਵਾਈ ਮੌਕੇ ਹਰਵਿੰਦਰ ਕੌਰ ਚੌਧਰੀ ਨੇ ਸਿੱਖ ਭਾਈਚਾਰੇ ਦੀਆਂ ਔਰਤਾਂ ਦੀਆਂ ਸ਼ਿਕਾਇਤਾਂ ਨੂੰ ਉਜਾਗਰ ਕੀਤਾ।



ਉਸ ਨੇ ਕਿਹਾ ਕਿ ਇਨ੍ਹਾਂ ਔਰਤਾਂ ਦੇ ਪਹਿਰਾਵੇ ਦਾ ਮਜ਼ਾਕ ਉਡਾਇਆ ਜਾਂਦਾ ਸੀ ਤੇ ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ 'ਚ ਧੱਕੇਸ਼ਾਹੀ ਨਾਲ ਜੂਝਣਾ ਪੈਂਦਾ ਸੀ। ਪਟੀਸ਼ਨਕਰਤਾ ਨੇ ਇੱਕ ਘਟਨਾ ਦਾ ਹਵਾਲਾ ਦਿੱਤਾ, ਜਿਸ ਵਿੱਚ ਇੱਕ ਮੁੰਡੇ ਨੇ ਕਥਿਤ ਤੌਰ 'ਤੇ ਸਕੂਲ 'ਚ ਧੱਕੇਸ਼ਾਹੀ ਕਾਰਨ ਖੁਦਕੁਸ਼ੀ ਕਰ ਲਈ ਸੀ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਅਜਿਹੀਆਂ ਵੈੱਬਸਾਈਟਾਂ, ਜੋ ਸਰਦਾਰਾਂ ਜਾਂ ਸਿੱਖਾਂ 'ਤੇ ਚੁਟਕਲੇ ਬਣਾਉਂਦੀਆਂ ਹਨ, ਉਨ੍ਹਾਂ 'ਤੇ ਸਨਮਾਨ ਨਾਲ ਜਿਊਣ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਕਰਨ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਹਰਵਿੰਦਰ ਕੌਰ ਚੌਧਰੀ ਨੇ ਪਹਿਲਾਂ ਸਿੱਖਾਂ 'ਤੇ ਚੁਟਕਲੇ ਪੇਸ਼ ਕਰਨ ਵਾਲੀਆਂ ਤੇ ਭਾਈਚਾਰੇ ਦੇ ਲੋਕਾਂ ਦਾ ਖ਼ਰਾਬ ਅਕਸ ਪੇਸ਼ ਕਰਨ ਵਾਲੀਆਂ ਪੰਜ ਹਜ਼ਾਰ ਤੋਂ ਵੱਧ ਵੈੱਬਸਾਈਟਾਂ ਹੋਣ ਦਾ ਜ਼ਿਕਰ ਕੀਤਾ ਸੀ।

**ਐਡਵੋਕੇਟ ਹਰਵਿੰਦਰ ਕੌਰ ਚੌਧਰੀ ਨੇ ਪਟੀਸ਼ਨ ਕੀਤੀ ਸੀ ਦਰਜ**

2015 ਵਿੱਚ ਦਿੱਲੀ ਦੇ ਵਕੀਲ ਹਰਵਿੰਦਰ ਕੌਰ ਚੌਧਰੀ ਨੇ ਇਸ ਮੁੱਦੇ 'ਤੇ ਸੁਪਰੀਮ ਕੋਰਟ 'ਚ ਪਟੀਸ਼ਨ ਦਰਜ ਕੀਤੀ ਸੀ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਅਜਿਹੇ ਚੁਟਕਲੇ ਸਨਮਾਨ ਨਾਲ ਜਿਊਣ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਕਰਦੇ ਹਨ। ਜਿਨ੍ਹਾਂ ਵੈੱਬਸਾਈਟਾਂ 'ਤੇ ਇਹ ਪ੍ਰਕਾਸ਼ਿਤ ਹੁੰਦੇ ਹਨ, ਉਨ੍ਹਾਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

ਪਟੀਸ਼ਨਰ ਨੇ ਆਪਣੀ ਪਟੀਸ਼ਨ ਵਿੱਚ ਸਮਾਜ ਦੇ ਕਈ ਲੋਕਾਂ ਵੱਲੋਂ ਸਿੱਖਾਂ ਦਾ ਮਜ਼ਾਕ ਉਡਾਉਣ ਦੇ ਰੁਝਾਨ ਦਾ ਵੀ ਜ਼ਿਕਰ ਕੀਤਾ ਸੀ। ਉਨ੍ਹਾਂ ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਸਾਥੀ ਵਿਦਿਆਰਥੀਆਂ ਵੱਲੋਂ ਤੰਗ ਪ੍ਰੇਸ਼ਾਨ ਕਰਨ ਦੀ ਗੱਲ ਵੀ ਕੀਤੀ। ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਜੀਕੇ ਅਤੇ ਮਨਜਿੰਦਰ ਸਿੰਘ ਸਿਰਸਾ ਨੇ ਵੀ ਪਟੀਸ਼ਨ ਦਾਇਰ ਕੀਤੀ ਸੀ।

**ਅਣਚਾਹੀ ਸਮੱਗਰੀ ਨੂੰ ਰੋਕਣ ਦੀ ਮੰਗ**

2016 ਵਿੱਚ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਹੋਇਆਂ ਅਦਾਲਤ ਨੇ ਸਾਫ਼ ਕੀਤਾ ਸੀ ਕਿ ਉਹ ਅਜਿਹੇ ਚੁਟਕਲਿਆਂ ਵਿਰੁੱਧ ਦਿਸ਼ਾ-ਨਿਰਦੇਸ਼ ਨਹੀਂ ਬਣਾ ਸਕਦੀ। ਪਰ ਇੰਟਰਨੈੱਟ 'ਤੇ ਅਣਚਾਹੀ ਸਮੱਗਰੀ ਦੀ ਮੌਜੂਦਗੀ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਦੇ ਸਕਦੀ ਹੈ। ਇਸ ਦੇ ਲਈ ਅਦਾਲਤ ਨੇ ਸਾਰੀਆਂ ਧਿਰਾਂ ਤੋਂ ਸਲਾਹ ਮੰਗੀ ਸੀ। ਅਦਾਲਤ ਨੇ ਇਹ ਵੀ ਸੁਨਿਸ਼ਚਿਤ ਕਰਨ ਲਈ ਸਮਾਜ ਵਿੱਚ ਜਾਗਰੂਕਤਾ ਫ਼ੈਲਾਉਣ ਦੀ ਜ਼ਰੂਰਤ ਵੱਲ ਇਸ਼ਾਰਾ ਕੀਤਾ ਸੀ ਕਿ ਸਿਰਫ਼ ਸਿੱਖਾਂ ਨੂੰ ਹੀ ਨਹੀਂ ਬਲਕਿ ਸਮਾਜ ਦੇ ਸਾਰੇ ਵਰਗਾਂ ਨੂੰ ਮਜ਼ਾਕ ਦਾ ਪਾਤਰ ਨਾ ਬਣਾਇਆ ਜਾਵੇ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 59 ਮੈਂਬਰੀ ਹਾਊਸ ਲਈ ਚੋਣਾਂ ਅਪ੍ਰੈਲ ਵਿੱਚ ਹੋਣ ਦੀ ਸੰਭਾਵਨਾ

ਅੰਮ੍ਰਿਤਸਰ/ਏ.ਟੀ.ਨਿਊਜ਼: ਪਿਛਲੇ ਹਫ਼ਤੇ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਪੰਜਾਬ, ਹਿਮਾਚਲ ਪ੍ਰਦੇਸ਼ ਤੇ ਯੂ.ਟੀ. ਚੰਡੀਗੜ੍ਹ ਦੇ ਸਿੱਖ ਗੁਰਦੁਆਰਾ ਕਮਿਸ਼ਨਰ ਨੂੰ ਲਿਖੇ ਪੱਤਰ ਰਾਹੀਂ, ਸਿੱਖ ਵੋਟਰ ਫ਼ਾਰਮ ਭਰਨ ਦੀ ਆਖ਼ਰੀ ਤਰੀਕ ਫਿਰ ਡੇਢ ਮਹੀਨਾ ਹੋਰ ਵਧਾਉਣ ਯਾਨੀ 15 ਦਸੰਬਰ ਤੱਕ ਕਰਨ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਮੈਂਬਰਾਂ ਦੀ ਚੋਣ ਦੀ ਆਸ ਪੱਕੀ ਹੋ ਗਈ ਹੈ।

ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਦੇ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਵੋਟਰ ਫ਼ਾਰਮ ਭਰਨ ਦੀ ਆਖ਼ਰੀ ਤਰੀਕ ਹੁਣ ਪੰਜਵੀਂ ਵਾਰ ਵਧਾਈ ਗਈ ਹੈ ਜੋ ਪਹਿਲਾਂ 31 ਅਕਤੂਬਰ, 30 ਸਤੰਬਰ, 31 ਅਗਸਤ, 31 ਮਾਰਚ ਸੀ। ਜ਼ਿਕਰਯੋਗ ਹੈ ਕਿ ਇਹ ਵੋਟਰ ਫ਼ਾਰਮ ਭਰਨ ਦੀ ਪ੍ਰਕਿਰਿਆ ਪਿਛਲੇ ਸਾਲ 15 ਅਕਤੂਬਰ ਤੋਂ ਸ਼ੁਰੂ ਹੋਈ ਸੀ। ਹੁਣ 13 ਨਵੰਬਰ ਨੂੰ ਜਾਰੀ ਚਿੱਠੀ 'ਚ ਸਿੱਖ ਵੋਟਰ ਫ਼ਾਰਮ ਭਰਨ ਦੀ ਆਖ਼ਰੀ ਤਰੀਕ 15 ਦਸੰਬਰ ਤਕ ਵਧਾਉਣ ਦੇ ਨਾਲ ਨਾਲ ਚੀਫ਼ ਕਮਿਸ਼ਨਰ ਨੇ 8 ਨੁਕਾਤੀ ਪ੍ਰੋਗਰਾਮਾਂ ਵੀ ਜਾਰੀ ਕੀਤਾ ਹੈ। ਜਿਸ ਮੁਤਾਬਕ 16 ਦਸੰਬਰ 2024 ਤੋਂ 2 ਜਨਵਰੀ 2025 ਤੱਕ, ਵੋਟਰ ਫ਼ਾਰਮਾਂ ਦੀਆਂ ਮੁਢਲੀਆਂ ਲਿਸਟਾਂ ਛਾਪ ਕੇ ਕੇਂਦਰਾਂ 'ਤੇ ਲਗਾਈਆਂ ਜਾਣਗੀਆਂ ਜਦੋਂ ਕਿ 3 ਜਨਵਰੀ ਨੂੰ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਵੋਟਰ ਲਿਸਟਾਂ ਛਾਪ ਕੇ ਲਾਉਣਗੇ। ਜਨਵਰੀ 24 ਤਕ ਸ਼ਿਕਾਇਤਾਂ 'ਤੇ ਇਤਰਾਜ ਮੰਗੇ



ਜਾਣਗੇ, 5 ਫ਼ਰਵਰੀ ਤਕ ਇਤਰਾਜਾਂ ਦਾ ਹੱਲ ਕੱਢਣ ਤੇ ਵੋਟਰ ਲਿਸਟਾਂ 'ਚ ਸੁਧਾਈ ਕਰ ਕੇ 24 ਫ਼ਰਵਰੀ ਤਕ ਸਪਲੀਮੈਂਟਰੀ ਵੋਟਰ ਲਿਸਟਾਂ ਛਾਪ ਕੇ 25 ਫ਼ਰਵਰੀ ਨੂੰ ਪੱਕੀਆਂ ਵੋਟਰ ਲਿਸਟਾਂ ਛਪ ਜਾਣਗੀਆਂ ਜਿਨ੍ਹਾਂ ਨੂੰ ਆਧਾਰ ਮੰਨ ਕੇ 159 ਮੈਂਬਰੀ ਜਨਰਲ ਹਾਊਸ ਲਈ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ। ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਰਾਹੀਂ ਪੰਜਾਬ ਦੇ ਕਮਿਸ਼ਨਰ ਦੇ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ 25 ਫ਼ਰਵਰੀ ਨੂੰ ਵੋਟਰ ਸੂਚੀਆਂ ਛਪਣ ਉਪਰੰਤ ਚੋਣ ਪ੍ਰਕਿਰਿਆ ਨੂੰ 35-40 ਦਿਨ ਲੱਗਦੇ ਹਨ ਅਤੇ ਇਸ ਸ਼੍ਰੋਮਣੀ ਕਮੇਟੀ ਹਾਊਸ ਦੇ 159 ਮੈਂਬਰ, ਅਪ੍ਰੈਲ 2025 'ਚ ਚੁਣੇ ਜਾਣ ਦੀ ਪੱਕੀ ਆਸ ਹੈ।

ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਹੁਣ ਤਕ 51 ਲੱਖ ਸਿੱਖ ਮਰਦਾਂ ਤੇ ਸਿੱਖ ਬੀਬੀਆਂ ਨੇ ਵੋਟਰ ਫ਼ਾਰਮ ਭਰ ਦਿਤੇ ਹਨ ਅਤੇ 15 ਦਸੰਬਰ ਤਕ ਰਹਿ ਚੁੱਕੇ ਸਿੱਖ ਵੋਟਰ ਹੋਰ ਭਰ ਦੇਣਗੇ। ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ 'ਚ ਪੈਂਦੇ 13 ਹਜ਼ਾਰ ਤੋਂ ਵੱਧ ਪਿੰਡਾਂ ਤੇ 200 ਦੇ ਕਰੀਬ ਛੋਟੇ ਵੱਡੇ ਕਸਬਿਆਂ ਤੇ ਸ਼ਹਿਰਾਂ ਦੇ ਗੁਰਦੁਆਰਿਆਂ 'ਤੇ ਲੱਗੇ ਸਪੀਕਰਾਂ ਰਾਹੀਂ 21 ਸਾਲ ਤੋਂ ਵੱਧ ਉਮਰ ਦੇ ਲੜਕੇ ਤੇ ਲੜਕੀਆਂ ਨੂੰ ਵੋਟਰ ਫ਼ਾਰਮ ਭਰਨ ਦੀ ਬੇਨਤੀ ਕੀਤੀ ਜਾ ਰਹੀ ਹੈ। ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਸਬੰਧੀ 2015 'ਚ ਐਕਟ ਬਣਨ ਕਰ ਕੇ 120 ਸੀਟਾਂ ਵਾਲੀ ਸ਼੍ਰੋਮਣੀ ਕਮੇਟੀ ਦੀਆਂ ਹੁਣ ਕੁੱਲ 112 ਸੀਟਾਂ ਰਹਿ ਗਈਆਂ ਹਨ। ਇਨ੍ਹਾਂ 'ਚ 110 ਸੀਟਾਂ ਪੰਜਾਬ ਦੀਆਂ ਹਨ ਜਿੱਥੋਂ 157 ਮੈਂਬਰ ਚੁਣੇ ਜਾਣਗੇ ਕਿਉਂਕਿ 47 ਸੀਟਾਂ ਦੋਹਰੀ ਮੈਂਬਰਸ਼ਿਪ ਵਾਲੀਆਂ ਹਨ। ਇਕ ਇਕ ਮੈਂਬਰ ਹਿਮਾਚਲ ਤੇ ਯੂਟੀ ਚੰਡੀਗੜ੍ਹ ਤੋਂ ਚੁਣਿਆ ਜਾਣਾ ਹੈ। 13 ਸਾਲ ਪਹਿਲਾਂ ਸਤੰਬਰ 2011 'ਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ ਸਹਿਜਧਾਰੀ ਸਿੱਖ ਵੋਟਰਾਂ ਨੂੰ ਲਾਂਭੇ ਕਰਨ ਨਾਲ ਲੰਮੇ ਅਦਾਲਤੀ ਕੇਸਾਂ 'ਚ ਪਈਆਂ ਰਹੀਆਂ। ਦੇਸ਼ ਦੀ ਆਜ਼ਾਦੀ ਉਪਰੰਤ ਇਹ ਚੋਣਾਂ 1953, 1959, 1964, 1978,1996, 2004 ਤੇ 2011 'ਚ ਹੋਈਆਂ ਸਨ, ਜਦੋਂ ਕਿ ਗੁਰਦੁਆਰਾ ਐਕਟ ਅਨੁਸਾਰ ਜਨਰਲ ਹਾਊਸ ਦੀ ਮਿਆਦ ਸਿਰਫ਼ 5 ਸਾਲ ਹੁੰਦੀ ਹੈ।

# ਬਾਬਾ ਦਯਾ ਸਿੰਘ ਨੂੰ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ

## ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲ ਤਖ਼ਤ ਦੀ ਫਸੀਲ ਤੋਂ ਕੀਤਾ ਐਲਾਨ

ਅੰਮ੍ਰਿਤਸਰ/ਏ.ਟੀ. ਨਿਊਜ਼: ਨਿਹੰਗ ਜਥੇਬੰਦੀ ਸੰਪਰਦਾਇ ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਰਹੇ ਸਵਰਗੀ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਮਰਨ ਉਪਰੰਤ ਅਕਾਲ ਤਖ਼ਤ ਤੋਂ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਗੁਰਬਾਣੀ ਦੇ ਕੀਰਤਨ ਅਤੇ ਅਰਦਾਸ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਸ਼੍ਰੋਮਣੀ ਪੰਥ ਸੇਵਕ ਦੀ ਉਪਾਧੀ ਨਾਲ ਸਨਮਾਨਿਤ ਕੀਤੇ ਜਾਣ ਦਾ ਐਲਾਨ ਕੀਤਾ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਹ ਸਨਮਾਨ ਦਲ ਪੰਥ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੂੰ ਸੌਂਪਿਆ ਗਿਆ।

ਜ਼ਿਕਰਯੋਗ ਹੈ ਕਿ 15 ਜੁਲਾਈ



2024 ਨੂੰ ਅਕਾਲ ਤਖ਼ਤ ਸਾਹਿਬ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਬਾਬਾ ਦਯਾ ਸਿੰਘ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋਏ ਸਨਮਾਨ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਸੇਵਾ ਸਿੰਘ ਖ਼ਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਹਾਜ਼ਰ ਸਨ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬਾਬਾ ਦਯਾ ਸਿੰਘ ਵੱਲੋਂ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਦਯਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੁੰਦਿਆਂ ਸਿੱਖ ਪੰਥ ਲਈ ਵੱਡਮੁੱਲੀਆਂ ਸੇਵਾਵਾਂ ਕੀਤੀਆਂ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਤਤਪਰ ਰਹੇ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਬਦਲੇ ਇਹ ਸਨਮਾਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਦਲ ਪੰਥ ਬਿਧੀ ਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਨੇ ਇਸ ਸਨਮਾਨ ਲਈ ਸਭਨਾਂ ਦਾ ਧੰਨਵਾਦ ਕੀਤਾ।

### ਕੇਂਦਰੀ ਸਿੱਖ ਅਜਾਇਬ ਘਰ 'ਚ ਜਰਨੈਲ ਪੰਜਹੱਥਾ ਅਤੇ ਬਾਬਾ ਦਯਾ ਸਿੰਘ ਦੀਆਂ ਤਸਵੀਰਾਂ ਸਥਾਪਿਤ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਸਥਿਤ ਕੇਂਦਰੀ ਸਿੱਖ ਅਜਾਇਬਘਰ ਵਿੱਚ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਬਹਾਦਰ ਜਰਨੈਲ ਨਿਧਾਨ ਸਿੰਘ ਪੰਜਹੱਥਾ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਨਿਭਾਈ। ਇਸ ਮੌਕੇ ਸ੍ਰੀ ਧਾਮੀ ਨੇ ਦੱਸਿਆ ਕਿ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਵਿਚਰ ਕੇ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ ਕੀਤਾ ਅਤੇ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਲੜ ਲਾਇਆ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਬਹਾਦਰ ਸਿੱਖ ਜਰਨੈਲ ਨਿਧਾਨ ਸਿੰਘ ਪੰਜਹੱਥਾ ਨੇ ਸੰਨ 1823 ਈਸਵੀ ਵਿੱਚ ਨੌਸ਼ਹਿਰੇ ਦੀ ਜੰਗ ਵਿੱਚ ਵੀਰਤਾ ਦੇ ਜੌਹਰ ਦਿਖਾਉਂਦੇ ਹੋਏ ਪੰਜ ਦੁਸ਼ਮਣ ਪਠਾਣ ਜਰਨੈਲਾਂ ਨੂੰ ਮਾਰ ਕੇ ਉਨ੍ਹਾਂ ਤੋਂ ਖੋਹੀਆਂ ਪੰਜ ਤਲਵਾਰਾਂ ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ ਕੀਤੀਆਂ ਸਨ, ਜਿਸ ਬਦਲੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਇਨਾਮ ਵਜੋਂ ਬਖ਼ਸ਼ੀ ਪੰਜ ਹਜ਼ਾਰ ਰੁਪਏ ਦੀ ਜਗੀਰ ਤੇ ਪੰਜ ਹੱਥੇ ਦਾ ਖ਼ਿਤਾਬ ਦਿੱਤਾ। ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਪਰਵਿੰਦਰਪਾਲ ਸਿੰਘ, ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਮੌਜੂਦ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕਿਸਾਨ ਕੋਈ ਤਖ਼ਤ ਨਹੀਂ, ਐਮ .ਐਸ .ਪੀ .ਮੰਗਦੇ ਨੇ

ਕਿਸਾਨੀ ਇੱਕ ਵੱਡਾ ਮੁੱਦਾ ਹੈ, ਜਿਸ ਦੇ ਵਿੱਚ ਰਾਜਨੀਤੀ ਵੀ ਹੈ ਤੇ ਧੜੇਬੰਦੀਆਂ ਵੀ ਨੇ ਪਰ ਫਿਰ ਵੀ ਸਭ ਦੀ ਮੰਗ ਇੱਕੋ ਹੈ ਕਿਸਾਨੀ ਨੂੰ ਬਚਾਉਣਾ। ਲੰਘੇ ਦਿਨੀਂ ਦੋ ਵੱਡੀਆਂ ਘਟਨਾਵਾਂ ਵਾਪਰੀਆਂ। ਪਹਿਲੀ ਘਟਨਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਗ੍ਰਿਫ਼ਤਾਰੀ ਸੀ ਤੇ ਦੂਜੀ ਆਮ ਆਦਮੀ ਪਾਰਟੀ ਦੀ ਸ਼ੁਕਰਾਨਾ ਯਾਤਰਾ ਸੀ, ਜੋ ਕਿ ਪਟਿਆਲਾ ਤੋਂ ਅੰਮ੍ਰਿਤਸਰ ਤੱਕ ਕੱਢੀ ਗਈ ਤੇ ਕੱਲ੍ਹ ਦੇ ਦਿਨ ਹੀ ਦਿੱਲੀ ਦੇ ਵਿੱਚ ਆਮ ਆਦਮੀ ਪਾਰਟੀ ਨੇ ਆਪਣਾ ਸਥਾਪਨਾ ਦਿਵਸ ਮਨਾਇਆ ਪਰ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਜੜ੍ਹ ਲਾਉਣ ਵਾਲੇ ਭਗਵੰਤ ਮਾਨ ਭਾਵ ਪੰਜਾਬ ਦੇ ਮੁੱਖ ਮੰਤਰੀ ਨਾ ਸ਼ੁਕਰਾਨਾ ਰੈਲੀ ਵਿੱਚ ਸਨ ਤੇ ਨਾ ਹੀ ਦਿੱਲੀ ਸਥਾਪਨਾ ਦਿਵਸ ਵਿੱਚ। ਹੈਰਾਨੀ ਹੁੰਦੀ ਹੈ ਆਮ ਆਦਮੀ ਪਾਰਟੀ ਦੀ ਮੱਤ ਉੱਤੇ। ਕਹਿੰਦੇ ਅਸੀਂ ਜ਼ਿਮਨੀ ਚੋਣਾਂ ਵਿੱਚ ਤਿੰਨ ਸੀਟਾਂ ਜਿੱਤਣ 'ਤੇ ਲੋਕਾਂ ਦਾ ਸ਼ੁਕਰਾਨਾ ਕਰ ਰਹੇ ਹਾਂ। ਭਲੇਮਾਨਸੋ, ਜਿਹੜੇ ਰਸਤੇ ਤੁਸੀਂ ਰੈਲੀ ਕੱਢ ਰਹੇ ਹੋ, ਉਸ ਰਸਤੇ 'ਤੇ ਬਰਨਾਲਾ, ਗਿੱਦੜਬਾਹਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਤਾਂ ਹੈ ਹੀ ਨਹੀਂ ਤੇ ਫਿਰ ਸ਼ੁਕਰਾਨਾ ਕਾਹਦਾ। ਕਿਧਰੇ ਕਾਰਪੋਰੇਸ਼ਨ ਚੋਣਾਂ ਦੇ ਲਈ ਵਿਖਾਲਾ ਤਾਂ ਨਹੀਂ ਕਿਉਂਕਿ ਪੰਜ ਕਾਰਪੋਰੇਸ਼ਨਾਂ ਇਸੇ ਰਸਤੇ ਵਿੱਚ ਪੈਂਦੀਆਂ ਨੇ। ਅਮਨ ਅਰੋੜਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਜਿਵੇਂ ਪੰਜਾਬ ਦੇ ਕਰਤਾ ਧਰਤਾ ਉਹੀ ਨੇ। ਆਮ ਆਦਮੀ ਪਾਰਟੀ ਨੇ ਭਾਵੇਂ ਵੱਡਾ ਢਕਵੰਜ ਰਚਿਆ ਪਰ ਫੇਰ ਵੀ ਮੀਡੀਆ ਨੇ ਕਿਸਾਨਾਂ ਦੇ ਦਰਦ ਨੂੰ ਪਹਿਲ ਦਿੱਤੀ। ਸੋ ਡੱਲੇਵਾਲ ਦੀ ਗ੍ਰਿਫ਼ਤਾਰੀ ਨੇ ਸ਼ੁਕਰਾਨਾ ਯਾਤਰਾ ਨੂੰ ਵੱਡੀ ਢਾਹ ਲਗਾਈ। ਇਹ ਹੋਣਾ ਵੀ ਚਾਹੀਦਾ ਸੀ ਕਿਉਂਕਿ ਕਿਸਾਨ ਹਿਤੈਸ਼ੀ ਕਹਿ ਕਹਿ ਕੇ ਇਹ ਲੋਕ ਵੋਟਾਂ ਵਟੋਰਦੇ ਆ ਰਹੇ ਨੇ ਤੇ ਇੱਕ ਸਾਲ ਹੋ ਗਿਆ ਹੈ ਕਿਸਾਨਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਬੈਠਿਆਂ ਨੂੰ। ਕਿਸੇ ਨੇ ਨਾਲ ਬੈਠਣ ਦੀ ਹਿਮਾਕਤ ਨਹੀਂ ਕੀਤੀ। ਲੰਘੇ ਦਿਨਾਂ ਦੇ ਵਿੱਚ ਸੁਨੀਲ ਜਾਖੜ ਨੇ ਸਾਫ ਸ਼ਬਦਾਂ ਦੇ ਵਿੱਚ ਕਹਿ ਦਿੱਤਾ ਸੀ ਕਿ ਜਿੰਨੀ ਦੇਰ ਕੇਂਦਰ ਸਰਕਾਰ ਪੰਜਾਬ ਪੱਖੀ ਨਹੀਂ ਹੁੰਦੀ ਜਾਂ ਕਿਸਾਨਾਂ ਦੀਆਂ ਦਿੱਕਤਾਂ ਤੇ ਮੁਸੀਬਤਾਂ ਦਾ ਹੱਲ ਨਹੀਂ ਹੁੰਦਾ ਓਨੀ ਦੇਰ ਤੱਕ ਬੀਜੇਪੀ ਦੇ ਪੰਜਾਬ ਵਿੱਚ ਪੈਰ ਲੱਗਣੇ ਸੰਭਵ ਹੀ ਨਹੀਂ। ਸੋ ਮੇਰੇ ਲਈ ਕਿਸਾਨ ਪਹਿਲ ਦੇ ਆਧਾਰ 'ਤੇ ਹਨ। ਕੀ ਹੋਰ ਵੀ ਕੋਈ ਇਹ ਜ਼ੁਬਾਨ ਬੋਲੇਗਾ ? ਵੈਸੇ ਤਾਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਕਹਿੰਦੇ ਨੇ ਕਿ ਮਸਲਾ ਬੈਠ ਕੇ ਕਿਸਾਨਾਂ ਨਾਲ ਹੱਲ ਕਰੋ। ਸਵਾਲ ਇਹ ਹੈ ਕਿ ਹੁਣ ਤਾਂ ਤੁਸੀਂ ਕੇਂਦਰੀ ਰਾਜ ਮੰਤਰੀ ਹੋ, ਮੁਲਾਕਾਤ ਕਿਸਾਨਾਂ ਨਾਲ ਕਰਵਾਉਂਦੇ ਕਿਉਂ ਨਹੀਂ। ਕਿਸਾਨ ਤਾਂ ਸਰਕਾਰ ਨਾਲ ਮੁਲਾਕਾਤ ਕਰਨ ਲਈ ਤਿਆਰ ਬੈਠੇ ਹਨ।

ਕਿਸਾਨਾਂ ਦੀਆਂ ਮੁੱਖ ਮੰਗਾਂ ਵਿੱਚ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਲੈਂਡ ਐਕੁਈਜ਼ੀਸ਼ਨ ਐਕਟ 2013 ਨੂੰ ਕੌਮੀ ਪੱਧਰ 'ਤੇ ਲਾਗੂ ਕਰਨਾ, ਜ਼ਮੀਨ ਐਕੁਆਇਰ ਕਰਨ ਬਾਰੇ ਕਿਸਾਨ ਦੀ ਲਿਖਤੀ ਸਹਿਮਤੀ ਅਤੇ ਕੁਲੈਕਟਰ ਰੇਟ ਤੋਂ ਚਾਰ ਗੁਣਾ ਭਾਅ ਦੇਣਾ, ਬਿਜਲੀ ਸੋਧ ਬਿੱਲ 2020 ਨੂੰ ਰੱਦ ਕਰਨਾ, ਮਨਰੇਗਾ ਨੂੰ ਖੇਤੀ ਨਾਲ ਜੋੜਨਾ ਅਤੇ 700 ਰੁਪਏ ਦੀ ਦਿਹਾੜੀ ਮੁਤਾਬਕ ਸਾਲ ਵਿੱਚ 200 ਦਿਨ ਦੇ ਰੁਜ਼ਗਾਰ ਦੀ ਗਾਰੰਟੀ, ਕਿਸਾਨਾਂ ਅਤੇ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਖੀਰੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ, 2020-21 ਦੇ ਦਿੱਲੀ ਕਿਸਾਨ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਕਿਸਾਨਾਂ ਦੇ ਪਰਿਵਾਰ ਵਿੱਚੋਂ ਇੱਕ ਜੀਅ ਨੂੰ ਸਰਕਾਰੀ ਨੌਕਰੀ, ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬੁਢਾਪਾ ਪੈਨਸ਼ਨ ਸਕੀਮ ਲਾਗੂ ਕਰਨ, ਨਕਲੀ ਕੀਟਨਾਸ਼ਕਾਂ, ਖਾਦਾਂ ਅਤੇ ਬੀਜ ਬਣਾਉਣ ਵਾਲੀਆਂ ਕੰਪਨੀਆਂ ਤੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦਾ ਪ੍ਰਬੰਧ, ਹਲਦੀ, ਮਿਰਚਾਂ ਅਤੇ ਹੋਰ ਮਸਾਲਿਆਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਮਿਸ਼ਨ ਸਥਾਪਨਾ ਕਰਨਾ ਸ਼ਾਮਲ ਹਨ।

ਬੀਤੇ ਸਮਿਆਂ ਤੋਂ ਉਲਟ ਹੁਣ ਕਿਸਾਨੀ ਮੁੱਦੇ ਕੌਮਾਂਤਰੀ ਪੱਧਰ 'ਤੇ ਛਾਏ ਹੋਏ ਹਨ। 27 ਮੈਂਬਰੀ ਯੂਰੋਪੀਅਨ ਸੰਘ ਦੇ 24 ਦੇਸ਼ਾਂ ਅੰਦਰ ਕੁਝ ਸਮਾਂ ਪਹਿਲਾਂ ਲਾਮਿਸਾਲ ਕਿਸਾਨ ਪ੍ਰਦਰਸ਼ਨ ਹੋਏ ਹਨ ਜਿਨ੍ਹਾਂ ਨੇ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਕਿਸਾਨਾਂ ਦੀ ਗੱਲ ਸੁਣਨ ਲਈ ਮਜਬੂਰ ਕੀਤਾ ਹੈ। ਯੂਰੋਪੀਅਨ ਦੇਸ਼ਾਂ ਨੇ ਆਪੋ-ਆਪਣੀਆਂ ਰਾਜਧਾਨੀਆਂ ਵਿੱਚ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਕਰਨ ਦੀ ਖੁੱਲ੍ਹ ਦਿੱਤੀ ਪਰ ਭਾਰਤ ਸਰਕਾਰ ਨੇ ਪਿਛਲੇ ਕਿਸਾਨ ਅੰਦੋਲਨ ਦੌਰਾਨ ਆਪਣੇ ਕਿਸਾਨਾਂ ਨੂੰ ਨਵੀਂ ਦਿੱਲੀ ਪਹੁੰਚਣ ਤੋਂ ਰੋਕਣ ਵਾਸਤੇ ਮੁੱਖ ਮਾਰਗਾਂ 'ਤੇ ਕਿੱਲ ਗੱਡੇ, ਵੱਡੇ-ਵੱਡੇ ਪੱਥਰ ਰੱਖੇ ਤੇ ਤਰ੍ਹਾਂ-ਤਰ੍ਹਾਂ ਦੀਆਂ ਰੋਕਾਂ ਖੜ੍ਹੀਆਂ ਕੀਤੀਆਂ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਸੁਰੱਖਿਆ ਦਸਤੇ ਤਾਇਨਾਤ ਕੀਤੇ। ਉਸ ਸਮੇਂ ਕਿਸਾਨਾਂ ਨੂੰ ਦਿੱਲੀ ਵਿੱਚ ਦਾਖ਼ਲ ਨਾ ਹੋਣ ਦੇਣ ਕਾਰਨ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਹੀ ਧਰਨਾ ਲਗਾ ਦਿੱਤਾ ਸੀ। ਕਿਸਾਨਾਂ ਦੇ ਅੰਦੋਲਨ ਕਾਰਨ ਉਸ ਸਮੇਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਤਿੰਨੇ ਕਿਸਾਨੀ ਬਿਲ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਗਿਆ ਸੀ। ਜਿਸ ਕਾਰਨ ਕਿਸਾਨ ਜਿੱਤ ਦੀ ਖੁਸ਼ੀ ਵਿੱਚ ਝੂਮਦੇ ਹੋਏ ਆਪਣੇ ਘਰਾਂ ਨੂੰ ਪਰਤ ਗਏ ਸਨ। ਹੁਣ ਇੱਕ ਵਾਰ ਫਿਰ ਪੰਜਾਬ ਦੇ ਕਿਸਾਨ ਸੰਘਰਸ਼ ਦੇ ਰਾਹ 'ਤੇ ਹਨ। ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਨੇ ਸ਼ੰਭੂ ਬੈਰੀਅਰ ਬੰਦ ਕਰਕੇ ਪੱਕੀਆਂ ਰੋਕਾਂ ਲਗਾਈਆਂ ਹੋਈਆਂ ਹਨ।

ਸਾਲ 2020-21 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਮਿਸਾਲੀ ਅੰਦੋਲਨ ਤੋਂ ਬਾਅਦ ਕਿਸਾਨ ਲਹਿਰ ਸਾਡੇ ਅਰਥਚਾਰੇ 'ਤੇ ਵਧ ਰਹੇ ਕਾਰਪੋਰੇਟ ਅਸਰ ਦਾ ਤੋੜ ਬਣ ਕੇ ਸਾਹਮਣੇ ਆਈ ਹੈ ਤਾਂ ਕਿ ਕਿਸਾਨੀ ਦੀ ਆਰਥਿਕ ਸਥਿਰਤਾ 'ਤੇ ਇੱਕ ਵਾਰ ਧਿਆਨ ਕੇਂਦਰਤ ਕੀਤਾ ਜਾ ਸਕੇ। ਪੰਜਾਬ ਦਾ ਅਰਥਚਾਰਾ ਬੁਨਿਆਦੀ ਤੌਰ 'ਤੇ ਖੇਤੀ ਖੇਤਰ ਨਾਲ ਜੁੜਿਆ ਹੋਇਆ ਹੈ। ਸੂਬੇ ਵਿੱਚ ਸਨਅਤੀਕਰਨ ਦੀਆਂ ਸੰਭਾਵਨਾਵਾਂ ਸੀਮਤ ਹਨ, ਜਿਸ ਕਾਰਨ ਖੇਤੀ ਖੇਤਰ ਵੱਲ ਵੱਧ ਧਿਆਨ ਦੇਣਾ ਜ਼ਰੂਰੀ ਬਣ ਜਾਂਦਾ ਹੈ। ਪੰਜਾਬ ਦਾ ਕਿਸਾਨ ਉੱਦਮੀ ਅਤੇ ਨਵੀਆਂ ਕਾਢਾਂ ਤੇ ਸੋਚਾਂ ਨੂੰ ਅਪਣਾਉਣ ਵਿੱਚ ਨਿਪੁੰਨ ਹੈ। ਖੇਤੀ ਖੇਤਰ ਨੂੰ ਹੁਲਾਰਾ ਮਿਲਣ ਨਾਲ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲ ਸਕਦਾ ਹੈ। ਪੰਜਾਬ ਸਰਕਾਰ, ਕਿਸਾਨ ਜਥੇਬੰਦੀਆਂ, ਖੇਤੀ ਮਾਹਿਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਪਸੀ ਸਹਿਯੋਗ ਨਾਲ ਕੰਮ ਕਰਦੇ ਹੋਏ ਖੇਤੀ ਖੇਤਰ ਵਿੱਚ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਨੀ ਚਾਹੀਦੀ ਹੈ।ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਦੀ ਮੁੱਖ ਮੰਗ ਨੂੰ ਜ਼ਰੂਰ ਮੰਨੇ ਤਾਂਕਿ ਕਿਸਾਨਾਂ ਨੂੰ ਸੰਘਰਸ਼ ਕਰਦਿਆਂ ਵਾਰ- ਵਾਰ ਦਿੱਲੀ ਕੂਚ ਕਰਨ ਦੀ ਲੋੜ ਨਾ ਪਵੇ। ਸਰਕਾਰਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕਿਸਾਨ ਕੋਈ ਤਖ਼ਤ ਨਹੀਂ, ਸਗੋਂ ਐਮ .ਐਸ .ਪੀ .ਮੰਗ ਰਹੇ ਹਨ ਤੇ ਇਹ ਉਨ੍ਹਾਂ ਦਾ ਹੱਕ ਵੀ ਹੈ।

# ਪੰਜਾਬ ਦੀ ਹੋਣੀ ਲਈ ਚਾਰ ਜ਼ਿਮਨੀ ਚੋਣਾਂ ਦੇ ਅਰਥ ਕੀ ਹਨ ?

## ਕੀ ਕਰਨ ਪੰਜਾਬ ਦੇ ਵਾਰਸ ?



ਬਘੇਲ ਸਿੰਘ ਧਾਲੀਵਾਲ
99142-58142

ਹਰ ਇੱਕ ਸੂਬੇ ਦੀ ਆਪਣੀ ਆਪਣੀ ਸਮੱਸਿਆ ਹੁੰਦੀ ਹੈ, ਕਿਸੇ ਸੂਬੇ ਦੀ ਆਰਥਿਕ, ਰਾਜਨੀਤਕ ਜਾਂ ਧਾਰਮਿਕ ਸਮੱਸਿਆ ਉੱਤੇ ਕਿਸੇ ਹੋਰ ਕੇਂਦਰ ਪੱਖੀ ਰਾਸ਼ਟਰਵਾਦੀ ਸੋਚ ਨੂੰ ਨਹੀਂ ਥੋਪਿਆ ਜਾ ਸਕਦਾ। ਆਮ ਚੋਣਾਂ ਜਾਂ ਕਿਸੇ ਵੀ ਚੋਣਾਂ ਸਮੇਂ ਪੰਜਾਬ ਨੂੰ ਬਾਕੀ ਭਾਰਤ ਨਾਲੋਂ ਅਲੱਗ ਰੂਪ ਵਿੱਚ ਦੇਖਣ ਦੀ ਜਰੂਰਤ ਹੁੰਦੀ ਹੈ,ਪਰ ਭਾਰਤ ਅੰਦਰ ਅਜਿਹਾ ਰਿਵਾਜ ਨਹੀਂ ਹੈ। ਭਾਰਤ ਦੀ ਰਾਜ ਕਰਦੀ ਸ਼੍ਰੇਣੀ ਦੀ ਆਪਣੀ ਸੋਚ ਹੈ, ਆਪਣਾ ਹੀ ਏਜੰਡਾ ਹੈ, ਹੇਠਲੇ ਪੱਧਰ 'ਤੇ ਆਮ ਲੋਕਾਂ ਦੀ ਪਹੁੰਚ ਵਿੱਚ ਇਹ ਸਮਝ ਸੰਭਵ ਨਹੀਂ ਹੁੰਦੀ। ਜਿਸ ਕਰਕੇ ਕਦੇ ਵੀ ਇਹ ਚੋਣਾਂ ਲੋਕ ਪੱਖੀ ਭੂਮਿਕਾ ਨਾ ਹੀ ਅਦਾ ਕਰ ਸਕੀਆਂ ਹਨ ਅਤੇ ਨਾ ਹੀ ਭਵਿੱਖ ਵਿੱਚ ਕੋਈ ਸੰਭਾਵਨਾ ਹੈ। ਅਜਿਹਾ ਹੀ ਪੰਜਾਬ ਅੰਦਰ ਆਮ ਤੌਰ 'ਤੇ ਦੇਖਿਆ ਜਾਂਦਾ ਹੈ, ਜਿਸ ਦੇ ਬਾਅਦ ਵਿੱਚ ਹਮੇਸ਼ਾ ਨਾਂਹ ਪੱਖੀ ਨਤੀਜੇ ਸਾਹਮਣੇ ਆਉਂਦੇ ਹਨ।

ਲੰਘੀ 20 ਨਵੰਬਰ ਨੂੰ ਪੰਜਾਬ ਅੰਦਰ ਹੋਈਆਂ ਚਾਰ ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਵੀ ਇੱਕ ਵਾਰ ਫਿਰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੁਝ ਕੁ ਪੰਜਾਬੀਆਂ ਨੇ ਆਪਣੀ ਅਣਖ ਗੈਰਤ ਅਸਲੋਂ ਹੀ ਮਾਰ ਲਈ ਹੈ। ਉਨ੍ਹਾਂ ਨੇ ਨਿੱਕੀਆਂ ਨਿੱਕੀਆਂ ਗਰਜ਼ਾਂ ਪਿੱਛੇ ਲੱਗ ਕੇ ਆਪਣਿਆਂ ਨੂੰ ਬੁਰੇ ਅਤੇ ਬੁਰਿਆਂ ਨੂੰ ਚੰਗੇ ਬਣਾ ਕੇ ਦੱਸ ਦਿੱਤਾ ਹੈ ਕਿ ਪੰਜਾਬ ਦੀ ਗੈਰਤ ਮਰ ਚੁੱਕੀ ਹੈ, ਹੁਣ ਮਾਵਾਂ ਅਣਖੀ ਪੁੱਤ ਜੰਮਣੋਂ ਹਟ ਗਈਆਂ ਹਨ ਅਤੇ ਆਪਣੇ ਬੇਗਾਨੇ ਦੀ ਪਰਖ ਕਰਨ ਦਾ ਸਦਗੁਣ ਵੀ ਅਣਖ ਗੈਰਤ ਮੁੱਕ ਜਾਣ ਦੇ ਨਾਲ ਹੀ ਇਸ ਜ਼ਰਖੇਜ਼ ਮਿੱਟੀ ਵਿੱਚੋਂ ਨਸ਼ਟ ਹੋ ਗਿਆ ਜਾਪਦਾ ਹੈ। ਉਨ੍ਹਾਂ ਦੇ ਫੈਸਲੇ ਨੇ ਕੁੱਝ ਕੁ ਬਚਦੇ ਫਿਕਰਮੰਦ ਸਿੱਖਾਂ ਨੂੰ ਹੋਰ ਫਿਕਰਮੰਦ ਕਰ ਦਿੱਤਾ ਹੈ ਕਿ ਆਖਰ ਅਸੀਂ ਜਾ ਕਿੱਧਰ ਨੂੰ ਰਹੇ ਹਾਂ ? ਕੀ ਅਸੀਂ ਭੁੱਲ ਗਏ ਹਾਂ ਕਿ ਜਿਹੜੀ ਘੱਟ ਗਿਣਤੀ ਵਿਰੋਧੀ ਸੋਚ ਨੇ ਸਾਡੇ ਗੁਰਧਾਮਾਂ 'ਤੇ ਟੈਂਕ ਚੜ੍ਹਾ ਕੇ ਢਹਿ ਢੇਰੀ ਕਰਵਾਏ, ਜਿੰਨਾਂ ਲੱਖਾਂ ਸ਼ਰਧਾਲੂਆਂ ਨੂੰ ਟੈਂਕਾਂ ਤੋਪਾਂ ਨਾਲ ਦਰੜਿਆ, ਨਿਹੱਥੇ, ਨਿਰਦੋਸ਼ ਬੱਚੇ, ਬੁੱਢੇ -ਬੁੱਢੀਆਂ ਬੀਬੀਆਂ, ਮਾਤਾਵਾਂ, ਭੈਣਾਂ ਅਤੇ ਨੌਜਵਾਨਾਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਕੇ ਮੁਗਲਾਂ,ਅਫਗਾਨੀਆਂ ਦੇ ਜ਼ੁਲਮਾਂ ਨੂੰ ਬੌਣਾ ਕਰ ਦਿਖਾਇਆ,ਦਿੱਲੀ ਵਰਗੇ ਸ਼ਹਿਰ ਵਿੱਚ ਗਲ਼ਾਂ ਵਿੱਚ ਟਾਇਰ ਪਾ ਪਾ ਕੇ ਜਿਉਂਦੇ ਸਿੱਖਾਂ ਨੂੰ ਸਾੜਿਆ ਗਿਆ,ਉਥੇ ਵੀ ਉਹੋ ਕੁੱਝ ਹੀ ਦੁਹਰਾਇਆ ਗਿਆ,ਜੋ ਜੂਨ ਚੁਰਾਸੀ ਨੂੰ ਪੰਜਾਬ ਵਿੱਚ ਕੀਤਾ ਗਿਆ ਸੀ,ਬਲਕਿ ਉਸ ਤੋਂ ਵੀ ਭਿਆਨਕ ਕਹਿਰ ਦਿੱਲੀ ਸਮੇਤ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਿੱਖਾਂ ਨਾਲ ਗਿਣੀ ਮਿਥੀ ਸਾਜ਼ਿਸ਼ ਤਹਿਤ ਇੱਕੋ ਸਮੇਂ ਵਾਪਰਿਆ,ਪਰ ਭਾਰਤ ਦਾ ਕਨੂੰਨ ਚੁੱਪ ਰਿਹਾ,ਗੂੰਗਾ ਹੋ ਗਿਆ ਅਤੇ ਅਦਾਲਤਾਂ ਗਹਿਰੀ ਨੀਂਦ ਵਿੱਚ ਚਲੀਆਂ ਗਈਆਂ, ਮਾਨੋ ਸੁੱਧ ਬੁੱਧ ਹੀ ਖੋ ਚੁੱਕੀਆਂ ਹੋਣ ਜਾਂ ਖੋ ਚੁੱਕੇ ਹੋਣ ਦਾ ਨਾਟਕ ਕਰਦੀਆਂ ਰਹੀਆਂ,ਕਿਉਂਕਿ ਜਿਸ ਸੋਚ ਨੇ ਸਾਰਾ ਬਿਰਤਾਂਤ ਸਿਰਜਿਆ ਅਦਾਲਤਾਂ ਅਤੇ ਕਨੂੰਨ ਵੀ ਉਨ੍ਹਾਂ ਦੀ ਮਰਜ਼ੀ ਨਾਲ ਕੰਮ ਕਰਦੇ ਹਨ। ਪੰਜਾਬੀ ਖਾਸ ਕਰਕੇ ਸਿੱਖ ਇਹ ਭੁੱਲ ਗਏ ਕਾਂਗਰਸ ਵੀ ਉਸ ਸੋਚ ਦੀ ਵਰੋਸਾਈ ਹੋਈ ਰਾਜਨੀਤਕ ਧਿਰ ਹੈ,ਜਿਸ ਨੂੰ ਵਰਤ ਕੇ ਛੱਡ ਦਿੱਤਾ ਗਿਆ ਹੈ। ਹੁਣ ਉਸ ਸੋਚ ਨੂੰ ਹੋਰ ਵੀ ਵਿਕਰਾਲ ਰੂਪ ਵਿੱਚ ਅੱਗੇ ਤੋਰਨ ਲਈ ਭਾਰਤੀ ਜਨਤਾ ਪਾਰਟੀ ਨੂੰ ਤਾਕਤ ਦਿੱਤੀ ਹੋਈ ਹੈ,ਜਿਸ ਦੇ ਰਾਜ ਵਿੱਚ ਸ਼ਰੇਆਮ ਦਲਿਤਾਂ ਨੂੰ ਜਿਉਂਦੇ ਜਲਾਇਆ ਜਾ ਰਿਹਾ ਹੈ,ਮੂੰਹਾਂ ਵਿੱਚ ਪਿਸ਼ਾਬ ਕਰਕੇ ਅਸਲੋਂ ਪਛੜੇ ਹੋਏ ਸ਼ੂਦਰ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ,ਮੰਨੂਵਾਦੀ ਸੋਚ ਨੂੰ ਮੁੜ ਤਾਕਤਵਰ ਕੀਤਾ ਜਾ ਰਿਹਾ ਹੈ,ਤਾਂ ਕਿ ਪੂਰੇ ਭਾਰਤ ਵਿੱਚ ਬ੍ਰਾਹਮਣਵਾਦ ਨੂੰ ਮੁੜ ਉਹੋ ਤਾਕਤਾਂ ਦੇ ਕੇ ਨਿਵਾਜਿਆ ਜਾ ਸਕੇ,ਜਿਹੜੀਆਂ ਨੂੰ ਉਹ ਮਿਥਿਹਾਸ ਤੋਂ ਸਿੱਖ ਕੇ ਉਹ ਮਾਨਣ ਲਈ ਵਿਆਕੁਲ ਹੋ ਰਹੇ ਹਨ। ਮੁਸਲਮਾਨਾਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਹੈ,ਘਰ ਘਾਟ, ਕਾਰੋਬਾਰ ਤਬਾਹ ਕੀਤੇ ਜਾ ਰਹੇ ਹਨ। ਸਿੱਖਾਂ ਦੇ ਪੰਜ ਪੰਜ ਸੌ ਸਾਲ ਪੁਰਾਣੇ ਗੁਰਧਾਮ ਢਾਹ ਕੇ ਮੰਦਰ ਉਸਾਰੇ ਜਾ ਰਹੇ ਹਨ। ਸਿੱਖਾਂ ਦੀ ਨਿਆਰੀ ਨਿਰਾਲੀ ਹੋਂਦ ਨੂੰ ਮਿਟਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਮਾੜੀ,ਲਾਲਚੀ ਲੀਡਰਸ਼ਿਪ ਦੀ ਬਦੌਲਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੰਡ ਦਿੱਤਾ ਗਿਆ ਹੈ,ਸਾਰੇ ਗੁਰਦੁਆਰਾ ਬੋਰਡਾਂ ਅਤੇ ਕਮੇਟੀਆਂ ਉੱਪਰ ਸਿੱਖਾਂ ਦੇ ਭੇਖ ਵਿੱਚ ਸਿੱਖ ਵਿਰੋਧੀ ਸੋਚ ਨੂੰ ਟੇਢੇ ਢੰਗ ਨਾਲ ਕਾਬਜ਼ ਕਰਵਾ ਦਿੱਤਾ ਗਿਆ। ਏਥੇ ਹੀ ਬੱਸ ਨਹੀਂ ਭਾਰਤੀ ਜਨਤਾ ਪਾਰਟੀ ਦਾ ਬਦਲ ਵੀ ਨਾਗਪੁਰ ਦੀ ਉਸ ਤਾਕਤਵਰ ਸੰਸਥਾ ਆਰ. ਐਸ. ਐਸ. ਨੇ ਹੁਣ ਤੋਂ ਹੀ ਲੱਭ ਕੇ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਰੱਖ ਲਿਆ ਹੈ। ਇਸ ਨਵੀਂ ਸੱਤਾ ਸ਼ਕਤੀ ਦੇ ਬਦਲ ਨੂੰ ਪੈਦਾ ਕਰਨ ਸਮੇਂ ਕਿੰਨਾ ਵੱਡਾ ਨਾਟਕ ਅੰਨ੍ਹਾ ਹਜ਼ਾਰੇ ਦੇ ਅੰਦੋਲਨ ਦੇ ਰੂਪ ਵਿੱਚ ਰਚਿਆ ਗਿਆ ਸੀ,ਜਿਸ ਨੂੰ ਅਸੀਂ ਆਪਣੇ ਚੇਤਿਆਂ ਵਿੱਚੋਂ ਹੀ ਕੱਢ ਦਿੱਤਾ ਹੈ। ਅੱਖਾਂ ਬੰਦ ਕਰਕੇ ਚੰਗੇ ਲੋਕਾਂ ਨੇ,ਜਿਹੜੇ ਭਾਰਤ ਨੂੰ ਬਦਲਣ ਦੇ ਇਮਾਨਦਾਰੀ ਨਾਲ ਇੱਛਕ ਸਨ ਉਨ੍ਹਾਂ ਨੇ ਇਸ ਨਵੀਂ ਅਖੌਤੀ ਇਮਾਨਦਾਰ ਪਾਰਟੀ 'ਤੇ ਆਸਾਂ ਰੱਖ ਲਈਆਂ,ਪਰ ਉਨ੍ਹਾਂ ਦੀ ਖੁਸ਼ ਫਹਿਮੀ ਜ਼ਿਆਦਾ ਸਮਾਂ ਨਾ ਰਹਿ ਸਕੀ,ਕਿਉਂਕਿ ਇਸ ਪਾਰਟੀ ਉਪਰ ਕਾਬਜ਼ ਨਾਗਪੁਰੀ ਸੋਚ ਨੇ ਉਨ੍ਹਾਂ ਸਾਰਿਆਂ ਨੂੰ ਚੁਣ ਚੁਣ ਕੇ ਬਾਹਰ ਦਾ ਰਸਤਾ ਦਿਖਾ ਦਿੱਤਾ ਅਤੇ ਲਾਲਚੀ, ਖ਼ੁਦਗਰਜ਼ ਅਤੇ ਸੱਤਾ ਦੇ ਭੁੱਖਿਆਂ ਨੂੰ ਚੌਧਰੀ ਬਣਾ ਕੇ ਪੇਸ਼ ਕਰ ਦਿੱਤਾ,ਜਿਸ ਨਾਲ ਉਹ ਇੱਕ ਪੰਧ ਤੇ ਕਈ ਕਾਜ ਕਰਨ ਵਿੱਚ ਸਫਲ ਹੋ ਗਏ। ਮਿਸਾਲ ਦੇ ਤੌਰ 'ਤੇ ਪੰਜਾਬ ਅੰਦਰ ਭਗਵੰਤ ਮਾਨ ਦੀ ਹਰਮਨਪ੍ਰਿਅਤਾ ਦਾ ਲਾਹਾ ਲੈਣ ਲਈ, ਉਹਨੂੰ ਅੱਗੇ ਕਰਕੇ ਸਾਰੇ ਚੰਗੀ ਸੋਚ ਵਾਲੇ ਇੱਕ ਇੱਕ ਕਰਕੇ ਬਾਹਰ ਕਢਵਾਏ ਗਏ,ਉਹਨੂੰ ਅਣਮੰਨੇ ਮਨ ਨਾਲ ਮੁੱਖ ਮੰਤਰੀ ਬਣਾ ਕੇ ਪੰਜਾਬ ਦੇ ਵਿਰੁੱਧ ਵਰਤਿਆ ਗਿਆ, ਉਹਦੀ ਹਰਮਨ ਪਿਆਰਤਾ ਖਤਮ ਕਰਵਾਈ ਗਈ, ਉਹਦੀ ਪੰਜਾਬੀ ਗੈਰਤ ਮਾਰ ਮੁਕਾ ਦਿੱਤੀ ਗਈ,ਉਹਨੂੰ ਨਸ਼ਿਆਂ ਵਿੱਚ ਗਲਤਾਨ ਰਹਿਣ ਦੀ ਆਦਤ ਨੂੰ ਪਰਪੱਕ ਕਰਵਾਇਆ ਗਿਆ,ਉਹਦਾ ਘਰ ਘਾਟ ਤੱਕ ਤੋੜਿਆ ਗਿਆ। ਇਸ ਤੋਂ ਵੀ ਅੱਗੇ ਜੇ ਕੁੱਝ ਹੋਰ ਦੇਖਣਾ ਹੈ ਤਾਂ ਦਿੱਲੀ ਵੱਲ ਝਾਤ ਮਾਰਨ ਦੀ ਲੋੜ ਹੈ,ਕੀ ਆਮ ਆਦਮੀ ਪਾਰਟੀ ਦੀ ਦਿੱਲੀ ਵਾਲੀ ਸੱਤਾ ਵਿੱਚ ਕਿਸੇ ਸਿੱਖ ਨੂੰ ਨੁਮਾਇੰਦਗੀ ਦਿੱਤੀ ਗਈ,ਕੀ ਕਿਸੇ ਦਲਿਤ ਨੂੰ ਸਨਮਾਨਯੋਗ ਤਾਕਤ ਦੇ ਕੇ ਨਿਵਾਜਿਆ ਗਿਆ,ਜਾਂ ਕਿਸੇ ਮੁਸਲਮਾਨ ਨੂੰ ਤਾਕਤ ਦਾ ਭਾਗੀਦਾਰ ਬਣਾਇਆ ਗਿਆ ?

ਇਸ ਦਾ ਜਵਾਬ ਵੀ ਕੋਰੀ ਨਾਂਹ ਵਿੱਚ ਮਿਲਦਾ ਹੈ। ਕਿਉਂ ? ਕਿਉਂਕਿ ਇਹਨੂੰ ਚਲਾਉਣ ਵਾਲੀ ਸੋਚ ਵੀ ਨਾਗਪੁਰੀ ਸੋਚ ਹੈ,ਇਸ ਲਈ ਉਪਰੋਕਤ ਤੋਂ ਕੋਈ ਆਸ ਰੱਖਣੀ ਨਿਰੀ ਬੇਵਕੂਫ਼ੀ ਤੋ ਵੱਧ ਕੁੱਝ ਵੀ ਨਹੀਂ ਹੈ। ਇਸ ਰਾਜਨੀਤਕ ਪਾਰਟੀ ਦਾ ਅਸਲ ਵਿਕਰਾਲ ਰੂਪ ਉਦੋਂ ਹੋਰ ਸਪਸ਼ਟਤਾ ਨਾਲ ਸਾਹਮਣੇ ਆਵੇਗਾ ਜਦੋਂ ਇਹ ਪੂਰਨ ਰੂਪ ਵਿੱਚ ਦਿੱਲੀ ਦੇ ਤਖਤ ਉੱਪਰ ਕਾਬਜ਼ ਕਰਵਾ ਦਿੱਤੀ ਜਾਵੇਗੀ। ਇੱਥੇ ਦੇਖਣ, ਸਮਝਣ ਅਤੇ ਸੋਚਣ ਵਾਲੀ ਗੱਲ ਇਹ ਹੈ ਕਿ ਸਿੱਖ ਕਿੱਧਰ ਨੂੰ ਜਾ ਰਹੇ ਹਨ ? ਸਾਡੇ ਤਖ਼ਤ ਸਾਹਿਬਾਨਾਂ ਤੋਂ ਸਿੱਖ ਵਿਰੋਧੀ ਹੁਕਮਨਾਮੇ ਜਾਰੀ ਕਰਵਾਏ ਜਾ ਰਹੇ ਹਨ। ਸਿੱਖੀ ਸਿਧਾਂਤਾਂ ਦਾ ਮਲੀਆਮੇਟ ਕੀਤਾ ਜਾ ਰਿਹਾ ਹੈ,ਪਰ ਇੱਧਰ ਸੋਚਣ ਵਾਲਾ ਕੋਈ ਕਿਉਂ ਨਹੀਂ ਹੈ ? ਜਦੋਂ ਭਾਰਤ ਅੰਦਰ ਦਲਿਤਾਂ ਨੂੰ ਮਾਰਿਆ ਜਾ ਰਿਹਾ ਹੈ, ਉਨ੍ਹਾਂ ਨੂੰ ਸ਼ੂਦਰ ਹੋਣ ਦਾ ਅਹਿਸਾਸ ਉਹਨਾਂ ਦੇ ਮੂੰਹਾਂ ਤੇ ਪਿਸ਼ਾਬ ਕਰਕੇ ਕਰਵਾਇਆ ਜਾ ਰਿਹਾ ਹੈ, ਮੁਸਲਮਾਨ ਔਰਤਾਂ ਨਾਲ ਸਮੂਹਿਕ ਬਲਾਤਕਾਰ ਕਰਵਾਏ ਜਾ ਰਹੇ ਹਨ, ਮੁਸਲਮਾਨਾਂ ਦੇ ਕਤਲ ਹੋ ਰਹੇ ਹਨ,ਫਿਰ 140 ਕਰੋੜ ਦੀ ਅਬਾਦੀ ਵਿੱਚ ਹਾਅ ਦਾ ਨਾਹਰਾ ਮਾਰਨ ਵਾਲਾ ਵੀ ਕੋਈ ਕਿਉਂ ਨਹੀਂ ਹੈ ?

ਕੀ ਸਾਰਾ ਭਾਰਤ ਇਹ ਹੀ ਚਾਹੁੰਦਾ ਹੈ ? ਕੀ ਸਾਰੇ ਭਾਰਤ ਦੇ ਇਨਸਾਫ ਪਸੰਦ ਲੋਕ ਸਿਰਫ਼ ਦਿਖਾਵੇ ਦੇ ਹੀ ਇਨਸਾਫ ਪਸੰਦ ਰਹਿ ਗਏ ਹਨ ? ਕੀ ਉਨ੍ਹਾਂ ਨੂੰ ਭਾਰਤ ਦੀ ਵੰਨ ਸੁਵੰਨਤਾ ਵਿਚੋਂ ਮੁਸ਼ਕ ਆਉਣ ਲੱਗ ਪਿਆ ਹੈ,ਜਾਂ ਅਲਰਜੀ ਹੋਣ ਲੱਗ ਪਈ ਹੈ ? ਇਹਨਾਂ ਸਵਾਲਾਂ 'ਤੇ ਗੌਰ ਕਰਨੀ ਹੋਵੇਗੀ। ਹੁਣ ਇੱਕ ਵਾਰ ਫਿਰ ਪੰਜਾਬ ਵੱਲ ਪਰਤਦੇ ਹਾਂ। ਲੰਘੀਆਂ ਜ਼ਿਮਨੀ ਚੋਣਾਂ ਨੇ ਦੱਸ ਦਿੱਤਾ ਹੈ ਕਿ ਮਹਿਜ ਜਿਆਦਾ ਤੋਂ ਜ਼ਿਆਦਾ ਪੰਜ ਤੋਂ ਅੱਠ ਫੀਸਦੀ ਸਿੱਖਾਂ ਦੀ ਜ਼ਮੀਰ ਕੁੱਝ ਕੁ ਜਾਗਦੀ ਹੈ, ਅਠਾਰਾਂ ਉੱਨੀ ਫੀਸਦੀ ਸੋਚ ਆਪਣਾ ਅਸਲਾ ਭੁੱਲ ਕੇ, ਆਪਣੇ ਨਾਲ ਹੋਈਆਂ ਬੇ -ਇਨਸਾਫੀਆਂ ਨੂੰ ਭੁੱਲ ਕੇ ਦੋ ਦੋ ਕਿੱਲੋਂ ਆਟੇ ਦਾਲ ਪਿੱਛੇ ਲੱਗ ਕੇ ਮੁੜ ਉਸੇ ਭਾਜਪਾ ਦੀ ਝੋਲ਼ੀ ਪੈਂਦੀ ਦਿਖਾਈ ਦਿੰਦੀ ਹੈ,ਜਿਸਦੇ ਰਾਜ ਵਿੱਚ ਉਨ੍ਹਾਂ ਨੂੰ,ਬੁਰੀ ਤਰ੍ਹਾਂ ਕੁੱਟਿਆ,ਲੁੱਟਿਆ ਅਤੇ ਮਾਰਿਆ ਜਾ ਰਿਹਾ ਹੈ। ਇਹ ਵਰਤਾਰਾ ਪੰਜਾਬ ਦੀ ਜ਼ਰਖੇਜ਼ ਸਿੱਖ ਧਰਾਤਲ ਲਈ ਬੇਹੱਦ ਖਤਰਨਾਕ ਸਾਬਤ ਹੋ ਰਿਹਾ ਹੈ ਅਤੇ ਜੇਕਰ ਨਾਂਹ ਸੰਭਲੇ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਖਤਰਨਾਕ ਰੂਪ ਵਿੱਚ ਸਾਹਮਣੇ ਆਉਣ ਵਾਲਾ ਹੈ। ਅਠਾਰਾਂ ਕੁ ਫੀਸਦੀ ਲੋਕਾਂ ਦੀ ਜ਼ਮੀਰ ਧਰਮ ਤੋਂ ਦੂਰ ਹੋ ਕੇ ਅਜੇ ਵੀ ਇਨਸਾਫ ਪਸੰਦ ਬਣੇ ਹੋਣ ਦੀ ਮੁਦਈ ਬਣੀ ਹੋਈ ਹੈ, ਅਸਲ ਵਿੱਚ ਇਹ ਹੀ ਉਹ ਸੋਚ ਹੈ ਜਿਸ ਨੇ ਜਾਣੇ ਅਨਜਾਣੇ ਵਿੱਚ ਪੰਜਾਬ ਦਾ ਨੁਕਸਾਨ ਕਰਨ ਦਾ ਜਿੰਮਾ ਲਿਆ ਹੋਇਆ ਹੈ,ਤਾਂ ਕਿ ਆਪਣੇ ਆਪ ਨੂੰ ਭਾਰਤੀ ਰਾਸ਼ਟਰੀ ਵਾਦ ਵਿੱਚ ਸੁਰਖਿਅਤ ਰੱਖਿਆ ਜਾ ਸਕੇ। ਪੰਜਾਹ ਫੀਸਦੀ ਸੋਚ ਭਾਵ ਬਹੁਗਿਣਤੀ ਵਿੱਚ ਪੰਜਾਬ ਦੀ ਜ਼ਮੀਰ, ਅਣਖ, ਗੈਰਤ ਆਪਣੇ ਨਾਲ ਹੋਈਆਂ ਕੁੱਝ ਕੁ ਦਹਾਕਿਆਂ ਦੀਆਂ ਬੇ -ਇਨਸਾਫੀਆਂ ਨੂੰ ਭੁਲਕੇ ਮਹਿਜ ਕੁੱਝ ਸੁਖ ਸਹੂਲਤਾਂ ਦੇ ਫਰੇਬ ਵਿੱਚ ਗੁਆਚ ਚੁੱਕੀ ਹੈ।

ਇਹ ਸੱਚ ਹੈ ਕਿ ਭਾਰਤ ਪੱਧਰ 'ਤੇ ਮੌਜੂਦਾ ਫਿਰਕੂ ਰਾਜਨੀਤੀ ਨੂੰ ਠੱਲ੍ਹ ਪਾਉਣ ਲਈ ਕਾਂਗਰਸ ਦੇ ਨਵੇਂ ਆਗੂ ਕੁਝ ਕੁ ਫਿਕਰਮੰਦੀ ਜ਼ਾਹਿਰ ਕਰਦੇ ਹਨ,ਪਰ ਜਦੋਂ ਉਹ ਭਾਜਪਾ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਨਾਲ ਸਾਂਝ ਪਾਉਂਦੇ ਹਨ, ਕੀ ਉਦੋਂ ਉਹ ਇਹ ਨਹੀਂ ਸਮਝਦੇ ਕਿ ਦੇਸ਼ ਦੇ 140 ਕਰੋੜ ਤੋਂ ਵੱਧ ਲੋਕਾਂ ਨੂੰ ਖਾਤੇ ਵਿਚੋਂ ਕੱਢ ਕੇ ਖੂਹ ਵਿੱਚ ਸੁੱਟਣ ਦਾ ਗੁਨਾਹ ਕਰਨ ਜਾ ਰਹੇ ਹਨ ? ਇਸ ਤੋਂ ਹੋਰ ਨੇੜੇ ਪੰਜਾਬ ਕਾਂਗਰਸ ਦੀ ਗੱਲ ਕੀਤੀ ਜਾਵੇ, ਤਾਂ ਇਹਨਾਂ ਵਿੱਚ ਇੱਕਾ ਦੁੱਕਾ ਨੇਤਾਵਾਂ ਨੂੰ ਛੱਡਕੇ ਬਾਕੀ ਸਭ ਬੇਅੰਤ ਸਿੰਘ ,ਦਰਬਾਰਾ ਸਿੰਘ ਦੀ ਸੋਚ ਦੇ ਹੀ ਵਾਰਸ ਹਨ,ਜਿਨ੍ਹਾਂ ਨੂੰ ਸਮੇਂ ਸਮੇਂ ਲੱਛੇਦਾਰ ਭਾਸ਼ਨ ਦੇ ਕੇ ਲੋਕਾਂ ਨੂੰ ਭਰਮਾਉਣ ਦੀ ਜਾਚ ਹੈ, ਉਦੋਂ ਇਹ ਪੰਜਾਬ ਦੇ ਹਿਤਾਂ ਦੀ ਗੱਲ ਵੀ ਕਰਦੇ ਹਨ,ਪਰ ਜਦੋਂ ਇਹਨਾਂ ਦਾ ਕੋਈ ਚਰਨਜੀਤ ਸਿੰਘ ਚੰਨੀ ਵਰਗਾ ਆਗੂ ਭਾਰਤ ਦੀ ਲੋਕ ਸਭਾ ਵਿੱਚ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਹਾਅ ਦਾ ਮਾਰ ਦਿੰਦਾ ਹੈ ਤਾਂ ਪੰਜਾਬ ਦੇ ਸਾਰੇ ਕਾਂਗਰਸੀ ਪੱਲਾ ਝਾੜ ਕੇ ਪਿੱਛੇ ਹਟ ਜਾਂਦੇ ਹਨ, ਜਦੋਂ ਚੋਣਾਂ ਵਿੱਚ ਕੋਈ ਸੁਖਪਾਲ ਸਿੰਘ ਖਹਿਰੇ ਵਰਗਾ ਆਗੂ ਪੰਜਾਬ ਅੰਦਰ ਪਰਵਾਸੀਆਂ ਨੂੰ ਜਾਇਦਾਦਾਂ ਖਰੀਦਣ ਦੇ ਮੁੱਦੇ 'ਤੇ ਬਿਆਨ ਦੇ ਦਿੰਦਾ ਹੈ,ਤਾਂ ਇਹ ਹੀ ਪਰਤਾਪ ਸਿੰਘ ਬਾਜਵੇ ਵਰਗੇ ਕਾਂਗਰਸੀ ਨੇਤਾ ਉਹਦਾ ਜ਼ੋਰਦਾਰ ਵਿਰੋਧ ਸ਼ੁਰੂ ਕਰ ਦਿੰਦੇ ਹਨ ਅਤੇ ਕਾਰੋਬਾਰੀ ਸਾਰੇ ਹੀ ਕਹਿਣ ਲੱਗਦੇ ਹਨ ਕਿ ਇਹ ਸੁਖਪਾਲ ਸਿੰਘ ਖਹਿਰੇ ਦਾ ਆਪਣਾ ਨਿੱਜੀ ਬਿਆਨ ਹੋ ਸਕਦਾ ਹੈ,ਪੰਜਾਬ ਕਾਂਗਰਸ ਦਾ ਨਹੀਂ। ਸੋ ਅਜਿਹੇ ਧਰਮ ਨਿਰਪੱਖ ਹੋਣ ਦਾ ਦਿਖਾਵਾ ਕਰਨ ਵਾਲੀ ਪਾਰਟੀ ਦੇ ਪੰਜਾਬੀ ਨੇਤਾਵਾਂ ਤੋਂ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਉਹ ਸੱਤਾ ਵਿੱਚ ਆਕੇ ਪੰਜਾਬ ਦਾ ਕੁੱਝ ਸੰਵਾਰ ਸਕਣਗੇ ? (**ਬਾਕੀ ਸਫ਼ਾ 31 'ਤੇ**)

# ਅਕਾਲੀਆਂ 'ਚੋਂ ਅਕਾਲੀਅਤ ਕਦੋਂ ਤੇ ਕਿਵੇਂ ਗ਼ੁੰਮ ਹੋ ਗਈ ?



ਬਲਕਾਰ ਸਿੰਘ ਪ੍ਰੋਫੈਸਰ

ਗੁਰੂ ਨਾਨਕ ਦੇਵ ਜੀ ਦੇ 1499 ਵਿੱਚ ਦਿੱਤੇ ਗਏ 'ਵੇਈਂ ਨਦੀ ਸੰਦੇਸ਼' (ਨ ਕੋ ਹਿੰਦੂ ਨ ਮੁਸਲਮਾਨ) ਤੋਂ ਪਿੱਛੋਂ ਪੰਜਾਬ ਸੱਭਿਆਚਾਰਕ ਖਿੱਤੇ ਦੇ ਨਾਲ-ਨਾਲ ਗੁਰੂ ਦੇ ਨਾਮ 'ਤੇ ਜਿਊਣ ਵਾਲਾ ਪੰਜਾਬ ਹੋ ਗਿਆ ਸੀ। ਗੁਰੂ ਚਿੰਤਨ ਦਾ ਪੰਘੂੜਾ ਹੋਣ ਕਰ ਕੇ ਪੰਜਾਬ ਵਿਚੋਂ ਕੁਝ ਵੀ ਮਨਫ਼ੀ ਕਰਨ ਦੀ ਲੋੜ ਨਹੀਂ ਪਈ ਸੀ। ਇਹ ਉਸ ਗੁਰਮਤਿ ਵਿਧੀ ਕਰ ਕੇ ਵਾਪਰਿਆ ਸੀ ਜਿਸ ਨੇ ਪ੍ਰਾਪਤ ਵਿੱਚੋਂ ਜੋ ਲੈਣ ਯੋਗ ਸੀ, ਉਹ ਲੈ ਲਿਆ ਸੀ, ਜੋ ਛੱਡਣ ਯੋਗ ਸੀ, ਉਹ ਛੱਡ ਲਿਆ ਸੀ। ਬੰਦੇ ਦੇ ਪੈਰੋਂ ਪੈਦਾ ਹੋਣ ਵਾਲੀਆਂ ਦੁਸ਼ਵਾਰੀਆਂ ਨੂੰ ਦੇਖਦਿਆਂ ਦੇਹ-ਗੁਰੂ ਦਾ ਸਦੀਵ ਬਦਲਾਓ 'ਗੁਰੂ ਮਾਨਿਓ ਗ੍ਰੰਥ' ਦੇ ਰੂਪ ਵਿੱਚ ਸ਼ਬਦ-ਗੁਰੂ ਕਰ ਦਿੱਤਾ ਗਿਆ ਸੀ। ਇਸੇ ਆਧਾਰ 'ਤੇ ਪੈਦਾ ਹੋਇਆ ਸਿੱਖ ਭਾਈਚਾਰਾ ਪੰਜਾਬ ਵਿੱਚ ਘੱਟਗਿਣਤੀ ਹੋਣ ਦੇ ਬਾਵਜੂਦ ਸਮਾਜਿਕ ਅਤੇ ਰਾਜਨੀਤਕ ਪੱਖੋਂ ਨੁਮਾਇਆ ਹੋ ਗਿਆ ਸੀ ਕਿਉਂਕਿ ਪੰਜਾਬ ਨੂੰ ਦਰਪੇਸ਼ ਮੁਹਿੰਮਾਂ ਦਾ ਸਾਹਮਣਾ ਇਹ ਭਾਈਚਾਰਾ ਅੱਗੇ ਲੱਗ ਕੇ ਕਰਦਾ ਰਿਹਾ ਸੀ। ਇਸੇ ਵਿਚੋਂ ਸਿੱਖ ਸਿਆਸਤ ਦਾ ਮੁੱਢ ਬਾਬਾ ਬੰਦਾ ਸਿੰਘ ਬਹਾਦਰ ਨਾਲ ਬੱਝ ਗਿਆ ਸੀ। ਇਹੀ ਬਰਾਸਤਾ ਮਹਾਰਾਜਾ ਰਣਜੀਤ ਸਿੰਘ, ਅਕਾਲੀਆਂ ਤੱਕ ਪਹੁੰਚ ਗਿਆ ਸੀ। ਸੀ ਨੂੰ ਹੈ ਜਾਂ ਹੋਣਾ ਵਿੱਚ ਅਨੁਵਾਦ ਕਰਨ ਦੀ ਅਕਾਲੀ ਰਾਜਨੀਤੀ ਦਾ ਵਰਤਮਾਨ ਅਕਾਲੀ ਸੰਕਟ ਵਾਂਗ ਸਭ ਦੇ ਸਾਹਮਣੇ ਹੈ।

ਵਿਦਵਾਨਾਂ ਨੇ ਅਕਾਲੀ ਦਲ ਨੂੰ ਚੁਣੌਤੀਆਂ ਦਾ ਟਾਕਰਾ ਕਰਨ ਵਾਲਾ ਅਤੇ ਤਬਦੀਲੀਆਂ ਦਾ ਗਵਾਹ ਮੰਨਦਿਆਂ ਅਕਾਲੀਆਂ ਨੂੰ ਇਸ ਦੇ ਵਾਰਸ ਮੰਨਿਆ ਹੋਇਆ ਹੈ। ਵਿਰਾਸਤੀ ਪ੍ਰਸੰਗ ਵਿਚੋਂ ਨਿਕਲ ਕੇ ਮਾਲਕੀ ਸੁਰ ਵਿੱਚ ਅਕਾਲੀ ਆਗੂ ਪੰਜਾਬ ਦੀ ਸਿਆਸਤ ਨੂੰ ਜਗੀਰਦਾਰੀ ਸ਼ੈਲੀ ਵਿੱਚ ਹੰਢਾਉਣ ਦੀ ਜਿਵੇਂ-ਜਿਵੇਂ ਕੋਸ਼ਿਸ਼ ਕਰਦੇ ਗਏ, ਉਵੇਂ-ਉਵੇਂ ਉਹ ਸਿੱਖ ਸੁਰ ਨਾਲੋਂ ਦੂਰ ਹੁੰਦੇ ਚਲੇ ਗਏ। ਇਸ ਨਾਲ ਸੰਗਤੀ ਸੁਰ ਵਾਲੀ ਫ਼ੈਡਰਲ ਰਾਜਨੀਤੀ ਕਥਿਤ ਜਰਨੈਲੀ ਵਿਅਕਤੀਵਾਦ ਵਿੱਚ ਢਲਦੀ-ਢਲਦੀ ਇਸ ਵੇਲੇ ਸਿਖਰ 'ਤੇ ਪਹੁੰਚ ਗਈ ਹੈ। ਇਸ ਬਾਰੇ ਅੰਦਰੋਂ ਬਣੀ ਝੂੰਦਾਂ ਕਮੇਟੀ ਨੇ ਜਿੰਨਾ ਕੁ ਸੱਚ ਸਾਹਮਣੇ ਲਿਆਂਦਾ ਸੀ, ਉਸ ਵੱਲ ਵੀ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਗਈ। ਦਸ ਸਾਲ ਦੇ ਕਾਰਜਕਾਲ ਦੌਰਾਨ ਸੱਤਾ ਚਲਾਉਣ ਵਾਲਿਆਂ ਨੇ ਮਨਮਰਜ਼ੀਆਂ ਕੀਤੀਆਂ। ਇਹ ਮਸਲਾ ਅਕਾਲੀਆਂ ਨੇ ਹੀ ਅਕਾਲੀਆਂ ਵਿਰੁੱਧ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਾ ਦਿੱਤਾ ਹੈ।

ਇਸ ਬਾਰੇ ਦਾਨਿਸ਼ਵਰਾਂ ਦੀ ਮੀਟਿੰਗ ਹੋ ਚੁੱਕੀ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪ੍ਰਭੂਸੱਤਾ ਦਾ ਸਮਰਥਨ ਕੀਤਾ ਜਾ ਚੁੱਕਾ ਹੈ। ਜੋ ਸਭ ਨੂੰ ਨਜ਼ਰ ਆ ਰਿਹਾ ਹੈ, ਉਹ ਅਕਾਲੀਆਂ ਨੂੰ ਬਿਲਕੁਲ ਨਜ਼ਰ ਨਹੀਂ ਆ ਰਿਹਾ ? ਇਸ ਹਾਲਤ ਵਿੱਚ ਫ਼ੈਸਲਾ ਕਰਨ ਦੀ ਥਾਂ ਰਾਹ ਕੱਢਣ ਦੀ ਸੰਗਤੀ ਵਿਧਾ ਨੂੰ ਕੇਂਦਰ ਵਿੱਚ ਰੱਖ ਕੇ ਮੈਂ ਆਪਣੀ ਰਾਏ ਜਥੇਦਾਰ ਨੂੰ ਲਿਖ ਕੇ ਭੇਜੀ ਸੀ:

ਦਰਪੇਸ਼ ਮੁੱਦਾ ਇਹ ਹੈ ਕਿ ਅਕਾਲੀਆਂ ਨੂੰ ਬਚਾਉਣਾ ਹੈ ਕਿ ਅਕਾਲੀ ਦਲ ਨੂੰ ਬਚਾਉਣਾ ਹੈ ? ਅਕਾਲੀਆਂ ਨੂੰ ਸਿਆਸੀ ਸੁਰ ਵਿੱਚ ਬਚਾਇਆ ਜਾ ਸਕਦਾ ਹੈ ਅਤੇ ਅਕਾਲੀ ਦਲ ਨੂੰ ਪੰਥਕ ਸੰਸਥਾ ਵਜੋਂ ਸਿੱਖ ਸੁਰ ਵਿੱਚ ਬਚਾਇਆ ਜਾ ਸਕਦਾ ਹੈ ? ਸਿਆਸੀ ਸੁਰ ਵਿੱਚ ਫ਼ੈਸਲਾ ਕਰਨਾ ਪੈਣਾ ਹੈ ਅਤੇ ਸਿੱਖ ਸੁਰ ਵਿੱਚ ਰਾਹ ਕੱਢਣਾ ਪੈਣਾ ਹੈ। ਲੱਗਦਾ ਹੈ ਕਿ ਸੰਕਟ ਅਕਾਲੀਆਂ ਦਾ ਹੈ, ਅਕਾਲੀ ਦਲ ਦਾ ਨਹੀਂ ਅਤੇ ਵਰਤਮਾਨ ਅਕਾਲੀ ਸੰਕਟ ਦੀਆਂ ਇਹ ਤਿੰਨ ਧਿਰਾਂ ਹਨ: 1) ਅਕਾਲੀ ਸਿਆਸਤਦਾਨ ਕਿਸੇ ਵੀ ਰੰਗ ਦਾ; 2) ਸਿੱਖ ਸੰਗਤ; 3) ਸਿੱਖ ਪੰਥ।




ਮਸਲਾ ਅਕਾਲੀ ਸਿਆਸਤਦਾਨ ਹਨ ਜਾਂ ਅਕਾਲੀ ਸਿਆਸਤ, ਇਸ ਨੂੰ ਅਕਾਲੀ ਦਲ ਨਾਲ ਨਹੀਂ ਉਲਝਾਉਣਾ ਚਾਹੀਦਾ ਕਿਉਂਕਿ ਅਕਾਲੀ ਦਲ ਨੂੰ ਅਕਾਲੀ ਸਿਆਸਤਦਾਨ ਫ਼ੇਲ੍ਹ ਕਰ ਚੁੱਕੇ ਹਨ। ਅਕਾਲੀ ਦਲ ਤਾਂ ਇਸ ਵੇਲੇ ਸਿਆਸੀ ਅਪਹਰਨ ਦਾ ਉਸੇ ਤਰ੍ਹਾਂ ਸ਼ਿਕਾਰ ਹੈ ਜਿਵੇਂ ਸਿੱਖ ਸੰਸਥਾਵਾਂ ਹਨ। ਨਤੀਜੇ ਵਜੋਂ ਕਿਸੇ ਵੀ ਰੰਗ ਦਾ ਅਕਾਲੀ ਸਿਆਸਤਦਾਨ, ਸਿੱਖ ਸੰਗਤ ਅਤੇ ਸਿੱਖ ਪੰਥ ਵਿੱਚ ਆਪਣੀ ਸਾਖ ਗੁਆ ਚੁੱਕਾ ਨਜ਼ਰ ਆ ਰਿਹਾ ਹੈ ਅਤੇ ਗੁਆਚੀ ਸਾਖ ਦੀ ਬਹਾਲੀ ਦਾ ਸਿਆਸੀ ਪੈਂਤੜਾ, ਦਾਗ਼ੀਆਂ ਤੇ ਬਾਗ਼ੀਆਂ ਦੇ ਰੂਪ ਵਿੱਚ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਚੁੱਕਾ ਹੈ।

ਸਿਆਸਤਦਾਨਾਂ ਦੇ ਪੈਰੋਂ ਪੈਦਾ ਹੋਈਆਂ ਦੁਸ਼ਵਾਰੀਆਂ ਨੂੰ ਸਿਆਸਤਦਾਨਾਂ ਰਾਹੀਂ ਨਹੀਂ ਸੁਲਝਾਇਆ ਜਾ ਸਕਦਾ ਕਿਉਂਕਿ ਜੋ ਉਖੜਿਆ ਤੇ ਉਲਝਿਆ ਹੋਇਆ ਹੈ, ਉਸ ਤੋਂ ਸੁਲਝਾਉਣ ਦੀ ਆਸ ਹੀ ਕਿਵੇਂ ਕੀਤੀ ਜਾ ਸਕਦੀ ਹੈ ? ਤਾਂ ਦਾਗ਼ੀਆਂ, ਬਾਗ਼ੀਆਂ ਅਤੇ ਸਿਆਸੀ ਸ਼ਹਿ ਲਾਈ ਬੈਠੇ ਸਿੱਖ ਸਿਆਸਤਦਾਨਾਂ ਬਾਰੇ ਫ਼ੈਸਲਾ ਕਰਨ ਦੀ ਥਾਂ ਸਿੱਖ ਸੰਗਤ ਅਤੇ ਸਿੱਖ ਪੰਥ ਰਾਹੀਂ ਦਰਪੇਸ਼ ਮਸਲੇ ਵਾਸਤੇ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਜੇ ਇਸ ਵੇਲੇ ਸਿਧਾਂਤ ਅਤੇ ਪਰੰਪਰਾ ਮੁਤਾਬਿਕ ਨਾ ਵੀ ਸੰਭਵ ਲੱਗੇ ਤਾਂ ਵੀ ਇਸ ਨੂੰ ਇਸ ਤਰ੍ਹਾਂ ਸਮਝਣ ਦੀ ਕੋਸ਼ਿਸ਼ ਤਾਂ ਕੀਤੀ ਹੀ ਜਾ ਸਕਦੀ ਹੈ ਕਿ ਸਿਆਸੀ ਫ਼ੈਸਲਾ ਕਰਨ ਦੀ ਥਾਂ ਮੌਜੂਦਾ ਸਿਆਸਤ ਨਾਲ ਤੁਰ ਸਕਣ ਦੀਆਂ ਸੰਭਾਵਨਾਵਾਂ ਤਲਾਸ਼ਣ ਵਾਲੀ ਗੁਰਮਤਿ ਭਾਵਨਾ ਵਾਲਾ ਪੰਥਕ ਰਾਹ ਸਮਝਿਆ/ਸਮਝਾਇਆ ਜਾ ਸਕਦਾ ਹੈ।

ਵਰਤਮਾਨ ਸਿਆਸੀ ਸੰਕਟ ਕਿਸੇ ਸਿਧਾਂਤਕ ਅਤੇ ਪਰੰਪਰਕ ਲਗਾਤਾਰਤਾ ਵਿੱਚ ਨਜ਼ਰ ਨਾ ਆਉਣ ਕਰ ਕੇ ਕਿਸੇ ਦੇ ਹੱਕ ਜਾਂ ਵਿਰੋਧ ਵਾਲੇ ਫ਼ੈਸਲੇ ਦਾ ਮੁਥਾਜ ਨਹੀਂ ਹੋਣ ਦੇਣਾ ਚਾਹੀਦਾ। ਫ਼ੈਸਲਾ, ਸੰਗਤ ਤੇ ਪੰਥ ਨੂੰ ਸਿੱਧਾ ਹੱਥ ਵਿੱਚ ਲੈਣ ਦੇਣਾ ਚਾਹੀਦਾ ਹੈ। ਸਿੱਖਾਂ ਦੇ ਸੰਗਤੀ ਰਾਹ ਨੂੰ ਸਿੱਖ ਪ੍ਰਸੰਗ ਵਿੱਚ ਲੋਕਤੰਤਰੀ ਰਾਹ ਦੀ ਪੰਥਕ ਵਿਰਾਸਤ ਕਿਹਾ ਜਾ ਸਕਦਾ ਹੈ।

ਉਪਰੋਕਤ ਰੌਸ਼ਨੀ ਵਿੱਚ ਅਕਾਲੀਆਂ ਨੂੰ ਬਚਾਉਣ ਦੇ ਸਿਆਸੀ ਫ਼ੈਸਲੇ ਦੀ ਥਾਂ, ਅਕਾਲੀ ਦਲ ਨੂੰ ਨਵੇਂ ਸਿਰਿਉਂ ਉਸਾਰਨ ਦੇ ਰਾਹ ਤੁਰਾਂਗੇ ਤਾਂ ਸੰਗਤ ਅਤੇ ਪੰਥ ਵਿੱਚ ਸਾਖ ਗੁਆ ਚੁੱਕੇ ਅਕਾਲੀਆਂ ਨੂੰ ਵੀ ਸੰਗਤ ਅਤੇ ਪੰਥ ਰਾਹੀਂ ਸਾਖ-ਬਹਾਲੀ ਦਾ ਮੌਕਾ ਦੇ ਰਹੇ ਹੋਵਾਂਗੇ। ਕਿਸੇ ਵੀ ਕਾਰਨ ਸਿਆਸੀ ਖੁਆਰੀ ਦਾ ਸ਼ਿਕਾਰ ਹੋਇਆਂ ਨੂੰ ਇਸ ਰਾਹੇ ਤੁਰ ਕੇ ਜਥੇਦਾਰ ਦੀ ਅਗਵਾਈ ਵਿੱਚ ਨਵੇਂ ਸਿਰਿਉਂ ਅਕਾਲੀ ਦਲ ਦੀ ਭਰਤੀ ਕਰ ਕੇ ਨਵੇਂ ਸਿਰਿਉਂ ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਸੰਭਾਵੀ ਅਕਾਲੀ ਦਲ ਦੇ ਹੋਰ ਅਹੁਦੇਦਾਰ ਚੁਣਨ ਦੇ ਪਰੰਪਰਕ ਮਾਰਗ 'ਤੇ ਤੋਰਿਆ ਜਾ ਸਕਦਾ ਹੈ।

ਕੌਣ ਕਿਸ ਨੂੰ ਦੱਸੇ ਕਿ ਸਿੱਖ ਤਾਂ ਦੁਸ਼ਵਾਰੀਆਂ ਵਿੱਚ ਵੀ ਇਤਿਹਾਸ ਸਿਰਜਦੇ ਰਹੇ ਹਨ ਪਰ ਮਿਲੀਆਂ ਹੋਈਆਂ ਸਿਆਸੀ ਸਹੂਲਤਾਂ ਨੇ ਅਕਾਲੀਆਂ ਦਾ ਇਹ ਰਾਹ ਕਿਵੇਂ ਤੇ ਕਿਉਂ ਰੋਕਿਆ ? ਕੰਧ 'ਤੇ ਲਿਖੇ ਨੂੰ ਪੜ੍ਹਨ ਦੀ ਥਾਂ ਅਕਾਲੀਆਂ ਨੇ ਇਸ ਨੂੰ ਟੰਗੀ ਕਿਉਂ ਰੱਖਿਆ ? ਲੋਕਤੰਤਰ ਦੀ ਫ਼ੈਡਰਲ ਸਿਆਸਤ ਵਿੱਚੋਂ ਜਗੀਰਦਾਰੀ ਦਾ ਭੂਤ ਕਿਵੇਂ ਤੇ ਕਿਉਂ ਨਿਕਲਿਆ ? ਸਿਆਸਤ ਨਹੀਂ ਸੇਵਾ ਨੂੰ ਸੌਖਿਆਂ ਅਮੀਰ ਹੋਣ ਅਤੇ ਬਿਨਾਂ ਕੰਮ ਕੀਤਿਆਂ ਮੌਜਾਂ ਲੈਣ ਵਾਲੀ ਸਿਆਸਤ ਕਿਸ ਨੇ ਬਣਾਇਆ ? ਇਨ੍ਹਾਂ ਸਵਾਲਾਂ ਦੇ ਜਵਾਬ ਵਿੱਚ ਅਕਾਲੀਆਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਅਕਾਲੀਆਂ ਵਿੱਚੋਂ ਅਕਾਲੀਅਤ ਕਦੋਂ ਤੇ ਕਿਵੇਂ ਗੁੰਮ ਹੋ ਗਈ ਹੈ ? ਜੇ ਸਿੱਖ ਹੀ 'ਰਾਖਾ ਆਪ ਅਕਾਲ ਅਕਾਲੀਆਂ ਦਾ' ਦੀ ਭਾਵਨਾ ਵਿੱਚ ਅਕਾਲੀ ਹੋਇਆ ਸੀ ਤਾਂ ਵਰਤਮਾਨ ਅਕਾਲੀਆਂ ਨੂੰ ਅਕਾਲੀ ਹੋਣ ਵਾਸਤੇ ਸਿੱਖ ਹੋਣ ਦੀ ਲੋੜ ਕਿਉਂ ਮਹਿਸੂਸ ਨਹੀਂ ਹੋ ਰਹੀ ? ਜੇ ਸਾਰੇ ਸਿਆਸੀ ਰੋਗ ਬਾਣੀ ਨਾਲੋਂ ਵਿਛੜਨ ਕਰ ਕੇ ਪੈਦਾ ਹੋ ਗਏ ਹਨ ਤਾਂ ਬਾਣੀ ਵੱਲ ਮੁੜਨ ਵਾਲੇ ਪਾਸੇ ਅਕਾਲੀ ਕਿਉਂ ਨਹੀਂ ਤੁਰ ਰਹੇ ? ਇਹ ਸਾਰੇ ਸਵਾਲ ਅਕਾਲੀਆਂ ਦੇ ਅਕਾਲੀ ਵਰਤਾਰੇ, ਅਕਾਲੀ ਮਾਨਸਿਕਤਾ ਅਤੇ ਅਕਾਲੀ ਸਿਆਸਤ ਨਾਲ ਜੁੜੇ ਹੋਏ ਹਨ।

ਅਕਾਲੀ ਸੰਭਾਵਨਾਵਾਂ ਦੀ ਸਿਆਸਤ ਨਿਊਟਰਲ ਗੇਅਰ ਵਿੱਚ ਵਰਤਮਾਨ ਵਿੱਚ ਵੀ ਭੱਜੇ ਜਾਣ ਦਾ ਭਰਮ ਪਾਲ ਰਹੀ ਹੈ। ਅਕਾਲੀਆਂ ਨੂੰ ਬਚਾਉਣ ਦੀ ਸਿਆਸਤ ਦੇ ਪ੍ਰਸੰਗ ਵਿੱਚ ਜਥੇਦਾਰੀ ਸੰਸਥਾ ਸਾਹਮਣੇ ਇਤਿਹਾਸਕ ਭੂਮਿਕਾ ਨਿਭਾਉਣ ਦਾ ਅਵਸਰ ਪੰਥਕ ਵੰਗਾਰ ਵਾਂਗ ਖੜ੍ਹਾ ਹੈ।

# ਸ਼੍ਰੋਮਣੀ ਅਕਾਲੀ ਦਲ ਨਿਘਾਰ ਵੱਲ ਕਿਉਂ?



ਸੁਰਿੰਦਰ ਐੱਸ. ਜੋਧਕਾ

ਭਾਰਤ ਦੇ ਖੇਤਰੀ ਅਤੇ ਜਮਹੂਰੀ ਰਾਜਨੀਤੀ ਦੇ ਇਤਿਹਾਸ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਖ਼ਾਸ ਮੁਕਾਮ ਹੈ। ਸ਼੍ਰੋਮਣੀ ਅਕਾਲੀ ਦਲ ਦਾ ਜਨਮ 1920 ਵਿੱਚ ਉੱਠੇ ਮਕਬੂਲ ਅੰਦੋਲਨ 'ਚੋਂ ਹੋਇਆ ਸੀ ਅਤੇ ਇਸ ਦਾ ਸ਼ੁਮਾਰ ਉਪ ਮਹਾਂਦੀਪ ਦੀਆਂ ਸਭ ਤੋਂ ਪੁਰਾਣੀਆਂ ਸਿਆਸੀ ਪਾਰਟੀਆਂ ਵਿੱਚ ਕੀਤਾ ਜਾਂਦਾ ਰਿਹਾ ਹੈ। ਪਿਛਲੇ 104 ਸਾਲਾਂ ਤੋਂ ਇਸ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਟਾਕਰਾ ਕੀਤਾ ਹੈ ਅਤੇ ਇਹ ਬਹੁਤ ਸਾਰੀਆਂ ਤਬਦੀਲੀਆਂ ਦਾ ਗਵਾਹ ਹੈ। 1947 ਦੀ ਵੰਡ ਤੋਂ ਲੈ ਕੇ 1960ਵਿਆਂ ਵਿੱਚ ਪੰਜਾਬ ਦੇ ਮੁੜ ਗਠਨ ਅਤੇ 1980ਵਿਆਂ ਦੀ ਖਾੜਕੂ ਖ਼ਾਲਿਸਤਾਨ ਲਹਿਰ ਤੱਕ, ਸ਼੍ਰੋਮਣੀ ਅਕਾਲੀ ਦਲ ਬਹੁਤ ਸਾਰੇ ਔਖੇ ਸਮਿਆਂ 'ਚੋਂ ਲੰਘਿਆ ਤੇ ਆਪਣੀ ਹੋਂਦ ਹਸਤੀ ਬਰਕਰਾਰ ਰੱਖੀ ਹੈ।

ਸਿੱਖ ਭਾਈਚਾਰੇ ਦੀ ਨੁਮਾਇੰਦਾ ਖੇਤਰੀ ਪਾਰਟੀ ਹੁੰਦਿਆਂ ਹੋਇਆਂ ਵੀ ਇਸ ਦੀ ਲੀਡਰਸ਼ਿਪ ਕੌਮੀ ਪੱਧਰੀ ਸਰੋਕਾਰਾਂ ਖ਼ਾਸਕਰ ਫੈਡਰਲ ਸਿਆਸਤ ਨਾਲ ਜੁੜੇ ਸਰੋਕਾਰਾਂ ਨੂੰ ਜ਼ੁਬਾਨ ਦੇਣ ਵਿੱਚ ਮੋਹਰੀ ਰੋਲ ਨਿਭਾਉਂਦੀ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਕੋਲ ਜਥੇਦਾਰਾਂ ਦਾ ਕੇਡਰ ਆਧਾਰ ਅਤੇ ਮੁਕਾਮੀ ਸੰਸਥਾਵਾਂ ਹੋਣ ਕਰ ਕੇ ਇਸ ਦਾ ਸ਼ੁਮਾਰ ਭਾਰਤ ਦੀਆਂ ਕੁਝ ਖ਼ਾਸ ਸਿਆਸੀ ਪਾਰਟੀਆਂ ਵਿੱਚ ਕੀਤਾ ਜਾਂਦਾ ਹੈ। ਇਹ ਨਿਰਾਲੀ ਪਛਾਣ ਇਸ ਤੱਥ ਵਿੱਚ ਵੀ ਪਈ ਹੈ ਕਿ ਇਹ ਅੰਤਰ-ਸਬੰਧਿਤ ਹਿੱਤਾਂ ਤੇ ਪਛਾਣਾਂ, ਪੰਜਾਬ ਦੀਆਂ ਖੇਤਰੀ ਉਮੰਗਾਂ, ਸਿੱਖ ਭਾਈਚਾਰੇ ਦੇ ਨੁਮਾਇੰਦਾ ਚਿਹਰੇ ਅਤੇ ਜ਼ਮੀਨਾਂ ਦੀ ਮਾਲਕ ਖੇਤੀਬਾੜੀ ਜਮਾਤ ਦੇ ਆਰਥਿਕ ਹਿੱਤਾਂ ਦੀ ਪੂਰੀ ਲੜੀ ਦੀ ਨੁਮਾਇੰਦਗੀ ਕਰਦੀ ਸੀ। ਖੇਤਰੀ ਪਾਰਟੀ ਦੇ ਰੂਪ ਵਿੱਚ ਇਹ ਪੰਜਾਬ ਦੀ ਇਕਲੌਤੀ ਆਵਾਜ਼ ਰਹੀ ਹੈ।

ਸਾਰੇ ਸਿੱਖ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਨਹੀਂ ਪਾਉਂਦੇ ਸਨ ਪਰ ਉਹ ਅਜਿਹੀ ਪੰਥਕ ਸੰਸਥਾ ਦੇ ਰੂਪ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲ ਹੀ ਦੇਖਦੇ ਸਨ ਜੋ ਵਿਲੱਖਣ ਪਛਾਣ ਅਤੇ ਹਿੱਤਾਂ ਦੀ ਉਨ੍ਹਾਂ ਦੀ ਸੋਝੀ ਦੀ ਤਰਜਮਾਨੀ ਕਰਦੀ ਹੈ। ਪੰਜਾਬ ਤੋਂ ਬਾਹਰ ਵੱਸਦੇ ਸਿੱਖ ਸ਼੍ਰੋਮਣੀ ਅਕਾਲੀ ਦਲ ਨਾਲ ਨਸਲੀ ਸਾਂਝ ਦੀ ਸੋਝੀ ਰੱਖਦੇ ਰਹੇ ਹਨ। 1966 ਵਿੱਚ ਪੰਜਾਬ ਦੇ ਮੁੜ ਗਠਨ ਤੋਂ ਬਾਅਦ ਪਾਰਟੀ ਸੂਬੇ ਦੇ ਖੇਤੀ ਹਿੱਤਾਂ ਦੀ ਪਹਿਰੇਦਾਰ ਬਣ ਕੇ ਵੀ ਉੱਭਰੀ ਜਿਸ ਕਰ ਕੇ ਇਸ ਦੀ ਮੋਹਰੀ ਪੁਜ਼ੀਸ਼ਨਾਂ ਉੱਪਰ ਜੱਟਾਂ ਦੀ ਖੇਤੀਬਾੜੀ, ਅਮੀਰ, ਜ਼ਿਮੀਂਦਾਰ ਜਾਤ ਤੋਂ ਆਉਣ ਵਾਲੇ ਲੋਕ ਕਾਬਜ਼ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਸਫਲਤਾ ਇਸ ਦੀ ਪੰਜਾਬ ਦੇ ਖੇਤਰ, ਭਾਈਚਾਰਕ ਅਤੇ ਜਮਾਤੀ/ਜਾਤੀ ਸਿਆਸਤ ਦੇ ਕੰਡਿਆਲੇ ਰਾਹਾਂ 'ਚੋਂ ਲੰਘ ਜਾਣ ਦੀ ਕਾਬਲੀਅਤ ਵਿੱਚ ਪਈ ਹੈ ਜਿਸ ਸਦਕਾ ਇਹ ਖੇਤਰੀ ਤੌਰ 'ਤੇ ਦਮਦਾਰ ਖਿਡਾਰੀ ਦੇ ਰੂਪ ਵਿੱਚ ਉੱਭਰੀ। ਉਦੋਂ ਵੀ ਜਦੋਂ ਇਸ ਦੀ ਲੀਡਰਸ਼ਿਪ ਨੇ



ਪੰਥਕ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਉਭਾਰਨ ਦਾ ਰਾਹ ਚੁਣਿਆ ਤਾਂ ਵੀ ਇਸ ਨੂੰ ਫ਼ਿਰਕੂ ਜਾਂ ਤੰਗਨਜ਼ਰ ਪਾਰਟੀ ਗਰਦਾਨਣਾ ਔਖਾ ਸੀ। ਵੱਖ-ਵੱਖ ਸਮਿਆਂ 'ਤੇ ਰਹੇ ਇਸ ਦੇ ਭਿਆਲਾਂ ਵਿੱਚ ਕਮਿਊਨਿਸਟ ਪਾਰਟੀਆਂ ਤੋਂ ਲੈ ਕੇ ਭਾਰਤੀ ਜਨ ਸੰਘ ਅਤੇ ਭਾਰਤੀ ਜਨਤਾ ਪਾਰਟੀ ਸ਼ਾਮਿਲ ਰਹੀਆਂ ਹਨ। ਇਸ ਦੀ ਲੀਡਰਸ਼ਿਪ ਦੀ ਸ਼ੁਰੂਆਤੀ ਪੀੜ੍ਹੀ ਕਾਂਗਰਸ ਦੇ ਅੰਦਰ ਅਤੇ ਨਾਲੋ-ਨਾਲ ਕੰਮ ਕਰਦੀ ਰਹੀ ਸੀ। ਇਵੇਂ ਹੀ ਜਾਤ ਅਤੇ ਜਮਾਤ ਦੇ ਲਿਹਾਜ਼ ਤੋਂ ਇਸ ਦਾ ਸਮਾਜਿਕ ਆਧਾਰ ਛੋਟਾ ਹੋਣ ਦੇ ਬਾਵਜੂਦ ਇਹ ਸਿੱਖ ਭਾਈਚਾਰੇ ਦੇ ਸਾਰੇ ਤਬਕਿਆਂ ਨਾਲ ਜੁੜੀ ਰਹੀ ਹੈ। ਇੱਥੋਂ ਤੱਕ ਕਿ ਪੰਜਾਬ ਦੇ ਕੁਝ ਗ਼ੈਰ-ਸਿੱਖ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਂਦੇ ਰਹੇ ਹਨ।

ਇੱਕ ਹੋਰ ਢੰਗ ਨਾਲ ਵੀ ਸ਼੍ਰੋਮਣੀ ਅਕਾਲੀ ਦਲ ਮੁੱਖਧਾਰਾ ਦੇ ਸਿਆਸੀ ਕਲਚਰ ਦਾ ਹਿੱਸਾ ਰਿਹਾ ਹੈ। ਕਈ ਹੋਰ ਖੇਤਰੀ ਪਾਰਟੀਆਂ ਵਾਂਗ ਹੀ ਪਿਛਲੇ ਕੁਝ ਅਰਸੇ ਤੋਂ ਇਸ ਅੰਦਰ ਵੀ ਇੱਕ ਪਰਿਵਾਰ, ਭਾਵ, ਬਾਦਲਾਂ ਦਾ ਦਬਦਬਾ ਕਾਇਮ ਹੋ ਗਿਆ ਅਤੇ ਇਹ ਅੰਦਰੂਨੀ ਕਲੇਸ਼ਾਂ ਤੇ ਧੜੇਬੰਦੀਆਂ ਦਾ ਸ਼ਿਕਾਰ ਹੁੰਦੀ ਰਹੀ ਹੈ। ਪਿਛਲੇ 50 ਸਾਲਾਂ ਦੌਰਾਨ ਇਸ ਦੇ ਬਹੁਤ ਸਾਰੇ ਸੀਨੀਅਰ ਆਗੂ ਪਾਰਟੀ ਤੋਂ ਵੱਖ ਹੋ ਚੁੱਕੇ ਹਨ ਅਤੇ ਆਪਣੇ ਵੱਖਰੇ ਸ਼੍ਰੋਮਣੀ ਅਕਾਲੀ ਦਲ ਕਾਇਮ ਕਰ ਚੁੱਕੇ ਹਨ; ਇਹ ਸਾਰੇ ਅਮੂਮਨ ਆਪਣੇ ਆਪ ਨੂੰ ਰੈਡੀਕਲ ਪੰਥਕ ਬਦਲ ਵਜੋਂ ਪੇਸ਼ ਕਰਦੇ ਰਹੇ ਹਨ ਪਰ ਇਨ੍ਹਾਂ ਦੀ ਸਿਆਸੀ ਅਪੀਲ ਬਹੁਤੀ ਦੇਰ ਕਾਇਮ ਨਾ ਰਹਿ ਸਕੀ। ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਮੁੱਖ ਤੌਰ 'ਤੇ ਬਾਦਲ ਧੜੇ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਹੀ ਦਬਦਬਾ ਬਣਿਆ ਰਿਹਾ ਹੈ।

ਉਂਝ, ਹੁਣ ਇਸ ਦਾ ਹਾਲ ਪੁਰਾਣੇ ਟੋਪ ਵਰਗਾ ਹੋ ਗਿਆ ਜਾਪਦਾ ਹੈ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੂੰ ਜੋ ਚੁਣੌਤੀਆਂ ਦਰਪੇਸ਼ ਹਨ, ਉਨ੍ਹਾਂ ਦੀ ਕੋਈ ਨਜ਼ੀਰ ਨਹੀਂ ਮਿਲਦੀ। ਬਾਦਲ ਪਰਿਵਾਰ ਦੀ ਜਕੜ ਵਧਦੀ ਜਾਣ ਕਰ ਕੇ ਪਾਰਟੀ ਦੇ ਕੇਡਰ ਆਧਾਰ ਅਤੇ ਜਥੇਬੰਦਕ ਢਾਂਚੇ ਨੂੰ ਖ਼ੋਰਾ ਲੱਗਣ ਲੱਗ ਪਿਆ। ਇਸ ਦਾ ਸ਼੍ਰੋਮਣੀ ਅਕਾਲੀ ਦਲ ਉੱਪਰ ਭਾਵੇਂ ਕੰਟਰੋਲ ਕਾਇਮ ਹੈ ਪਰ ਸਿੱਖ ਅਵਾਮ ਅੰਦਰ ਇਸ ਦੀ ਅਪੀਲ ਲਗਾਤਾਰ ਮਾਂਦ ਪੈ ਰਹੀ ਹੈ। ਇਹ ਧਾਰਨਾ ਭਾਰੂ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਜਾਣਬੁੱਝ ਕੇ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਪੰਥਕ ਭਾਵਨਾਵਾਂ ਅਤੇ ਮੁੱਦਿਆਂ ਨਾਲੋਂ ਮੂਹਰੇ ਰੱਖਿਆ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੋ 'ਕੱਟੜ' ਸਿੱਖ ਉਮੀਦਵਾਰਾਂ ਦੀ ਜਿੱਤ ਅਕਾਲੀ ਦਲ ਲਈ ਸਪੱਸ਼ਟ ਇਸ਼ਾਰਾ ਸੀ ਕਿ ਆਮ ਸਿੱਖ ਹੁਣ ਆਪਣੇ ਧਾਰਮਿਕ ਤੇ ਭਾਈਚਾਰਕ ਖ਼ਦਸ਼ਿਆਂ ਲਈ ਇਸ 'ਤੇ ਭਰੋਸਾ ਨਹੀਂ ਕਰ ਰਹੇ। ਆਪਣੇ ਚੁਣਾਵੀ ਘੇਰੇ ਨੂੰ ਵਿਆਪਕ ਕਰਨ ਲਈ ਬਾਦਲਾਂ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਸਿਰਫ਼ ਸਿੱਖ ਪਾਰਟੀ ਹੋਣ ਤੋਂ ਕਿਨਾਰਾ ਕੀਤਾ ਹੈ ਤੇ ਆਪਣੀ ਮੈਂਬਰਸ਼ਿਪ ਸਾਰੇ ਪੰਜਾਬੀਆਂ ਲਈ ਖੋਲ੍ਹ ਦਿੱਤੀ ਹੈ। ਹਾਲਾਂਕਿ ਇਸ ਚੀਜ਼ ਦਾ ਕੋਈ ਬਹੁਤਾ ਸਬੂਤ ਨਹੀਂ ਹੈ ਕਿ ਅਜਿਹੀ 'ਧਰਮ ਨਿਰਪੱਖ ਖੇਤਰਵਾਦੀ' ਪਹੁੰਚ ਦਾ ਰਾਜ ਦੇ ਗ਼ੈਰ-ਸਿੱਖਾਂ 'ਤੇ ਕੋਈ ਅਸਰ ਪਿਆ ਹੈ। ਇਸ ਦੇ ਉਲਟ, ਹਿੰਦੂ ਰਾਸ਼ਟਰਵਾਦੀ ਪਾਰਟੀ ਭਾਜਪਾ ਨਾਲ ਅਕਾਲੀ ਦਲ ਦੀ ਲੰਮੀ ਭਿਆਲੀ ਨੇ ਕੇਵਲ ਇਸ ਦੀ ਸੰਘਵਾਦੀ ਪਛਾਣ ਨੂੰ ਫਿੱਕਾ ਹੀ ਪਾਇਆ ਹੈ।

ਅਕਾਲੀ ਦਲ ਦੇ ਸਮਾਜਿਕ ਤੇ ਸਿਆਸੀ ਆਧਾਰ ਨੂੰ ਸ਼ਾਇਦ ਸਭ ਤੋਂ ਵੱਡਾ ਝਟਕਾ ਇਸ ਦੀ ਸਭ ਤੋਂ ਮਜ਼ਬੂਤ ਸਮਾਜਿਕ ਬੁਨਿਆਦ ਤੋਂ ਹੀ ਲੱਗਾ ਹੈ ਜੋ ਦਿਹਾਤੀ/ਖੇਤੀਬਾੜੀ ਹਲਕਾ ਹੈ। ਜਾਪਦਾ ਹੈ ਕਿ ਕਮਜ਼ੋਰ ਹੋ ਰਹੇ ਕੇਡਰ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਖੇਤੀ ਅਰਥਚਾਰੇ ਦੇ ਉੱਭਰ ਰਹੇ ਸੰਕਟ ਨਾਲ ਸੰਪਰਕ ਟੁੱਟ ਚੁੱਕਾ ਹੈ।

ਨਰਿੰਦਰ ਮੋਦੀ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕੌਮੀ ਰਾਜਧਾਨੀ ਦੀਆਂ ਹੱਦਾਂ 'ਤੇ ਸਾਲ ਭਰ ਚੱਲੇ ਕਿਸਾਨ ਸੰਘਰਸ਼ ਵਿਚ ਇਹ ਦੇਖਿਆ ਵੀ ਗਿਆ ਸੀ। ਪੰਜਾਬੀ ਕਿਸਾਨਾਂ 'ਚ ਵਧ ਰਹੇ ਗੁੱਸੇ ਦਾ ਸੇਕ ਮਹਿਸੂਸ ਕਰਨ ਤੋਂ ਬਾਅਦ ਹੀ ਅਕਾਲੀ ਆਗੂਆਂ ਨੇ ਇਨ੍ਹਾਂ ਕੇਂਦਰੀ ਕਾਨੂੰਨਾਂ 'ਤੇ ਇਤਰਾਜ਼ ਜਤਾਇਆ ਸੀ। ਇਸ ਤੋਂ ਪਹਿਲਾਂ ਮੋਦੀ ਸਰਕਾਰ ਜਿਨ੍ਹਾਂ 'ਸੁਧਾਰਾਂ' ਉੱਤੇ ਕੰਮ ਕਰ ਰਹੀ ਸੀ, ਉਸ ਪੂਰੀ ਪ੍ਰਕਿਰਿਆ ਦਾ ਇਹ ਹਿੱਸਾ ਸਨ। ਪਾਰਟੀ ਵੱਲੋਂ ਐੱਨਡੀਏ ਸਰਕਾਰ ਛੱਡਣ ਦੇ ਫ਼ੈਸਲੇ ਨਾਲ ਵੀ ਗੁਆਚਿਆ ਭਰੋਸਾ ਬਹਾਲ ਨਹੀਂ ਹੋ ਸਕਿਆ। ਪਾਰਟੀ ਦਾ ਵੋਟ ਸ਼ੇਅਰ ਘਟਣ ਵਿੱਚੋਂ ਵੀ ਇਸ ਦੀ ਝਲਕ ਪੈਂਦੀ ਰਹੀ ਜੋ ਪਹਿਲਾਂ ਨਾਲੋਂ ਅੱਧੋ ਤੋਂ ਵੀ ਘੱਟ ਰਹਿ ਗਿਆ।

(ਬਾਕੀ ਸਫ਼ਾ 31 'ਤੇ)

# ਕੀ ਕਾਨੂੰਨੀ ਸੰਸਥਾਵਾਂ ’ਚ ਹਿੰਦੂਤਵ ਦੀ ਭਾਵਨਾ ਦਾ ਪ੍ਰਸਾਰ ਹੋਇਆ ਹੈ ?

**ਪੀ. ਸੁਧੀਰ**

ਭਾਰਤ ਦੇ ਚੀਫ਼ ਜਸਟਿਸ (ਸੀ.ਜੇ.ਆਈ.) ਡੀ.ਵਾਈ. ਚੰਦਰਚੂੜ ਦੀ ਸੇਵਾਮੁਕਤੀ ਦੇ ਮੌਕੇ ’ਤੇ ਵੱਡੀ ਗਿਣਤੀ ’ਚ ਆਲੋਚਨਾਤਮਿਕ ਮੁਲਾਂਕਣ ਤੇ ਟਿੱਪਣੀਆਂ ਕੀਤੀਆਂ ਗਈਆਂ ਹਨ। ਇਹ ਸੁਭਾਵਿਕ ਹੈ, ਕਿਉਂਕਿ ਜਸਟਿਸ ਚੰਦਰਚੂੜ ਨੂੰ ਹਾਲ ਹੀ ਦੇ ਸਾਲਾਂ ’ਚ ਸੁਪਰੀਮ ਕੋਰਟ ਦੇ ਸਭ ਤੋਂ ਪ੍ਰਭਾਵਸ਼ਾਲੀ ਚੀਫ਼ ਜਸਟਿਸਾਂ ’ਚੋਂ ਇੱਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਕਾਰਜਕਾਲ ਦੋ ਸਾਲ ਦਾ ਸੀ, ਜੋ ਪਿਛਲੇ ਦੋ ਦਹਾਕਿਆਂ ’ਚ ਕਿਸੇ ਵੀ ਹੋਰ ਚੀਫ਼ ਜਸਟਿਸ ਤੋਂ ਵਧੇਰੇ ਲੰਬਾ ਸੀ।

ਸੰਵਿਧਾਨ ਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਨਿਆਂਪਾਲਿਕਾ ਦੇ ਮੁਖੀ ਦੇ ਰੂਪ ’ਚ ਉਨ੍ਹਾਂ ਦੀ ਭੂਮਿਕਾ ਦਾ ਸਹੀ ਮੁਲਾਂਕਣ ਕਰਨ ਦੇ ਲਈ ਚੀਫ਼ ਜਸਟਿਸ ਵਜੋਂ ਉਨ੍ਹਾਂ ਦੇ ਸੰਪੂਰਨ ਕੰਮਾਂ ਨੂੰ ਧਿਆਨ ’ਚ ਰੱਖਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਉਸ ਪਿਛੋਕੜ ਨੂੰ ਵੀ ਧਿਆਨ ’ਚ ਰੱਖਿਆ ਜਾਣਾ ਚਾਹੀਦਾ ਹੈ ਕਿ ਜਿਸ ’ਚ ਚੀਫ਼ ਜਸਟਿਸ ਚੰਦਰਚੂੜ ਨੇ ਆਪਣੀਆਂ ਨਿਆਇਕ ਤੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨਿਭਾਈਆਂ ਸਨ। ਮੋਦੀ ਸਰਕਾਰ, ਆਪਣੇ ਦੂਜੇ ਕਾਰਜਕਾਲ ’ਚ ਹਿੰਦੂਤਵ ਦੇ ਏਜੰਡੇ ਨੂੰ ਪੂਰਾ ਕਰਨ ਲਈ ਆਪਣੀਆਂ ਹਮਲਾਵਰ ਕੋਸ਼ਿਸ਼ਾਂ ਨੂੰ ਅੱਗੇ ਵਧਾ ਰਹੀ ਸੀ, ਜੋ ਕਿ ਸੰਵਿਧਾਨ ਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਸੀ। ਇਸ ਸੰਦਰਭ ’ਚ ਸੰਵਿਧਾਨਕ ਮੁੱਦਿਆਂ ਤੇ ਬਹੁਮਤਵਾਦੀ ਹਮਲਿਆਂ ’ਤੇ ਚੀਫ਼ ਜਸਟਿਸ ਚੰਦਰਚੂੜ ਦੇ ਫ਼ੈਸਲਿਆਂ ਨੂੰ ਵੇਖਿਆ ਜਾਣਾ ਚਾਹੀਦਾ ਹੈ।

ਇਥੇ ਦੋ ਫ਼ੈਸਲੇ- ਇੱਕ ਸਰਬਉੱਚ ਅਦਾਲਤ ਦੇ ਜੱਜ ਤੇ ਦੂਜੇ ਚੀਫ਼ ਜਸਟਿਸ ਦੇ ਰੂਪ ’ਚ ਉਨ੍ਹਾਂ ਦੀ ਤਲਖ਼ ਪ੍ਰੀਖਿਆ ਪੇਸ਼ ਕਰਦੇ ਹਨ। ਜਸਟਿਸ ਚੰਦਰਚੂੜ ਅਯੁੱਧਿਆ ਵਿਵਾਦ ’ਤੇ ਫ਼ੈਸਲਾ ਦੇਣ ਵਾਲੇ 5 ਮੈਂਬਰੀ ਬੈਂਚ ਦਾ ਹਿੱਸਾ ਸਨ। ਉਕਤ ਬੈਂਚ ਨੇ ਬਾਬਰੀ ਮਸਜਿਦ ਵਾਲੇ ਪੂਰੇ ਵਿਵਾਦਤ ਖੇਤਰ ਨੂੰ ਰਾਮ ਮੰਦਰ ਦੇ ਨਿਰਮਾਣ ਲਈ ਹਿੰਦੂਆਂ ਨੂੰ ਸੌਂਪ ਦਿੱਤਾ ਸੀ, ਇਹ ਫ਼ੈਸਲਾ ਸਬੂਤਾਂ ਤੇ ਜ਼ਮੀਨੀ ਹਕੀਕਤ ਤੇ ਤੱਥਾਂ ਦੀ ਬਜਾਏ ਧਾਰਮਿਕ ਭਾਵਨਾਵਾਂ ਤੇ ਆਸਥਾ ’ਤੇ ਵਧੇਰੇ ਅਧਾਰਿਤ ਸੀ। ਇਸ ਤੋਂ ਇਲਾਵਾ ਇਹ ਸਵੀਕਾਰ ਕਰਨ ਦੇ ਬਾਵਜੂਦ ਕਿ ਬਾਬਰੀ ਮਸਜਿਦ ਨੂੰ ਢਾਹੁਣਾ ਗੈਰ-ਸੰਵਿਧਾਨਕ ਤੇ ਘਿਨਾਉਣੀ ਕਾਰਵਾਈ ਸੀ, ਬੈਂਚ ਨੇ ਫਿਰ ਵੀ ਅਜਿਹਾ ਫ਼ੈਸਲਾ ਦਿੱਤਾ। ਇਸ ਅਦਾਲਤੀ ਫ਼ੈਸਲੇ ਨੇ ਆਰ.ਐਸ.ਐਸ.- ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਾਅਵੇ ਨੂੰ ਜਾਇਜ਼ ਠਹਿਰਾਇਆ ਤੇ ਭਾਜਪਾ ਦੇ ਮੁੱਖ ਏਜੰਡੇ ’ਚੋਂ ਇੱਕ ਨੂੰ ਪੂਰਾ ਕੀਤਾ। ਇਹ ਇੱਕ ਵਾਰ ਦੀ ਭੁੱਲ (ਨਿਯਮਾਂ ਦੀ ਉਲੰਘਣਾ) ਨਹੀਂ ਸੀ, ਇਹ ਉਸ ਸਮੇਂ ਸਪੱਸ਼ਟ ਹੋ ਗਿਆ ਜਦੋਂ ਭਾਰਤ ਦੇ ਮੁੱਖ ਜੱਜ ਦੇ ਰੂਪ ’ਚ ਜਸਟਿਸ ਚੰਦਰਚੂੜ ਨੇ ਵਾਰਾਨਸੀ ’ਚ ਗਿਆਨਵਾਪੀ ਮਸਜਿਦ ਮਾਮਲੇ ਨੂੰ ਫਿਰ ਤੋਂ ਖੋਲ੍ਹਣ ਦਾ ਰਸਤਾ ਪੱਧਰਾ ਕਰ ਦਿੱਤਾ। ਜੋ ਧਾਰਮਿਕ ਪੂਜਾ ਸਥਾਨਾਂ ਸੁਰੱਖਿਆ ਕਾਨੂੰਨ 1991 ਦੀ ਅਣਦੇਖੀ ਸੀ, ਜੋ ਅਜਿਹੇ ਮਾਮਲਿਆਂ ਨੂੰ ਮੁੜ ਤੋਂ ਖੋਲ੍ਹਣ ’ਤੇ ਰੋਕ ਲਗਾਉਂਦਾ ਹੈ। ਇਸ ਗੱਲ ਨੂੰ ਸਮਝਦਿਆਂ ਕਿ ਹਿੰਦੂ ਧਿਰ ਉਕਤ ਧਾਰਮਿਕ ਸਥਾਨ ਦੇ ਧਾਰਮਿਕ ਚਰਿੱਤਰ ਨੂੰ ਬਦਲਣ ਦੇ ਮੰਤਵ ਨਾਲ ਹੀ ਚਾਰਾਜੋਈ ਕਰ ਰਹੀ ਹੈ। ਫਿਰ ਵੀ ਚੀਫ਼ ਜਸਟਿਸ ਚੰਦਰਚੂੜ ਨੇ ਮੁਕੱਦਮੇ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ। ਇਸੇ ਨੇ ਹਿੰਦੂਤਵ ਤਾਕਤਾਂ ਨੂੰ ਵਾਰਾਨਸੀ ਤੇ ਮਥੁਰਾ ’ਚ ਵਿਵਾਦਾਂ ਨੂੰ ਹਵਾ ਦੇਣ ਦਾ ਲਾਇਸੰਸ ਦੇ ਦਿੱਤਾ ਹੈ।



ਚੀਫ਼ ਜਸਟਿਸ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਦੁਆਰਾ ਦਿੱਤਾ ਗਿਆ ਦੂਸਰਾ ਵੱਡਾ ਫ਼ੈਸਲਾ ਧਾਰਾ 370 ਨੂੰ ਖਤਮ ਕਰਨ ਅਤੇ ਜੰਮੂ ਤੇ ਕਸ਼ਮੀਰ ਸੂਬੇ ਨੂੰ ਖਤਮ ਕਰਨ ਬਾਰੇ ਹੈ। ਇਸ ਫ਼ੈਸਲੇ ਨੇ ਧਾਰਾ 370 ’ਚ ਸੋਧ ਕਰਨ ਲਈ ਵਰਤੀ ਗਈ ਇਕਪਾਸੜ ਕਾਰਜਕਾਰੀ ਸ਼ਕਤੀ ਨੂੰ ਬਰਕਰਾਰ ਰੱਖਿਆ, ਕਿਉਂਕਿ ਜੰਮੂ ਤੇ ਕਸ਼ਮੀਰ ਸੰਵਿਧਾਨਕ ਸਭਾ ਉਸ ਸਮੇਂ ਹੋਂਦ ’ਚ ਨਹੀਂ ਸੀ। ਸੰਵਿਧਾਨ ਦੇ ਅਨੁਛੇਦ 3 ਦੀ ਉਲੰਘਣਾ ਕਰਕੇ ਜੰਮੂ ਤੇ ਕਸ਼ਮੀਰ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਫ਼ੈਸਲੇ ਨੇ ਇਸ ਮੁੱਦੇ ਨੂੰ ਖਤਮ ਕਰ ਦਿੱਤਾ ਤੇ ਰਾਜ ਦੇ ਇਸ ਭਰੋਸੇ ਨੂੰ ਸਵੀਕਾਰ ਕਰ ਲਿਆ ਗਿਆ ਕਿ ਭਵਿੱਖ ’ਚ ਜੰਮੂ ਤੇ ਕਸ਼ਮੀਰ ਦਾ ਸੂਬੇ ਦਾ ਦਰਜਾ ਮੁੜ ਬਹਾਲ ਕਰ ਦਿੱਤਾ ਜਾਵੇਗਾ। ਇਸ ਫ਼ੈਸਲੇ ਦਾ ਇਕਮਾਤਰ ਅਰਥ ਇਹ ਲਗਾਇਆ ਜਾ ਸਕਦਾ ਹੈ ਕਿ ਕਿਸੇ ਵੀ ਤਰ੍ਹਾਂ ਧਾਰਾ 370 ਨੂੰ ਰੱਦ ਕਰਨ ਦੀ ਕਾਰਜਪਾਲਿਕਾ ਦੀ ਮਨਮਾਨੀ ਕਾਰਵਾਈ ਦਾ ਕੀਤਾ ਜਾਣਾ ਸਹੀ ਸੀ। ਇਹ ਨੋਟ ਕਰਨਾ ਉਚਿਤ ਹੋਵੇਗਾ ਕਿ ਧਾਰਾ 370 ਨੂੰ ਰੱਦ ਕਰਨਾ ਭਾਜਪਾ-ਆਰ.ਐਸ.ਐਸ. ਦੇ ਏਜੰਡੇ ’ਚ ਇੱਕ ਹੋਰ ਮੁੱਖ ਮੁੱਦਾ ਸੀ।

ਚੀਫ਼ ਜਸਟਿਸ ਚੰਦਰਚੂੜ ਦੇ ਕਾਰਜਕਾਲ ਦੇ ਹੋਰ ਪਹਿਲੂ ‘ਮਾਸਟਰ ਆਫ ਦਾ ਰੋਸਟਰ’ ਕਰਤੱਵਾਂ ਤੇ ਕਾਲਜ਼ੀਅਮ ਪ੍ਰਣਾਲੀ ਦੇ ਕੰਮਕਾਜ ਬਾਰੇ ਹਨ। ਇਥੇ ਵੀ ਇੱਕ ਸਪੱਸ਼ਟ ਸਮਝਿਆ ਜਾਣ ਵਾਲਾ ਪੈਟਰਨ ਹੈ, ਕੇਸਾਂ ਦੀ ਵੰਡ ਜੋ ਨਾਗਰਿਕਾਂ ਦੀ ਵਿਅਕਤੀਗਤ ਸੁਤੰਤਰਤਾ ਨਾਲ ਸੰਬੰਧਿਤ ਹੈ, ਜਿਵੇਂ ਕਿ ਭੀਮਾ ਕੋਰੇਗਾਂਵ ਤੇ ਉੱਤਰ-ਪੂਰਬੀ ਦਿੱਲੀ ਦੇ ਫਿਰਕੂ ਦੰਗਿਆਂ ’ਚ ਲੰਬੇ ਸਮੇਂ ਤੋਂ ਜੇਲ੍ਹਾਂ ’ਚ ਬੰਦ ਲੋਕਾਂ ਦੇ ਮਾਮਲਿਆਂ ਨੂੰ ਇਕ ਵਿਸ਼ੇਸ਼ ਬੈਂਚ ਨੂੰ ਸੌਂਪਣ ਦੀ ਜਾਣਬੁਝ ਕੇ ਬਣਾਈ ਯੋਜਨਾ ਨੂੰ ਦਰਸਾਉਂਦੇ ਹਨ। ਜਿਥੇ ਬੈਂਚ ਨਾਲ ਸੰਬੰਧਿਤ ਜੱਜ ਨਾਗਰਿਕ ਸੁਤੰਤਰਤਾਵਾਂ ਤੇ ਜ਼ਮਾਨਤ ਦੇਣ ਦੇ ਮਾਮਲਿਆਂ ’ਤੇ ਇੱਕ ਰੂੜ੍ਹੀਵਾਦੀ ਨਜ਼ਰੀਆ ਰੱਖਦੇ ਹਨ। ਕਾਲਜ਼ੀਅਮ ਦੇ ਕੰਮ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਹਾਈ ਕੋਰਟਾਂ ਦੇ ਮੁੱਖ ਜੱਜਾਂ ਦੀ ਨਿਯੁਕਤੀ ਤੇ ਜੱਜਾਂ ਦੀ ਚੋਣ ਕਰਕੇ ਲਿਸਟ ਕਾਰਜਪਾਲਿਕਾ ਨੂੰ ਸੌਂਪਦੀ ਰਹੀ ਹੈ ਤੇ ਇਸ ਸੰਬੰਧੀ ਕਾਰਜਪਾਲਿਕਾ ਨੂੰ ਮਨਮਰਜ਼ੀ ਕਰਨ ਤੋਂ ਰੋਕਦੀ ਹੈ, ਪਰ ਇਸ ਮਾਮਲੇ ਵਿੱਚ ਵੀ ਉਹ ਕਾਰਜਪਾਲਿਕਾ ਅੱਗੇ ਕਮਜ਼ੋਰ ਪੈਂਦੇ ਨਜ਼ਰ ਆਏ, ਪਰ ਇਸ ਸਭ ਤੋਂ ਇਲਾਵਾ ਹੋਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇੱਕ ਵਿਦਵਾਨ ਜੱਜ ਜਿਸ ਤੋਂ ਵਿਅਕਤੀਗਤ ਸੁਤੰਤਰਤਾ ਤੇ ਸੰਵਿਧਾਨਕ ਸਿਧਾਂਤਾਂ ਦੇ ਪੱਕੇ ਰਾਖੇ ਹੋਣ ਦੀ ਉਮੀਦ ਕੀਤੀ ਜਾਂਦੀ ਸੀ, ਉਹ ਇੱਕ ਅਜਿਹੇ ਵਿਅਕਤੀ ਦੇ ਰੂਪ ’ਚ ਸਾਹਮਣੇ ਆਏ ਹਨ ਜਿਨ੍ਹਾਂ ਨੇ ਸੰਵਿਧਾਨ ਤੇ ਇਸ ਦੀਆਂ ਕਦਰਾਂ-ਕੀਮਤਾਂ ਪ੍ਰਤੀ ਨਿਸ਼ਠਾ ਰੱਖਣ ਦੀ ਬਜਾਏ ਆਪਣੀ ਧਾਰਮਿਕ ਆਸਥਾ ਨੂੰ ਉਪਰ ਰੱਖਿਆ ਹੈ। ਆਪਣੇ ਕਾਰਜਕਾਲ ਦੇ ਅੰਤਿਮ ਪੜਾਅ ’ਚ ਚੰਦਰਚੂੜ ਨੇ ਇਹ ਸਵੀਕਾਰ ਕਰਕੇ ਕਈ ਲੋਕਾਂ ਨੂੰ ਹੈਰਾਨ ਕਰ ਦਿੱਤਾ ਕਿ ਉਨ੍ਹਾਂ ਅਯੁੱਧਿਆ ਮਾਮਲੇ ਦੇ ਹੱਲ ਲਈ ਭਗਵਾਨ ਨੂੰ ਪ੍ਰਾਰਥਨਾ ਕੀਤੀ ਸੀ। ਇਥੇ ਫ਼ੈਸਲੇ ਦੇ ਲੇਖਕ (ਜੱਜ) ਨੇ ਕਬੂਲ ਕੀਤਾ ਕਿ ਇਹ ਨਿਰਣਾ ਸੰਵਿਧਾਨ ਤੇ ਕਾਨੂੰਨ ਦੀ ਬਜਾਏ ‘ਬ੍ਰਹਮ’ ਦਖਲ ’ਤੇ ਅਧਾਰਿਤ ਸੀ।

ਇਸ ਤੋਂ ਪਹਿਲਾਂ ਇੱਕ ਮੌਕੇ ’ਤੇ ਜਸਟਿਸ ਚੰਦਰਚੂੜ ਨੇ ਗੁਜਰਾਤ ਦੇ ਦੁਆਰਕਾ ਮੰਦਰ ਦੇ ਦਰਸ਼ਨ ਕਰਨ ਦੇ ਬਾਅਦ ਵਕੀਲਾਂ ਦੇ ਇੱਕ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਮੰਦਰ ’ਤੇ ਲੱਗਾ ਭਗਵਾ ਧਵਜ (ਝੰਡਾ) ਨਿਆਂ ਦੇ ਝੰਡੇ ਦਾ ਪ੍ਰਤੀਕ ਹੈ। ਇਹ ਝੁਕਾਅ ਕੇਵਲ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦਾ ਹੀ ਨਹੀਂ, ਸਗੋਂ ਉੱਚ ਨਿਆਂਪਾਲਿਕਾ ਦੇ ਅੰਦਰ ਵਧ ਰਹੀ ਵਿਸ਼ੇਸ਼ ਪ੍ਰਕਿਰਤੀ ਜਾਂ ਸੁਭਾਅ (ਲੋਕਾਚਾਰ) ਸੰਬੰਧੀ ਵੀ ਹੈ। ਮੋਦੀ ਦੇ ਸ਼ਾਸਨ ਦੇ ਇੱਕ ਦਹਾਕੇ ਦੌਰਾਨ ਉੱਚ ਨਿਆਂਪਾਲਿਕਾ ਤੇ ਕਾਨੂੰਨੀ ਭਾਈਚਾਰਿਆਂ ’ਚ ਹਿੰਦੂਤਵ ਦੀ ਭਾਵਨਾ ਦਾ ਪ੍ਰਸਾਰ ਹੋਇਆ ਹੈ। ਜਿਸ ਦੀਆਂ ਕੁਝ ਝਲਕੀਆਂ ਹਾਲ ਹੀ ਦੇ ਦਿਨਾਂ ’ਚ ਖੁੱਲ੍ਹ ਕੇ ਸਾਹਮਣੇ ਆਈਆਂ ਹਨ। ਕਲਕੱਤਾ ਹਾਈ ਕੋਰਟ ਦੇ ਇੱਕ ਜੱਜ ਨੇ ਆਪਣੀ ਸੇਵਾਮੁਕਤੀ ਵਾਲੇ ਦਿਨ ਆਰ.ਐਸ.ਐਸ. ਨਾਲ ਆਪਣੇ ਜੀਵਨ ਭਰ ਦੇ ਸੰਬੰਧਾਂ ਤੇ ਇਸ ਸੰਗਠਨ ਪ੍ਰਤੀ ਆਪਣੀ ਨਿਸ਼ਠਾ ਦਾ ਐਲਾਨ ਕੀਤਾ ਸੀ। ਹਾਈ ਕੋਰਟ ਦੇ ਇਕ ਹੋਰ ਜੱਜ ਅਭਿਜੀਤ ਗੰਗੋਪਾਧਿਆਏ ਨੇ ਲੋਕ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਅਸਤੀਫਾ ਦੇ ਦਿੱਤਾ ਸੀ ਤੇ ਉਹ ਕੁਝ ਦਿਨਾਂ ਬਾਅਦ ਭਾਜਪਾ ’ਚ ਸ਼ਾਮਿਲ ਹੋ ਗਿਆ ਸੀ ਤੇ ਭਾਜਪਾ ਦੇ ਉਮੀਦਵਾਰ ਵਜੋਂ ਲੋਕ ਸਭਾ ਲਈ ਚੁਣਿਆ ਗਿਆ ਸੀ।

(ਬਾਕੀ ਸਫ਼ਾ 31 ’ਤੇ)


# ਉਮਰ ਸਰਕਾਰ ਦੀ ਕਸੌਟੀ ਦਾ ਨਵਾਂ ਦੌਰ

**ਮੁਖ਼ਤਾਰ ਗਿੱਲ**

ਜੰਮੂ-ਕਸ਼ਮੀਰ ਵਿੱਚ ਪਿਛਲੇ ਦਿਨੀਂ ਗਾਂਦਰਬਲ (ਉਮਰ ਅਬਦੁੱਲਾ ਦਾ ਵਿਧਾਨ ਸਭਾ ਹਲਕਾ) ਦੇ ਗੁੰਡ ਇਲਾਕੇ ’ਚ ਸ੍ਰੀਨਗਰ-ਲੇਹ ਰਾਸ਼ਟਰੀ ਰਾਜਮਾਰਗ ’ਤੇ ਇੱਕ ਸੁਰੰਗ ਦੇ ਨਿਰਮਾਣ ਵਿੱਚ ਲੱਗੇ 6 ਮਜ਼ਦੂਰਾਂ ਤੇ ਇੱਕ ਡਾਕਟਰ ਨੂੰ ਦਹਿਸ਼ਤਗਰਦਾਂ ਨੇ ਗੋਲ਼ੀਆਂ ਨਾਲ ਭੁੰਨ ਸੁੱਟਿਆ। ਇਸ ਸ਼ਰਮਨਾਕ ਤੇ ਕਾਇਰਾਨਾ ਹਮਲੇ ਵਿੱਚ 5 ਮਜ਼ਦੂਰ ਜ਼ਖ਼ਮੀ ਵੀ ਹੋਏ। ਇਨ੍ਹਾਂ ਹੱਤਿਆਵਾਂ ਕਰਕੇ ਆਮ ਲੋਕਾਂ ਵਿੱਚ ਗਮ ਤੇ ਗੁੱਸਾ ਹੈ।

ਇਸ ਘਟਨਾ ਦੇ ਵਿਰੋਧ ’ਚ ਲੋਕ ਸੜਕਾਂ ਉੱਤੇ ਉਤਰ ਆਏ। ਜੰਮੂ-ਕਸ਼ਮੀਰ ਵਿੱਚ ਸ਼ਾਂਤੀਪੂਰਵਕ ਵਿਧਾਨ ਸਭਾ ਚੋਣਾਂ ਕਰਵਾਉਣ ਅਤੇ ਚੁਣੀ ਹੋਈ ਸਰਕਾਰ ਕਾਇਮ ਕਰਨ ਨੂੰ ਲੈ ਕੇ ਬਣਿਆ ਉਤਸ਼ਾਹ ਦਾ ਮਾਹੌਲ ਥੋੜ੍ਹ ਚਿਰਾ ਸਾਬਿਤ ਹੋਇਆ ਹੈ। ਅਸੈਂਬਲੀ ਚੋਣਾਂ ਵਿੱਚ ਜੰਮੂ-ਕਸ਼ਮੀਰ ਦੇ ਅਵਾਮ ਨੇ ਵਧ-ਚੜ੍ਹ ਕੇ ਹਿੱਸਾ ਲਿਆ ਸੀ।

ਇਸ ਤੋਂ ਬਾਅਦ ਭਾਰਤ ਦੀਆਂ ਸੁਰੱਖਿਆ ਤੇ ਸੂਹੀਆ ਏਜੰਸੀਆਂ ਨੇ ਮੁਸਤੈਦੀ ਘਟਾ ਦਿੱਤੀ ਸੀ ਜਿਸ ਦੇ ਫ਼ਲਸਰੂਪ ਦਹਿਸ਼ਤਗਰਦ ਟੋਲੇ ਜ਼ਿਆਦਾ ਬੇਲਗਾਮ ਹੋ ਗਏ ਹਨ। ਉਹ ਸੁਰੱਖਿਆ ਬਲਾਂ ’ਤੇ ਹਮਲੇ ਜਾਰੀ ਰੱਖ ਰਹੇ ਹਨ। ਨੈਸ਼ਨਲ ਕਾਨਫ਼ਰੰਸ ਦੇ ਚੇਅਰਮੈਨ ਫ਼ਾਰੂਕ ਅਬਦੁੱਲਾ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਕਸ਼ਮੀਰ ਕਦੇ ਵੀ ਪਾਕਿਸਤਾਨ ਦਾ ਹਿੱਸਾ ਨਹੀਂ ਬਣੇਗਾ। ਇਸ ਤੋਂ ਇੱਕ ਦਿਨ ਪਹਿਲਾਂ ਸ਼ੋਪੀਆਂ ਵਿੱਚ ਇੱਕ ਪਰਵਾਸੀ ਮਜ਼ਦੂਰ ਦੀ ਲਾਸ਼ ਬਰਾਮਦ ਹੋਈ ਜਿਹੜਾ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਬਿਹਾਰ ਤੋਂ ਆਇਆ ਸੀ। ਉਸ ਨੂੰ ਅੱਤਵਾਦੀਆਂ ਨੇ ਦੋ ਗੋਲ਼ੀਆਂ ਮਾਰੀਆਂ। ਓਧਰ ਬਾਰਾਮੂਲਾ ’ਚ ਐੱਲਓਸੀ ਨੇੜੇ ਘੁਸਪੈਠ ਦੀ ਕੋਸ਼ਿਸ਼ ਨੂੰ ਨਾਕਾਮ ਬਣਾਉਂਦਿਆਂ ਸੁਰੱਖਿਆ ਬਲਾਂ ਨੇ ਇੱਕ ਪਾਕਿਸਤਾਨੀ ਦਹਿਸ਼ਤਗਰਦ ਨੂੰ ਮਾਰ ਮੁਕਾਇਆ। ਦਸ ਕੁ ਦਿਨ ਪਹਿਲਾਂ ਅਨੰਤਨਾਗ ਵਿੱਚ ਟੈਰੀਟੋਰੀਅਲ ਆਰਮੀ ਦੇ ਦੋ ਜਵਾਨਾਂ ਨੂੰ ਅਗਵਾ ਕਰ ਲਿਆ ਗਿਆ ਸੀ ਜਿਨ੍ਹਾਂ ਵਿੱਚੋਂ ਇੱਕ ਬੁਰੀ ਤਰ੍ਹਾਂ ਜ਼ਖ਼ਮੀ ਸੀ ਪਰ ਅੱਤਵਾਦੀਆਂ ਦੇ ਚੁੰਗਲ ਵਿੱਚੋਂ ਬਚ ਨਿਕਲਿਆ ਅਤੇ ਦੂਸਰੇ ਜਵਾਨ ਦੀ ਲਾਸ਼ ਜੰਗਲ ਵਿੱਚੋਂ ਮਿਲ ਗਈ। ਸੁਰੱਖਿਆ ਬਲਾਂ ਨੇ ਉਸ ਜੰਗਲੀ ਇਲਾਕੇ ਨੂੰ ਘੇਰਾ ਪਾ ਕੇ ਦਹਿਸ਼ਤਗਰਦਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਛੇ ਸ਼ੱਕੀ ਦਹਿਸ਼ਤਗਰਦਾਂ ਨੂੰ ਹਿਰਾਸਤ ਵਿੱਚ ਲੈ ਪੁੱਛਗਿੱਛ ਕੀਤੀ ਜਾ ਰਹੀ ਹੈ।



ਪਿਛਲੇ ਕੁਝ ਮਹੀਨਿਆਂ ਤੋਂ ਜੰਮੂ ਡਵੀਜ਼ਨ ਦੇ ਪੁਣਛ, ਰਾਜੌਰੀ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਪਾਕਿਸਤਾਨ ਆਧਾਰਤ ਦਹਿਸ਼ਤਗਰਦ ਗਰੁੱਪਾਂ ਨੇ ਹੁਣ ਫ਼ਿਰ ਕਸ਼ਮੀਰ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਦਾ ਮੰਤਵ ਵਾਦੀ ਦੇ ਵਿਕਾਸ ਨੂੰ ਰੋਕਣਾ ਅਤੇ ਬਾਹਰਲੇ ਕਾਮਿਆਂ ਵਿੱਚ ਡਰ ਪੈਦਾ ਕਰਨਾ ਹੋ ਸਕਦਾ ਹੈ। ਗਾਂਦਰਬਲ, ਸ਼ੋਪੀਆਂ ਅਤੇ ਅਨੰਤਨਾਗ ਵਿੱਚ ਦਹਿਸ਼ਤਗਰਦਾਂ ਨੇ ਨਵੀਆਂ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇ ਕੇ ਇੱਕ ਵਾਰ ਫ਼ਿਰ ਸਾਬਿਤ ਕਰ ਦਿੱਤਾ ਕਿ ਉਹ ਨਾ-ਉਮੀਦੀ ਦੀ ਵਜ੍ਹਾ ਕਰਕੇ ਨਾ ਸਿਰਫ਼ ਦੇਸ਼ ਦੀ ਜਮਹੂਰੀਅਤ ਨੂੰ ਪ੍ਰਭਾਵਿਤ ਕਰ ਰਹੇ ਹਨ ਸਗੋਂ ਜੰਮੂ-ਕਸ਼ਮੀਰ ਵਿੱਚ ਹਿੰਸਾ ਦੇ ਨਵੇਂ-ਨਵੇਂ ਦੌਰ ਨੂੰ ਹੱਲਾਸ਼ੇਰੀ ਦੇ ਰਹੇ ਹਨ। ਕਸ਼ਮੀਰ ਵਿੱਚ ਪਿਛਲੇ ਕੁਝ ਸਮੇਂ ਤੋਂ ਬਾਹਰਲੇ ਰਾਜਾਂ ਤੋਂ ਮਜ਼ਦੂਰੀ ਕਰਨ ਗਏ ਕਾਮਿਆਂ ਉੱਤੇ ਅੱਤਵਾਦੀਆਂ ਨੇ ਨਿਸ਼ਾਨਾ ਮਿੱਥ ਕੇ ਕੀਤੇ ਹਮਲਿਆਂ ਦਾ ਜੋ ਦੌਰ ਸ਼ੁਰੂ ਹੋਇਆ ਅਤੇ ਉਨ੍ਹਾਂ ਵਿੱਚ ਜਿਸ ਤਰ੍ਹਾਂ ਦੀ ਲਗਾਤਾਰਤਾ ਵੇਖੀ ਜਾ ਰਹੀ ਹੈ, ਉਹ ਹੁਣ ਸੁਰੱਖਿਆ ਬਲਾਂ ਲਈ ਇੱਕ ਜਟਿਲ ਚੁਣੌਤੀ ਬਣ ਰਹੀ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਹੈ ਪਰ ਸੱਚ ਇਹ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਸੁਰੱਖਿਆਂ ਬਲਾਂ ਦੇ ਕੈਂਪਾਂ ਤੋਂ ਲੈ ਕੇ ਪਰਵਾਸੀ ਮਜ਼ਦੂਰਾਂ ਤੱਕ ਦੇ ਘਰਾਂ ’ਤੇ ਹਮਲੇ ਕਰਨ ਦੇ ਪਿੱਛੇ ਉਨ੍ਹਾਂ ਦੀ ਨਿਰਾਸ਼ਾ ਵਿਖਾਈ ਦਿੰਦੀ ਹੈ।

ਹਾਲਾਂਕਿ ਅੱਤਵਾਦੀ ਗਰੁੱਪਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਬਹਿਸ ਕਰਨਾ ਫ਼ਜ਼ੂਲ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਬੇਹੱਦ ਕਮਜ਼ੋਰ ਤਬਕੇ ਦੇ ਅਜਿਹੇ ਲੋਕਾਂ ਨੂੰ ਵੀ ਮਾਰਨ ਤੋਂ ਉਹ ਨਹੀਂ ਝਿਜਕਦੇ ਜਿਹੜੇ ਆਪਣੀ ਰੋਜ਼ੀ-ਰੋਟੀ ਦੀ ਉਮੀਦ ਨਾਲ ਆਪਣੀ ਜ਼ਮੀਨ ਤੋਂ ਉੱਖੜ ਕੇ ਇੱਥੇ ਪਹੁੰਚਦੇ ਹਨ।

ਜੰਮੂ-ਕਸ਼ਮੀਰ ਵਿੱਚ ਨਿਸ਼ਾਨਾ ਮਿੱਥ ਕੇ ਕੀਤੇ ਹਮਲਿਆਂ ਦੀ ਇਹ ਨਵੀਂ ਪ੍ਰਵਿਰਤੀ ਹੈ ਜਿਸ ਵਿੱਚ ਅੱਤਵਾਦ ਦਾ ਦਾਇਰਾ ਫ਼ੈਲ ਰਿਹਾ ਹੈ। ਨਿਸ਼ਚਤ ਰੂਪ ’ਚ ਇਹ ਚਿੰਤਾ ਦੀ ਗੱਲ ਹੈ ਅਤੇ ਸੁਰੱਖਿਆ ਬਲਾਂ ਦੇ ਨਾਲ-ਨਾਲ ਸਰਕਾਰ ਨੂੰ ਵੀ ਅੱਤਵਾਦ ਦੇ ਇਸ ਨਵੇਂ ਚਿਹਰੇ ਨਾਲ ਨਿਪਟਣ ਲਈ ਨਵੀਂ ਰਣਨੀਤੀ ’ਤੇ ਕੰਮ ਕਰਨਾ ਹੋਵੇਗਾ।

ਇਸ ਸਮੱਸਿਆ ਦੇ ਜਟਿਲ ਹੁੰਦੇ ਜਾਣ ਦੀ ਮੁੱਖ ਵਜ੍ਹਾ ਇਹ ਰਹੀ ਹੈ ਕਿ ਪਾਕਿਸਤਾਨ ਵੱਲੋਂ ਭਾਰਤ ਖ਼ਾਸ ਕਰਕੇ ਜੰਮੂ-ਕਸ਼ਮੀਰ ਨੂੰ ਲਹੂ-ਲੁਹਾਨ ਕਰਨ ਦੀ ਆਪਣੀ ਨੀਤੀ ਜਾਰੀ ਰੱਖੀ ਹੋਈ ਹੈ। ਇਹ ਕੋਈ ਘੱਟ ਚਿੰਤਾ ਦੀ ਗੱਲ ਨਹੀਂ ਕਿ ਇਹ ਹਮਲਾ ਉਸ ਵਕਤ ਹੋਇਆ ਜਦੋਂ ਵਿਦੇਸ਼ ਮਾਮਲਿਆਂ ਦੇ ਮੰਤਰੀ ਐੱਸ. ਜੈਸ਼ੰਕਰ ਇਸਲਾਮਾਬਾਦ ਵਿੱਚ ਸ਼ੰਘਾਈ ਸਹਿਯੋਗ ਸੰਘ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਪਾਕਿਸਤਾਨ ਦੇ ਦੌਰੇ ’ਤੇ ਗਏ ਸਨ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਇੱਕ ਬਿਆਨ ਵਿੱਚ ਪਿਛਲੇ ਹਫ਼ਤੇ ਕਿਹਾ ਸੀ ਕਿ ‘ਅਸੀਂ ਪਿਛਲੇ 75 ਸਾਲ ਤਾਂ ਗੁਆ ਲਏ ਪਰ ਅਹਿਮ ਇਹ ਹੈ ਕਿ ਅਗਲੇ 75 ਸਾਲ ਨਾ ਗੁਆ ਲਈਏ’।

ਹਾਲਾਂਕਿ ਉਦੋਂ ਤੱਕ ਖੜੋਤ ਟੁੱਟਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ ਜਦੋਂ ਤੱਕ ਸ਼ਰੀਫ਼ ਭਰਾ ਪਾਕਿਸਤਾਨੀ ਫ਼ੌਜ ਅੱਗੇ ਬੇਵੱਸ ਹਨ ਅਤੇ ਇਸ ਨੂੰ ਭਾਰਤ ਦਾ ਨੁਕਸਾਨ ਕਰਨ ਤੋਂ ਰੋਕਣ ’ਚ ਨਾਕਾਮ ਹਨ। ਫ਼ਿਰ ਇਸ ਦੇ ਤਾਰ ਸਰਹੱਦ ਪਾਰ ਦੇ ਟਿਕਾਣਿਆਂ ਤੋਂ ਸੰਚਾਲਤ ਸੰਗਠਨਾਂ ਨਾਲ ਜੁੜੇ ਹਨ। ਉੱਥੋਂ ਹੀ ਮਿਲਣ ਵਾਲੀ ਛਤਰ-ਛਾਇਆ ਅਤੇ ਗੋਲ਼ਾ-ਬਾਰੂਦ ਦਾ ਹੀ ਨਤੀਜਾ ਹੈ ਕਿ ਕਦੇ ਸੁਰੱਖਿਆ ਬਲਾਂ ਦੇ ਕੈਂਪਾਂ ’ਤੇ ਹਮਲੇ ਕਰ ਕੇ ਅਤੇ ਕਦੇ ਕਿਸੇ ਪਰਵਾਸੀ ਮਜ਼ਦੂਰ ਦੀ ਹੱਤਿਆ ਕਰ ਕੇ ਅੱਤਵਾਦੀ ਆਪਣੀ ਮੌਜੂਦਗੀ ਦਰਸਾਉਂਦੇ ਹਨ।


ਦਰਅਸਲ, ਪਿਛਲੇ ਕੁਝ ਸਮੇਂ ਤੋਂ ਸੁਰੱਖਿਆ ਬਲਾਂ ਨੇ ਅੱਤਵਾਦੀ ਸਮੂਹਾਂ ਖ਼ਿਲਾਫ਼ ਸਖ਼ਤ ਰੁਖ਼ ਅਖਤਿਆਰ ਕੀਤਾ ਹੋਇਆ ਹੈ। ਪਿੱਛੇ ਜਿਹੇ ਚਲਾਈਆਂ ਗਈਆਂ ਮੁਹਿੰਮਾਂ ਅਤੇ ਮੁਕਾਬਲਿਆਂ ਵਿੱਚ ਕਈ ਦਹਿਸ਼ਤਗਰਦਾਂ ਨੂੰ ਮਾਰਿਆ ਜਾ ਚੁੱਕਾ ਹੈ। ਹਾਲਾਂਕਿ ਇਸ ਦੌਰਾਨ ਸੁਰੱਖਿਆ ਬਲਾਂ ਦੇ ਵੀ ਕਈ ਜਵਾਨ ਸ਼ਹੀਦ ਹੋ ਗਏ।

ਇਸ ਦੇ ਬਾਵਜੂਦ ਜੰਮੂ-ਕਸ਼ਮੀਰ ਵਿੱਚ ਜਮਹੂਰੀਅਤ ਬਹਾਲ ਕਰਨ ਦਾ ਕੰਮ ਨਹੀਂ ਰੁਕਿਆ। ਉੱਥੇ ਜਮਹੂਰੀ ਅਮਲ ਦੇ ਤਹਿਤ ਚੁਣੀ ਸਰਕਾਰ ਕਾਰਜਸ਼ੀਲ ਹੈ। ਸਾਫ਼ ਹੈ ਕਿ ਜਿਸ ਤਰ੍ਹਾਂ ਅੱਤਵਾਦੀ ਹਮਲੇ ਕਰ ਰਹੇ ਹਨ ਉਸ ਤੋਂ ਉਨ੍ਹਾਂ ਦਾ ਮਕਸਦ ਸਪਸ਼ਟ ਹੋ ਜਾਂਦਾ ਹੈ ਕਿ ਉਹ ਕਸ਼ਮੀਰ ਵਾਦੀ ਵਿੱਚ ਉਥਲ-ਪੁਥਲ ਪੈਦਾ ਕਰਨ ਅਤੇ ਸੂਬੇ ਨੂੰ ਅਸ਼ਾਂਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਹੋਏ ਹਨ। ਭਾਵੇਂ ਉਨ੍ਹਾਂ ਨੂੰ ਕਿਸੇ ਹੱਦ ਤੱਕ ਨਾਕਾਮੀ ਹੱਥ ਲੱਗੀ ਹੈ। ਇਹ ਧਿਆਨ ਰੱਖਣ ਦੀ ਲੋੜ ਹੈ ਕਿ ਹਾਲ ਹੀ ਵਿੱਚ ਬਾਰਾਮੂਲਾ, ਕੁਪਵਾੜਾ ਦੇ ਗੁਗਲਧਾਰ ਵਿਚ ਕੰਟਰੋਲ ਰੇਖਾ ਦੇ ਨੇੜੇ ਫ਼ੌਜ ਤੇ ਪੁਲਿਸ ਨੇ ਘੁਸਪੈਠ ਦਾ ਯਤਨ ਕਰ ਰਹੇ ਪਾਕਿਸਤਾਨੀ ਘੁਸਪੈਠੀਆਂ ਨੂੰ ਮਾਰ ਮੁਕਾਇਆ। ਘੁਸਪੈਠੀਏ ਭਾਰੀ ਮਾਤਰਾ ਵਿਚ ਗੋਲ਼ੀ-ਬਾਰੂਦ ਸੁੱਟ ਕੇ ਰਾਤ ਦੇ ਹਨੇਰੇ ਵਿੱਚ ਦੌੜਨ ਵਿੱਚ ਸਫ਼ਲ ਰਹੇ। ਅੱਤਵਾਦੀਆਂ ਨੂੰ ਸ਼ਰਨ ਤੇ ਸੂਚਨਾਵਾਂ ਦੇਣ ਵਾਲੇ ਦੇਸ਼ ਵਿਰੋਧੀ ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸ ਨਾਲ ਸਥਾਨਕ ਆਬਾਦੀ ਖ਼ਾਸ ਕਰਕੇ ਨੌਜਵਾਨਾਂ ਦਾ ਦਹਿਸ਼ਤੀ ਸਫ਼ਾਂ ਵਿੱਚ ਸ਼ਾਮਲ ਹੋਣਾ ਬਹੁਤ ਜ਼ਿਆਦਾ ਘਟ ਗਿਆ ਹੈ।

(ਬਾਕੀ ਸਫ਼ਾ 31 ’ਤੇ)

# ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਪਨਾਹ ਲਈ ਦਾਅਵੇ





ਕੁੱਕੀ ਗਿੱਲ

ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਲਗਭਗ 14,000 ਪਨਾਹ ਦੇ ਦਾਅਵੇ ਦਾਇਰ ਕੀਤੇ। ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਨਵੇਂ ਅਧਿਐਨ ਪਰਮਿਟਾਂ ਦੀ ਗਿਣਤੀ ਵਿੱਚ ਮਹੱਤਵਪੂਰਨ ਗਿਰਾਵਟ ਦੇ ਬਾਵਜੂਦ ਇਹ ਇੱਕ ਰਿਕਾਰਡ ਸੀ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਸਟੱਡੀ ਪਰਮਿਟਾਂ ’ਤੇ ਦੇਸ਼ ਦੇ ਲੋਕਾਂ ਦੇ ਸ਼ਰਨ ਦੇ ਦਾਅਵਿਆਂ ਵਿੱਚ ਵਾਧੇ ਵਿੱਚ ਅਜਿਹੇ ਵਿਦਿਆਰਥੀਆਂ ਦੁਆਰਾ ਦਾਇਰ ਕੀਤੇ ਗਏ ਝੂਠੇ ਦਾਅਵੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਬਾਹਰੀ ਸਲਾਹਕਾਰਾਂ ਦੁਆਰਾ ਅਜਿਹਾ ਕਰਨ ਦੀ ਸਲਾਹ ਦਿੱਤੀ ਗਈ ਸੀ। ਉਸਨੇ ਵਿਭਾਗ ਦੇ ਅਧਿਕਾਰੀਆਂ ਅਤੇ ਸਰੋਤ ਦੇਸ਼ਾਂ ਵਿੱਚ ਸਥਿਤੀਆਂ ਵਿੱਚ ਤਬਦੀਲੀ ਦੀ ਘਾਟ ਦਾ ਹਵਾਲਾ ਦਿੱਤਾ। ਵਿਦਿਆਰਥੀ ਵੀਜ਼ਿਆਂ ’ਤੇ ਦੇਸ਼ ਵਿੱਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਹਾਲ ਹੀ ਦੇ ਸਾਲਾਂ ਵਿੱਚ ਅਸਮਾਨੀ ਚੜ੍ਹ ਗਈ ਹੈ, ਜਿਵੇਂ ਕਿ ਸ਼ਰਨਾਰਥੀ ਸਥਿਤੀ ਲਈ ਅਰਜ਼ੀ ਦੇਣ ਵਾਲੇ ਲੋਕਾਂ ਦੀ ਬਾਰੰਬਾਰਤਾ ਹੈ। ਇਹਨਾਂ ਰੁਝਾਨਾਂ ਨੇ ਅੰਸ਼ਕ ਤੌਰ ’ਤੇ ਕੈਨੇਡਾ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਅਤੇ ਸਿਹਤ ਦੇਖਭਾਲ ਵਰਗੀਆਂ ਰਿਹਾਇਸ਼ਾਂ ਅਤੇ ਸੇਵਾਵਾਂ ’ਤੇ ਉਹਨਾਂ ਦੇ ਪ੍ਰਭਾਵ ਬਾਰੇ ਇੱਕ ਵਿਆਪਕ ਬਹਿਸ ਨੂੰ ਚਲਾਇਆ ਹੈ। ਕੁਝ ਨਿਰੀਖਕਾਂ ਨੇ ਚਿਤਾਵਨੀ ਦਿੱਤੀ ਸੀ ਕਿ ਸ਼ਰਨ ਦਾ ਦਾਅਵਾ ਕਰਨ ਵਾਲੇ ਵਿਦਿਆਰਥੀਆਂ ਵਿੱਚ ਵਾਧਾ ਸਥਾਈ ਨਿਵਾਸ ਲਈ ਸਖ਼ਤ ਨਿਯਮਾਂ ਦਾ ਨਤੀਜਾ ਹੋਵੇਗਾ ਕਿਉਂਕਿ ਉਨ੍ਹਾਂ ਨੇ ਰਹਿਣ ਲਈ ਇੱਕ ਹੋਰ ਰਾਹ ਦੀ ਮੰਗ ਕੀਤੀ ਸੀ।

ਫੈਡਰਲ ਇਮੀਗ੍ਰੇਸ਼ਨ ਦੇ ਅੰਕੜਿਆਂ ਅਨੁਸਾਰ, ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਇਸ ਸਾਲ 1 ਜਨਵਰੀ ਤੋਂ 30 ਸਤੰਬਰ ਤੱਕ 13,660 ਪਨਾਹ ਦੇ ਦਾਅਵੇ ਦਾਇਰ ਕੀਤੇ ਗਏ ਸਨ। ਪੂਰੇ 2023 ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਲਗਭਗ 12,000 ਪਨਾਹ ਦੇ ਦਾਅਵੇ ਸਨ, ਜੋ ਕਿ 2018 ਵਿੱਚ 1,810 ਦੇ ਮੁਕਾਬਲੇ ਅੰਕੜੇ ਦਰਸਾਉਂਦੇ ਹਨ। ਇਸ ਸਾਲ ਕੁੱਲ ਵਧਣ ਦੀ ਉਮੀਦ ਹੈ, ਤਿੰਨ ਮਹੀਨਿਆਂ ਦੀ ਗਿਣਤੀ ਅਜੇ ਬਾਕੀ ਹੈ। ਇਸ ਦੇ ਨਾਲ ਹੀ, 2023 ਦੀ ਸਮਾਨ ਮਿਆਦ ਦੇ ਮੁਕਾਬਲੇ ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਪਰਮਿਟ ਜਾਰੀ ਕੀਤੇ ਗਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ 100,000 ਤੋਂ ਵੱਧ ਦੀ ਗਿਰਾਵਟ ਆਈ ਹੈ। ਬਦਲਾਅ ਦਾ ਮਤਲਬ ਹੈ ਕਿ ਘੱਟ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ਆਉਣ ਦੀ ਮਨਜ਼ੂਰੀ ਦਿੱਤੀ ਜਾ ਰਹੀ ਹੈ। ਅਤੀਤ ਦੇ ਮੁਕਾਬਲੇ, ਹਾਲਾਂਕਿ ਪਰਮਿਟਾਂ ਵਿੱਚ ਵਾਧਾ ਥੋੜ੍ਹਾ ਵਧਿਆ ਹੈ।

2024 ਵਿੱਚ ਹੁਣ ਤੱਕ ਸਭ ਤੋਂ ਵੱਧ ਵਿਦਿਆਰਥੀਆਂ ਦੀ ਸ਼ਰਨ ਦਾ ਦਾਅਵਾ ਕਰਨ ਵਾਲੇ ਸਕੂਲ ਵੀ ਅਜਿਹੇ ਅਦਾਰੇ ਹਨ ਜਿਨ੍ਹਾਂ ਦੀ ਪਛਾਣ ਪਹਿਲਾਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੱਡੇ ਅਨੁਪਾਤ ਵਾਲੇ ਵਜੋਂ ਕੀਤੀ ਗਈ ਹੈ। ਉਹਨਾਂ ਵਿੱਚ ਕਿਚਨਰ, ਓਨਟਾਰੀਓ ਵਿੱਚ ਕੋਨੇਸਟੋਗਾ ਕਾਲਜ ਸ਼ਾਮਲ ਹੈ, ਜਿੱਥੇ ਜਨਵਰੀ ਤੋਂ ਸਤੰਬਰ ਤੱਕ 520 ਵਿਦਿਆਰਥੀਆਂ ਨੇ ਸ਼ਰਣ ਲਈ ਅਰਜ਼ੀ ਦਿੱਤੀ; ਸੇਨੇਕਾ ਕਾਲਜ ਆਫ ਅਪਲਾਈਡ ਆਰਟਸ ਐਂਡ ਟੈਕਨਾਲੋਜੀ, ਇਸ ਸਾਲ 490 ਦਾਅਵਿਆਂ ਦੇ ਨਾਲ ਅਤੇ ਨਿਆਗਰਾ ਕਾਲਜ ਕੈਨੇਡਾ ਵਿੱਚ 410 ਦਾਅਵਿਆਂ ਦੀਆਂ ਅਰਜ਼ੀਆਂ ਦਿੱਤੀਆਂ ਗਈਆਂ। ਮਿਸਟਰ ਮਿਲਰ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਉਹਨਾਂ ਦੇ ਅਧਿਐਨ ਦੇ ਪਹਿਲੇ ਸਾਲ ਦੇ ਅੰਦਰ ਸ਼ਰਨ ਦੇ ਦਾਅਵਿਆਂ ਵਿੱਚ ਵਾਧਾ ਸੁਝਾਅ ਦਿੰਦਾ ਹੈ ਕਿ ਉਹਨਾਂ ਨੂੰ ਜ਼ਿਆਦਾਤਰ ਝੂਠ ਬਣਾਇਆ ਜਾ ਰਿਹਾ ਹੈ। ਮਿਸਟਰ ਮਿਲਰ ਨੇ ਕਿਹਾ, ‘ਇਹ ਬਿਲਕੁਲ ਸਪੱਸ਼ਟ ਹੈ ਕਿ ਕੋਈ ਇੱਥੇ ਹੈ, ਜੋ ਇੱਥੇ ਇੱਕ ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਰਿਹਾ ਹੈ, ਸ਼ਰਨ ਦਾ ਦਾਅਵਾ ਕਰ ਰਿਹਾ ਹੈ ਜਿੱਥੇ ਉਨ੍ਹਾਂ ਦੇ ਗ੍ਰਹਿ ਦੇਸ਼ ਵਿੱਚ ਕੋਈ ਵੀ ਸਥਿਤੀਆਂ ਨਹੀਂ ਬਦਲੀਆਂ ਹਨ’ ਇਸ ਵਿੱਚ ਕੁਝ ਕਾਲਾ ਲੱਗ ਰਿਹਾ ਹੈ। ਸਪੱਸ਼ਟ ਤੌਰ ’ਤੇ ਇੱਥੇ ਉਨ੍ਹਾਂ ਲੋਕਾਂ ਲਈ ਸਲਾਹ ਦਿੱਤੀ ਜਾ ਰਹੀ ਹੈ ਜਿਨ੍ਹਾਂ ਨੂੰ ਸ਼ਰਨ ਦਾ ਦਾਅਵਾ ਕਰਨ ਲਈ ਘਰ ਜਾਣਾ ਪਏਗਾ ਅਤੇ ਸਾਡੇ ਕੋਲ ਕੈਨੇਡਾ ਵਿੱਚ ਸ਼ਰਨ ਪ੍ਰਣਾਲੀ ਦੀ ਇਹ ਵਿਵਸਥਾ ਨਹੀਂ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ, ਇਸ ਸਾਲ ਪਰਮਿਟਾਂ ਅਤੇ ਐਕਸਟੈਂਸ਼ਨਾਂ ’ਤੇ ਵਿਦਿਆਰਥੀਆਂ ਦੁਆਰਾ ਸਭ ਤੋਂ ਵੱਧ ਦਾਅਵਿਆਂ ਵਾਲੇ ਦੇਸ਼ ਭਾਰਤ, ਨਾਈਜੀਰੀਆ, ਘਾਨਾ, ਗਿਨੀ ਅਤੇ ਕਾਂਗੋ ਲੋਕਤੰਤਰੀ ਗਣਰਾਜ ਹਨ। ਮਿਸਟਰ ਮਿਲਰ ਨੇ ਕਾਲਜ ਆਫ਼ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ ਨੂੰ ਪੱਤਰ ਲਿਖਿਆ ਹੈ, ਇਸਦੇ ਪ੍ਰਧਾਨ ਜੌਨ ਮਰੇ ਨੂੰ ਇਸ ਸੰਭਾਵਨਾ ਦੀ ਜਾਂਚ ਕਰਨ ਲਈ ਕਿਹਾ ਹੈ ਕਿ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਨਜਾਇਜ਼ ਤੌਰ ’ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸ਼ਰਨ ਦਾ ਦਾਅਵਾ ਕਰਨ ਦੀ ਸਲਾਹ ਦੇ ਰਹੇ ਹਨ। ਜਨਵਰੀ ਵਿੱਚ, ਮੰਤਰੀ ਨੇ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਵਿੱਚ ਤੇਜ਼ੀ ਨਾਲ ਵਾਧੇ ਨੂੰ ਰੋਕਣ ਲਈ ਅੰਤਰਰਾਸ਼ਟਰੀ ਸਟੱਡੀ-ਪਰਮਿਟ ਅਰਜ਼ੀਆਂ ’ਤੇ ਦੋ ਸਾਲ ਦੀ ਸੀਮਾ ਲਗਾ ਦਿੱਤੀ ਸੀ। ਸਤੰਬਰ ਤੋਂ, ਜਿਹੜੇ ਵਿਦਿਆਰਥੀ ਕਿਸੇ ਪਬਲਿਕ ਕਾਲਜ ਦੇ ਨਾਲ ਪਾਠਕ੍ਰਮ ਲਾਇਸੰਸਿੰਗ ਵਿਵਸਥਾ ਵਿੱਚ ਇੱਕ ਪ੍ਰਾਈਵੇਟ ਕੈਰੀਅਰ ਕਾਲਜ ਵਿੱਚ ਜਾਂਦੇ ਹਨ, ਗ੍ਰੈਜੂਏਸ਼ਨ ਤੋਂ ਬਾਅਦ ਵਰਕ ਪਰਮਿਟ ਲਈ ਅਯੋਗ ਹੋ ਗਏ ਹਨ। ਮਿਸਟਰ ਮਰੇ ਨੇ ਕਿਹਾ ਕਿ ਕਾਲਜ ਦੇ ਪੇਸ਼ੇਵਰ ਆਚਰਣ ਦਾ ਕੋਡ ਸਪੱਸ਼ਟ ਤੌਰ ’ਤੇ ਕਹਿੰਦਾ ਹੈ ਕਿ ਲਾਇਸੰਸਧਾਰਕਾਂ ਨੂੰ ਗਾਹਕਾਂ ਨੂੰ ਬੇਈਮਾਨ ਹੋਣ ਜਾਂ ਧੋਖਾਧੜੀ ਕਰਨ ਲਈ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ ਹੈ ਅਤੇ ਕੋਡ ਦੀ ਉਲੰਘਣਾ ਕਰਨ ਵਾਲੇ ਲਾਇਸੰਸਧਾਰਕਾਂ ਨੂੰ ਕੁਝ ਮਾਮਲਿਆਂ ਵਿੱਚ ਅਪਰਾਧਿਕ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਾਲਜ ਸਥਾਈ ਲਾਇਸੈਂਸ ਰੱਦ ਕਰਨ ਅਤੇ ਜੁਰਮਾਨੇ ਸਮੇਤ ਅਨੁਸ਼ਾਸਨੀ ਉਪਾਅ ਲਗਾ ਸਕਦਾ ਹੈ। ਕਾਲਜ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਅਖੰਡਤਾ ਦੀ ਰੱਖਿਆ ਲਈ ਆਈ ਆਰ ਸੀ ਸੀ ਅਤੇ ਹੋਰ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਮੰਤਰੀ ਦੁਆਰਾ ਉਠਾਈਆਂ ਗਈਆਂ ਖਾਸ ਚਿੰਤਾਵਾਂ ਨੂੰ ਦੂਰ ਕਰਨ ਲਈ ਆਈ

ਆਰ ਸੀ ਸੀ ਨਾਲ ਸਹਿਯੋਗ ਕਰੇਗਾ ਪਰ ਸ਼ਰਨਾਰਥੀਆਂ ਦੇ ਵਕੀਲਾਂ ਨੇ ਫੈਡਰਲ ਸਰਕਾਰ ’ਤੇ ਵਿਦਿਆਰਥੀਆਂ ਨੂੰ ਬਲੀ ਦਾ ਬੱਕਰਾ ਬਣਾਉਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਹੈ ਕਿ ਇਹ ਦਾਅਵੇ ਗਲਤ ਹਨ। ਸ਼ਰਨਾਰਥੀ ਅਤੇ ਪ੍ਰਵਾਸੀ ਅਧਿਕਾਰਾਂ ਦੀ ਵਕਾਲਤ ਕਰਨ ਵਾਲੀ ਕੈਨੇਡੀਅਨ ਕੌਂਸਲ ਆਫ ਰਫਿਊਜੀਜ਼ ਦੀ ਸਹਿ-ਕਾਰਜਕਾਰੀ ਨਿਰਦੇਸ਼ਕ ਤੰਜਾ ਮਲੇਸਕਾ ਨੇ ਕਿਹਾ ਕਿ ਫੈਡਰਲ ਲਿਬਰਲ ਸਰਕਾਰ ਨੇ ਸਾਲਾਂ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਿਵਾਦਪੂਰਨ ਸੰਦੇਸ਼ ਭੇਜੇ ਹਨ। ਹੁਣ, ਉਹ ਕਹਿੰਦੀ ਹੈ, ਮਿਸਟਰ ਮਿਲਰ ਨੇ ਉਹਨਾਂ ਨੂੰ ਬੇਇੱਜ਼ਤ ਕੀਤਾ ਹੈ। ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਰਤੀ ਜਾਣ ਵਾਲੀ ਬਿਆਨਬਾਜ਼ੀ ਤੋਂ ਬਹੁਤ ਚਿੰਤਤ ਹਾਂ। ਇਹ ਇੱਕ ਬਹੁਤ ਹੀ ਭਿਆਨਕ ਟਰੈਪ ਹੈ। ਯੌਰਕ ਯੂਨੀਵਰਸਿਟੀ ਦੇ ਸੈਂਟਰ ਫਾਰ ਰਿਫਿਊਜੀ ਸਟੱਡੀਜ਼ ਦੀ ਡਾਇਰੈਕਟਰ ਯਵੋਨ ਸੂ ਨੇ ਕਿਹਾ ਕਿ ਉਹ ਇਸ ਗੱਲ ਤੋਂ ਵੀ ਚਿੰਤਤ ਹੈ ਕਿ ਮੰਤਰੀ ਨੇ ਇਸ ਮੁੱਦੇ ’ਤੇ ਕਿਵੇਂ ਚਰਚਾ ਕੀਤੀ ਹੈ। ਪ੍ਰੋ. ਸੂ ਨੇ ਕਿਹਾ ਕਿ ਵਿਦਿਆਰਥੀ ਅਕਸਰ ਮਹੱਤਵਪੂਰਨ ਦਬਾਅ ਹੇਠ ਹੁੰਦੇ ਹਨ ਕਿਉਂਕਿ ਉਹਨਾਂ ਦੇ ਮਾਪਿਆਂ ਨੇ ਕੈਨੇਡਾ ਵਿੱਚ ਆਪਣੀ ਪੜ੍ਹਾਈ ਲਈ ਫੰਡ ਦੇਣ ਲਈ ਹਜ਼ਾਰਾਂ ਡਾਲਰ ਉਧਾਰ ਲਏ ਹਨ ਅਤੇ ਹੁਣ ਸੰਘੀ ਨੀਤੀ ਵਿੱਚ ਤਬਦੀਲੀਆਂ ਨੇ ਸਥਾਈ ਨਿਵਾਸ ਦੇ ਸੁਪਨੇ ਨੂੰ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਿਲ ਬਣਾ ਦਿੱਤਾ ਹੈ। (ਬਾਕੀ ਸਫ਼ਾ 31 ’ਤੇ)

# ਨਵੇਂ-ਨਵੇਂ ਰੂਟਾਂ ਰਾਹੀਂ ਅਮਰੀਕਾ ਪਹੁੰਚਣ ਲਈ ਹੋ ਰਿਹੈ ਗ਼ੈਰ ਕਾਨੂੰਨੀ ਪ੍ਰਵਾਸ

ਡਾ. ਕੁਲਵੰਤ ਸਿੰਘ ਫੁਲ

21ਵੀਂ ਸਦੀ ਦੇ ਆਰੰਭਿਕ ਸਾਲਾਂ ਦੌਰਾਨ ਸੰਸਾਰ ਦੇ ਕਈ ਦੇਸ਼ਾਂ ’ਚ ਉਦਾਰੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ ਵਧਦੇ ਵਿਸ਼ਵ ਪ੍ਰਵਾਸ ਦੇ ਮੱਦੇਨਜ਼ਰ ਜ਼ਿਆਦਾਤਰ ਭਾਰਤੀ ਪ੍ਰਵਾਸੀ ਹੁਣ ਫਾਰਸ ਦੀ ਖਾੜੀ, ਉੱਤਰੀ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਵੱਲ ਆਕਰਸ਼ਿਤ ਹੋ ਰਹੇ ਹਨ। ਦੁਨੀਆਂ ਭਰ ਦੇ ਹਰੇਕ 20 ਪ੍ਰਵਾਸੀਆਂ ’ਚੋਂ ਇੱਕ ਭਾਰਤ ’ਚ ਪੈਦਾ ਹੋਇਆ ਹੋਣ ਕਰਕੇ ਦੇਸ਼ ਵਿਸ਼ਵਵਿਆਪੀ ਪ੍ਰਵਾਸ ਨੂੰ ਭਾਰਤ ਅਹਿਮ ਰੂਪ ਵਿੱਚ ਪ੍ਰਭਾਵਿਤ ਕਰ ਰਿਹਾ ਹੈ। ‘ਵਿਸ਼ਵ ਪ੍ਰਵਾਸ ਰਿਪੋਰਟ 2024’ ਮੁਤਾਬਿਕ ਸਾਲ 2022 ਤੱਕ ਭਾਰਤ ’ਚ ਪੈਦਾ ਹੋਏ ਲਗਭਗ 18 ਮਿਲੀਅਨ ਲੋਕ ਸੰਸਾਰ ਦੇ ਦੂਜੇ ਦੇਸ਼ਾਂ ’ਚ ਰਹਿ ਰਹੇ ਹਨ। ਸਾਲ 1990, ਜਦੋਂ ਤੋਂ ਸੰਯੁਕਤ ਰਾਸ਼ਟਰ ਨੇ ਪ੍ਰਵਾਸੀ ਲੋਕਾਂ ਦੇ ਮੂਲ ਦਾ ਪਤਾ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਭਾਰਤ ਲਗਾਤਾਰ ਵਿਸ਼ਵ ਦੇ ਪ੍ਰਮੁੱਖ ਮੂਲ ਪ੍ਰਵਾਸੀ ਦੇਸ਼ਾਂ ’ਚੋਂ ਇਕ ਰਿਹਾ ਹੈ। ਪਿਛਲੇ 25 ਸਾਲਾਂ ਦੌਰਾਨ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵਧ ਗਈ ਹੈ, ਜੋ ਕਿ ਵਿਸ਼ਵ ਦੇ ਕੁੱਲ ਪ੍ਰਵਾਸੀਆਂ ਨਾਲੋਂ ਦੁੱਗਣੀ ਤੇਜ਼ੀ ਨਾਲ ਵਧ ਰਹੀ ਹੈ। ਜ਼ਿਆਦਾਤਰ ਭਾਰਤੀ ਮੂਲ ਦੇ ਲੋਕ ਸੰਯੁਕਤ ਅਰਬ ਅਮੀਰਾਤ, ਅਮਰੀਕਾ ਅਤੇ ਸਾਊਦੀ ਅਰਬ ’ਚ ਰਹਿ ਰਹੇ ਹਨ। ਇਸ ਸਮੇਂ ਸਭ ਤੋਂ ਵੱਧ ਲਗਭਗ 3.5 ਮਿਲੀਅਨ ਭਾਰਤੀ ਪ੍ਰਵਾਸੀ ਸੰਯੁਕਤ ਅਰਬ ਅਮੀਰਾਤ ’ਚ ਜ਼ਿਆਦਾਤਰ ਮਜ਼ਦੂਰਾਂ ਵਜੋਂ ਕਾਰਜਸ਼ੀਲ ਹਨ। ਇਸ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ’ਚ ਕ੍ਰਮਵਾਰ ਲਗਭਗ 2.7 ਅਤੇ 2.5 ਮਿਲੀਅਨ ਭਾਰਤੀ ਪ੍ਰਵਾਸੀ ਰਹਿੰਦੇ ਹਨ। ਉਥੇ ਵਸਦੇ ਭਾਰਤੀ-ਅਮਰੀਕੀਆਂ ਵਿਚੋਂ ਤਕਰੀਬਨ ਹਰੇਕ ਦਸ ਪਿਛੇ 9 ਭਾਰਤ ’ਚ ਪੈਦਾ ਹੋਏ ਹਨ ਅਤੇ ਇੱਕ ਭਾਈਚਾਰੇ ਦੇ ਤੌਰ ’ਤੇ ਇੰਡੋ-ਅਮਰੀਕਨ ਸਭ ਤੋਂ ਵੱਧ ਪੜ੍ਹੇ-ਲਿਖੇ ਅਤੇ ਅਮਰੀਕਾ ’ਚ ਰਹਿਣ ਵਾਲੀਆਂ ਸਾਰੀਆਂ ਨਸਲਾਂ ਅਤੇ ਨਸਲੀ ਸਮੂਹਾਂ ’ਚੋਂ ਸਭ ਤੋਂ ਵੱਧ ਆਮਦਨੀ ਵਾਲੇ ਲੋਕ ਹਨ।

ਕੋਵਿਡ-2019 ਮਹਾਂਮਾਰੀ ਤੋਂ ਬਾਅਦ ਤਾਂ, ਬਿਹਤਰ ਆਰਥਿਕ ਮੌਕਿਆਂ, ਵਿੱਤੀ ਸੁਰੱਖਿਆ ਅਤੇ ਸਥਿਰਤਾ ਦੀ ਭਾਲ ’ਚ ਲੋਕਾਂ ਦੇ ਵਿਸ਼ਵਵਿਆਪੀ ਪ੍ਰਵਾਸ ’ਚ ਸਮੁੱਚੇ ਤੌਰ ’ਤੇ ਵਾਧਾ ਹੋ ਰਿਹਾ ਹੈ ਅਤੇ ਭਾਰਤ ਵੀ ਇਸ ਦਾ ਅਪਵਾਦ ਨਹੀਂ ਰਿਹਾ। ਬਹੁਤ ਸਾਰੇ ਭਾਰਤੀ, ਖ਼ਾਸ ਕਰਕੇ ਵਧੇਰੇ ਉਤਸ਼ਾਹਿਤ ਨੌਜਵਾਨ ਵਿਦੇਸ਼ਾਂ ’ਚ ਬਿਹਤਰ ਆਰਥਿਕ ਸੰਭਾਵਨਾਵਾਂ ਲਈ ਨਿਰੰਤਰ ਪ੍ਰਵਾਸ ਕਰ ਰਹੇ ਹਨ। ਭਾਰਤ ’ਚ ਧਾਰਮਿਕ, ਜਾਤ, ਨਸਲ ਜਾਂ ਰਾਜਨੀਤੀ ਦੇ ਆਧਾਰ ’ਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਤਕਰੇ ਨੇ ਵੀ ਕਈਆਂ ਨੂੰ ਆਪਣੇ ਵਤਨ ਤੋਂ ਭੱਜਣ ਲਈ ਮਜਬੂਰ ਕੀਤਾ ਹੈ।



ਪ੍ਰੰਤੂ ਭਾਰਤ ਤੋਂ ਸੰਯੁਕਤ ਰਾਜ ਅਮਰੀਕਾ ਵੱਲ ਪ੍ਰਵਾਸ ਕਰਨ ਦਾ ਰੁਝਾਨ ਕੁਝ ਖ਼ਾਸ ਕਾਰਨਾਂ ਕਰਕੇ ਜ਼ਿਆਦਾ ਹੀ ਹੋ ਰਿਹਾ ਹੈ, ਇਸੇ ਕਾਰਨ ਅਮਰੀਕਾ ਲਈ ਕਾਨੂੰਨੀ ਇਮੀਗ੍ਰੇਸ਼ਨ ਚੈਨਲਾਂ ਨੂੰ ਅਕਸਰ ਮਹੱਤਵਪੂਰਨ ਬੈਕਲਾਗ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜਨ, ਵਿਜ਼ਟਰ ਵੀਜ਼ਾ ਜਾਂ ਪਰਿਵਾਰ ਦੁਆਰਾ ਸਪਾਂਸਰ ਕੀਤੇ ਵੀਜ਼ਿਆਂ ਲਈ ਲੰਮੀ ਉਡੀਕ ਕਾਰਨ ਕਈਆਂ ਨੂੰ ਬਦਲਵੇਂ ਅਣ-ਅਧਿਕਾਰਤ ਗ਼ੈਰ-ਕਾਨੂੰਨੀ ਰਸਤੇ ਅਪਣਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਅਣ-ਅਧਿਕਾਰਤ ਏਜੰਟ ਜਾਂ ਤਸਕਰ ਵੀ ਪ੍ਰਵਾਸ ਦੀ ਸਹੂਲਤ ਪ੍ਰਦਾਨ ਕਰਨ ਲਈ ਵੱਧ ਤੋਂ ਵੱਧ ਆਧੁਨਿਕ ਤਰੀਕੇ ਵਰਤ ਰਹੇ ਹਨ ਅਤੇ ਭਾਰਤ ਤੋਂ ਅਮਰੀਕਾ ਤੱਕ ਪੁੱਜਣ ਲਈ ਵੱਖ-ਵੱਖ ਦੇਸ਼ਾਂ ’ਚੋਂ ਲੰਘਦੇ ਨਵੇਂ-ਨਵੇਂ ਰੂਟ ਅਪਣਾਉਂਦੇ ਰਹਿੰਦੇ ਹਨ। ਅਮਰੀਕਾ ਦੀ ਮੈਕਸੀਕੋ ਨਾਲ ਲਗਦੀ ਦੱਖਣ-ਪੱਛਮੀ ਸਰਹੱਦ ਤਾਂ ਇਸ ਸਮੇਂ ਦੁਨੀਆਂ ਭਰ ਦੇ ਪ੍ਰਵਾਸੀਆਂ ਲਈ ਇੱਕ ਖ਼ਾਸ ਮੰਚ ਬਣੀ ਹੋਈ ਹੈ। ਪਿਛਲੇ ਕੁਝ ਸਾਲਾਂ ਦੌਰਾਨ ਅਮਰੀਕਾ ’ਚ ਦਾਖ਼ਲ ਹੋਣ ਵਾਲੇ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦੀ ਗਿਣਤੀ ’ਚ ਕਈ ਉਤਰਾਅ-ਚੜ੍ਹਾਅ ਦੇਖੇ ਗਏ ਹਨ। ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ 1 ਜਨਵਰੀ, 2022 ਤੱਕ ਲਗਭਗ 11 ਮਿਲੀਅਨ ਅਣ-ਅਧਿਕਾਰਤ ਪ੍ਰਵਾਸੀ ਅਮਰੀਕਾ ’ਚ ਰਹਿ ਰਹੇ ਸਨ। ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਅਮਰੀਕਾ ’ਚ ਲਗਭਗ 7,25,000 ਅਣ-ਅਧਿਕਾਰਤ ਭਾਰਤੀ ਰਹਿੰਦੇ ਹਨ, ਜੋ ਕਿ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹਨ। ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਡੇਟਾ ਮੁਤਾਬਿਕ ਵਿੱਤੀ ਸਾਲ 2021-22 ਦੌਰਾਨ ਯੂ.ਐੱਸ. ਅਧਿਕਾਰੀਆਂ ਦਾ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ ’ਚ ਦਾਖਲ ਹੋਏ 63,927 ਭਾਰਤੀਆਂ ਨਾਲ ਸਾਹਮਣਾ ਹੋਇਆ, ਜਿਹੜੇ ਕਿ ਪਿਛਲੇ ਵਿੱਤੀ ਸਾਲ ਨਾਲੋਂ ਜ਼ਿਆਦਾ ਸਨ। ਅਮਰੀਕਾ ਦੀਆਂ ਸਰਹੱਦਾਂ ਪੈਦਲ ਪਾਰ ਕਰਨ ਵਾਲੇ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦੀ ਗਿਣਤੀ ’ਚ ਤਾਂ ਕਮਾਲ ਦਾ ਵਾਧਾ ਹੋਇਆ ਹੈ। ਇਸ ਦੇ ਤਾਜ਼ਾ ਅੰਕੜਿਆਂ ਮੁਤਾਬਿਕ ਅਕਤੂਬਰ 2022 ਤੋਂ ਸਤੰਬਰ 2023 ਦਰਮਿਆਨ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ’ਚ ਦਾਖਲ ਹੋਣ ਲਈ ਰਿਕਾਰਡ ਗਿਣਤੀ ’ਚ 96,917 ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਕਿ 2019 ਤੋਂ 2020 ਦੀ ਇਸੇ ਮਿਆਦ ਦੇ ਮੁਕਾਬਲੇ ਪੰਜ ਗੁਣਾ ਵਧੇਰੇ ਹਨ। ਹਰ ਮਹੀਨੇ ਔਸਤਨ 8000 ਭਾਰਤੀ ਗ੍ਰਿਫ਼ਤਾਰ ਕੀਤੇ ਜਾ ਰਹੇ ਸਨ ਅਤੇ ਅਪ੍ਰੈਲ 2023 ’ਚ ਸਭ ਤੋਂ ਵਧ 12,537 ਗ੍ਰਿਫ਼ਤਾਰੀਆਂ ਦਰਜ ਕੀਤੀਆਂ ਗਈਆਂ। ਪ੍ਰੰਤੂ ਇਸ ਰਿਕਾਰਡ ਗਿਣਤੀ ਦੇ ਬਾਵਜੂਦ, ਅਮਰੀਕੀ ਸਰਹੱਦਾਂ ’ਤੇ ਗ੍ਰਿਫ਼ਤਾਰ ਕੀਤੇ ਗਏ ਗ਼ੈਰ-ਕਾਨੂੰਨੀ ਭਾਰਤੀਆਂ ਦੇ ਅੰਕੜੇ ਹੋਰ ਦੇਸ਼ਾਂ, ਖ਼ਾਸ ਕਰਕੇ ਲਾਤੀਨੀ ਅਮਰੀਕਾ ਦੇ ਮੁਕਾਬਲੇ ਬਹੁਤ ਘੱਟ ਹਨ। ਉਦਾਹਰਨ ਲਈ, ਇਸੇ ਸਮੇਂ ਦੌਰਾਨ 7.35 ਲੱਖ ਮੈਕਸੀਕਨ ਅਤੇ 2.16 ਲੱਖ ਹਾਂਡੂਰਸ ਦੇ ਵਿਅਕਤੀ ਵੀ ਫੜੇ ਗਏ ਸਨ।

ਅਸਾਧਾਰਨ ਮੂਲ ਦੇਸ਼ਾਂ ਤੋਂ ਵਧ ਰਹੀ ਗ਼ੈਰ-ਕਾਨੂੰਨੀ ਆਮਦ ਕਰਕੇ ਅਮਰੀਕਾ ’ਚ ਅਣ-ਅਧਿਕਾਰਤ ਪ੍ਰਵਾਸ ਇੱਕ ਨਿਰੰਤਰ ਚੁਣੌਤੀ ਅਤੇ ਪ੍ਰਮੁੱਖ ਨੀਤੀ ਮੁੱਦਾ ਬਣਿਆ ਰਿਹਾ ਹੈ। ਸਾਲ 2022 ’ਚ ਯੂ.ਐੱਸ.-ਮੈਕਸੀਕੋ ਸਰਹੱਦ ’ਤੇ ਸਭ ਤੋਂ ਵੱਧ ਰਿਕਾਰਡ 2.4 ਮਿਲੀਅਨ ਮੁਕਾਬਲੇ ਹੋਏ। ਇਨ੍ਹਾਂ ’ਚ ਬਹੁਤ ਸਾਰੇ ਪ੍ਰਵਾਸੀ ਅਜਿਹੇ ਵੀ ਸ਼ਾਮਿਲ ਸਨ, ਜਿਨ੍ਹਾਂ ਨੇ ਕਈ ਵਾਰ ਗ਼ੈਰ-ਕਾਨੂੰਨੀ ਤੌਰ ’ਤੇ ਅਮਰੀਕਾ ’ਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਕਈ ਸਾਲਾਂ ਤੋਂ ਜ਼ਿਆਦਾਤਰ ਅਜਿਹੇ ਅਨਿਯਮਿਤ ਪ੍ਰਵਾਸੀ ਲਾਤੀਨੀ-ਅਮਰੀਕੀ ਦੇਸ਼ਾਂ ਮੈਕਸੀਕੋ, ਗੁਆਟੇਮਾਲਾ, ਐਲ ਸਲਵਾਡੋਰ ਅਤੇ ਹਾਂਡੂਰਸ ਵਰਗੇ ਦੇਸ਼ਾਂ ਤੋਂ ਆ ਰਹੇ ਸਨ। ਪ੍ਰੰਤੂ ਸਾਲ 2022 ’ਚ ਪਹਿਲੀ ਵਾਰ ਵੈਨੇਜ਼ੁਏਲਾ, ਕਿਊਬਾ ਅਤੇ ਨਿਕਾਰਾਗੁਆ ਦੇ ਬੋਲੀਵਾਰੀਅਨ ਗਣਰਾਜ ਦੇ ਪ੍ਰਵਾਸੀਆਂ ਨਾਲ ਵਧੇਰੇ ਮੁਕਾਬਲੇ ਹੋਏ ਸਨ। ਹੈਤੀ, ਬ੍ਰਾਜ਼ੀਲ ਅਤੇ ਇਸ ਖੇਤਰ ਤੋਂ ਬਾਹਰਲੇ ਦੇਸ਼ਾਂ ਜਿਵੇਂ ਕਿ ਭਾਰਤ ਅਤੇ ਯੂਕਰੇਨ ਤੋਂ ਵੀ ਬਹੁਤ ਸਾਰੇ ਪ੍ਰਵਾਸੀ ਆ ਰਹੇ ਸਨ। ਪ੍ਰਸਿੱਧ ਖ਼ਬਰ ਏਜੰਸੀ ਰਾਇਟਰ ਅਨੁਸਾਰ ਹਾਲ ਹੀ ਵਿਚ ਯੂ.ਐਸ. ਅਤੇ (ਬਾਕੀ ਸਫ਼ਾ 31 ’ਤੇ)

# ਹੁਣ ਪਹਿਲਾਂ ਵਰਗਾ ਨਹੀਂ ਰਿਹਾ ਬਰਨਾਲਾ




## ਸ਼ਹਿਰ ਵਾਲ਼ਿਓ ਅਸੀਂ ਆਪਣੇ ਸ਼ਹਿਰ ਅੰਦਰ, ਆਏ ਹਾਂ ਵਾਂਗ ਪਰਦੇਸੀਆਂ ਦੇ...




ਪਰਵਾਸ ਖਾਤਰ 30 ਸਾਲ ਪਹਿਲਾਂ ਜਦੋਂ ਆਪਣੀ ਜਨਮ ਭੂਮੀ ਬਰਨਾਲਾ ਨੂੰ ਛੱਡਿਆ ਸੀ ਤਾਂ ਸੋਚਿਆ ਸੀ ਕਿ ਕੁਝ ਸਾਲ ਪਰਦੇਸ ਵਿੱਚ ਚੰਗੀ ਕਮਾਈ ਕਰਕੇ ਵਾਪਸ ਆਪਣੀ ਜਨਮ ਭੂਮੀ ਬਰਨਾਲਾ ਪਰਤ ਆਵਾਂਗਾ। ਬਚਪਨ ਵਿੱਚ ਸੁਣੀ ਬੋਲੀ 'ਬਾਰ੍ਹੀਂ ਬਰਸੀਂ ਖੱਟਣ ਗਿਆ ਸੀ...' ਮੈਨੂੰ ਆਪਣੇ 'ਤੇ ਢੁੱਕਦੀ ਜਾਪਦੀ। ਪਰ ਲੰਬਾ ਸਮਾਂ ਨਾ ਪਰਦੇਸ 'ਚ ਰਹਿ ਸਕਿਆ ਤੇ ਨਾ ਹੀ ਬਰਨਾਲਾ ਵਾਪਸ ਆ ਸਕਿਆ। ਰੁਜ਼ਗਾਰ ਖ਼ਾਤਰ ਪੰਜਾਬ ਦੀ ਰਾਜਧਾਨੀ ਅਤੇ ਪੱਥਰਾਂ ਦੇ ਸ਼ਹਿਰ ਚੰਡੀਗੜ੍ਹ ਵਿੱਚ ਕਈ ਸਾਲਾਂ ਤੋਂ ਰਹਿਣਾ ਪੈ ਰਿਹਾ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਚੰਡੀਗੜ੍ਹ ਮੇਰੀ ਕਰਮ ਭੂਮੀ ਬਣਿਆ ਹੋਇਆ ਹੈ। ਇਸ ਤਰ੍ਹਾਂ ਆਪਣੇ ਦੇਸ਼ ਵਿੱਚ ਆ ਕੇ ਵੀ ਪਰਦੇਸੀਆਂ ਵਾਂਗ ਰਹਿਣਾ ਪੈਣਾ ਪੈ ਗਿਆ ਹੈ।

ਤਿੰਨ ਦਹਾਕੇ ਪਹਿਲਾਂ ਜਦੋਂ ਬਰਨਾਲਾ ਛੱਡਣ ਲੱਗਿਆ ਸੀ ਤਾਂ ਸਾਡਾ ਵੱਡਾ ਸਾਰਾ, ਉੱਚਾ, ਲੰਬਾ, ਚੌੜਾ ਹਵੇਲੀ ਨੁਮਾ ਘਰ ਉਦਾਸ ਹੋ ਗਿਆ ਸੀ। ਘਰ ਦੀਆਂ ਉੱਚੀਆਂ ਤੇ ਮਜ਼ਬੂਤ ਕੰਧਾਂ ਚੁੱਪ ਜਿਹੀਆਂ ਹੋ ਗਈਆਂ ਸਨ। ਸਾਡੇ ਘਰ ਦੇ ਵਿਹੜੇ ਨੇ ਜ਼ੁਬਾਨ ਬੰਦ ਕਰ ਲਈ ਸੀ। ਵਿਹੜੇ 'ਚ ਪਏ ਗਮਲਿਆਂ 'ਚ ਲੱਗੇ ਬੂਟਿਆਂ ਨੇ ਡਾਲੀਆਂ ਉੱਚੀਆਂ ਕਰ ਲਈਆਂ ਸਨ ਤੇ ਡਾਲੀਆਂ ਨੂੰ ਲੱਗੇ ਫੁੱਲ ਕੁਮਲਾਉਣ ਲੱਗੇ ਸਨ। ਸਾਡੇ ਬਰਾਂਡਿਆਂ ਵਿੱਚ ਹੁਣ ਚਿੜੀਆਂ ਨੇ ਆਲ੍ਹਣੇ ਪਾਉਣੇ ਛੱਡ ਦਿੱਤੇ ਸਨ। ਘਰ ਦੀ ਰਸੋਈ ਵਿਚੋਂ ਹਮੇਸ਼ਾ ਉੱਠਦੀ ਰਹੀ ਦੁੱਧ ਤੇ ਮੱਖਣ ਦੀ ਮਹਿਕ ਗੁਆਚ ਗਈ ਸੀ। ਜਿਹੜੀ ਗੈਲਰੀ ਹਮੇਸ਼ਾ



ਮੇਰੇ ਕਾਰਨ ਚਹਿਕਦੀ ਰਹਿੰਦੀ ਸੀ, ਉਹ ਵੀ ਮੇਰੇ ਤੁਰਨ ਸਮੇਂ ਰੋਣਹਾਕੀ ਹੋ ਗਈ ਸੀ ਤੇ ਮੇਰੇ ਅੱਗੇ ਆ ਕੇ ਖੜ ਗਈ ਸੀ ਤੇ ਬੋਲੀ ਕਿ ਭਲਿਆਂ ਮਾਣਸਾ, ਮੈਨੂੰ ਕੀਹਦੇ ਆਸਰੇ ਛੱਡ ਕੇ ਚੱਲਿਐਂ ? ਮੇਰੀ ਬੈਠਕ ਵਿੱਚ ਕਿੱਲੀਆਂ 'ਤੇ ਟੰਗੇ ਪਏ ਮੇਰੇ ਆਪਣੇ ਕੱਪੜੇ ਵੀ ਅਣਜਾਣ ਜਿਹੇ ਹੀ ਤਾਂ ਹੋ ਗਏ ਸਨ। ਜਿਹੜੇ ਘਰ ਵਿੱਚ ਮੇਰਾ ਬਚਪਣ ਤੇ ਅੱਲ੍ਹੜ ਉਮਰ ਅਤੇ ਚੜ੍ਹਦੀ ਜਵਾਨੀ ਬੀਤੇ ਸਨ, ਉਸ ਘਰ ਵਿਚੋਂ ਬਾਹਰ ਵੱਲ ਨੂੰ ਪੈਰ ਪੁੱਟਣਾ ਮੈਨੂੰ ਬਹੁਤ ਔਖਾ ਹੋ ਗਿਆ ਸੀ। ਉਸ ਸਮੇਂ ਮੇਰੀਆਂ ਅਧਮੀਟੀਆਂ ਅੱਖਾਂ ਵਿੱਚ ਅਰਸ਼ ਵਰਗੇ ਸੁਪਨਿਆਂ ਦੀ ਰੌਸ਼ਨੀ ਵੀ ਸੀ ਤੇ ਸੱਤ ਸਮੁੰਦਰ ਪਾਰ ਜਾ ਕੇ ਆਪਣੀ ਨਵੀਂ ਦੁਨੀਆਂ ਵਸਾਉਣ ਦਾ ਚਾਅ ਵੀ ਸੀ। ਇਸ ਦੇ ਬਾਵਜੂਦ ਦਿਲ ਨੂੰ ਇੱਕ ਖੋਹ ਜਿਹੀ ਪੈ ਰਹੀ ਸੀ। ਕਦੇ ਸੋਚਿਆ ਨਹੀਂ ਸੀ ਕਿ ਇਸ ਘਰ ਵਿੱਚ ਹੁਣ ਕਦੇ ਪਰਤ ਕੇ ਨਹੀਂ ਆਵਾਂਗਾ ਤੇ ਸਮਾਂ ਆਉਣ 'ਤੇ ਇਸ ਘਰ ਦਾ ਵਜੂਦ ਹੀ ਧਰਤੀ ਤੋਂ ਗਾਇਬ ਹੋ ਜਾਵੇਗਾ। ਘਰ ਵਿਚੋਂ ਤੁਰਨ ਲੱਗਿਆਂ ਮੇਰੇ ਮਾਪੇ ਚੁੱਪ ਜਿਹੇ ਖੜੇ ਸਨ, ਉਹਨਾਂ ਦੇ ਚਾਵਾਂ ਨੂੰ ਡੋਬ ਜਿਹੇ ਪੈ ਰਹੇ ਸਨ, ਉਹਨਾਂ ਦਾ ਇਕਲੌਤਾ ਤੇ ਲਾਡਲਾ ਪੁੱਤ ਹੁਣ ਬਿਗਾਨੜੇ ਦੇਸ਼ ਜੋ ਚੱਲਿਆ ਸੀ। ਕਈ ਸਾਲ ਪਰਦੇਸ ਵਿੱਚ ਲਗਾ ਕੇ ਪਰਦੇਸ ਤੋਂ ਵਾਪਸ ਆ ਕੇ ਚੰਡੀਗੜ੍ਹ ਮੇਰੀ ਕਰਮ ਭੂਮੀ ਬਣ ਗਿਆ ਤੇ ਬਰਨਾਲੇ ਵਾਲਾ ਆਲੀਸ਼ਾਨ ਘਰ ਸਾਨੂੰ ਮਜਬੂਰੀ ਵਿੱਚ ਵੇਚਣਾ ਪਿਆ, ਜਿਸ ਕਰਕੇ ਬਰਨਾਲੇ ਨਾਲੋਂ ਸੰਪਰਕ ਟੁੱਟ ਗਿਆ। ਹੁਣ ਜੇ ਬਰਨਾਲੇ ਜਾਂਦੇ ਵੀ ਤਾਂ ਕੀਹਦੇ ਘਰੇ ਜਾਂਦੇ ਕਿਉਂਕਿ ਆਪਣਾ ਘਰ




ਤਾਂ ਉਥੇ ਹੁਣ ਹੈ ਹੀ ਨਹੀਂ ਸੀ। ਪਿਛਲੇ ਦਿਨੀਂ ਕਈ ਸਾਲਾਂ ਬਾਅਦ ਬਰਨਾਲਾ ਜਾਣ ਦਾ ਮੌਕਾ ਮਿਲਿਆ ਤਾਂ ਬਰਨਾਲਾ ਮੈਨੂੰ ਪਹਿਲਾਂ ਨਾਲੋਂ ਬਹੁਤ ਬਦਲਿਆ ਲੱਗਿਆ। ਬਰਨਾਲੇ ਦੀਆਂ ਵੱਡੀ ਗਿਣਤੀ ਗਲੀਆਂ ਵਿੱਚ ਪੁਰਾਣੇ ਘਰਾਂ ਦੀ ਥਾਂ ਨਵੀਆਂ ਕੋਠੀਆਂ ਬਣ ਗਈਆਂ ਸਨ ਅਤੇ ਵੱਡੀ ਗਿਣਤੀ ਕੋਠੀਆਂ ਵਿੱਚ ਨਵੇਂ ਲੋਕ ਆ ਕੇ ਰਹਿਣ ਲੱਗ ਪਏ ਸਨ। ਹੁਣ ਸਵੇਰ ਵੇਲੇ ਕਿਸੇ ਘਰ ਦੇ ਵਿਹੜੇ ਵਿੱਚ ਲੱਗੀ ਨਿੰਮ 'ਤੇ ਬੈਠੀ ਕੋਇਲ ਅੰਮ੍ਰਿਤ ਵੇਲੇ ਆਪਣੀ ਮਿੱਠੀ ਮਿੱਠੀ ਆਵਾਜ਼ ਵਿੱਚ ਨਹੀਂ ਸੀ ਬੋਲਦੀ ਕਿਉਂਕਿ ਵਿਹੜੇ ਵਿਚੋਂ ਨਿੰਮ ਵੱਢ ਕੇ ਘਰ ਪੂਰਾ ਛੱਤ ਲਿਆ ਗਿਆ ਸੀ ਤੇ ਕੋਇਲ ਵੀ ਕਿਧਰੇ ਦੂਰ ਉੱਡ ਗਈ ਸੀ। ਹਰ ਗਲੀ ਮੁਹੱਲੇ ਵਿੱਚ ਹੀ ਵਾਹਨਾਂ ਦੀ ਘੜਮੱਸ ਤੇ ਹਾਰਨਾਂ ਦੀ ਚਿਲ ਪੌਂ ਸੁਣਾਈ ਦੇ ਰਹੀ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਸ਼ਾਂਤੀ ਕਿਧਰੇ ਗਾਇਬ ਹੋ ਗਈ ਹੋਵੇ। ਹਰ ਕੋਈ ਕਿਸੇ ਕਾਹਲ ਜਿਹੀ ਵਿੱਚ ਦਿਖਾਈ ਦਿੰਦਾ ਸੀ। ਲੋਕਾਂ ਵਿੱਚ ਪਹਿਲਾਂ ਵਾਲਾ ਮੋਹ ਪਿਆਰ ਵੀ ਨਹੀਂ ਸੀ ਰਿਹਾ। ਜਿਹੜੀ ਗਲੀ ਮੁਹੱਲੇ ਵਿੱਚ ਖੇਡ ਕੇ ਵੱਡਾ ਹੋਇਆ ਸੀ ਤਾਂ ਉਸ ਗਲੀ ਮੁਹੱਲੇ ਵਿੱਚ ਆਪਣਾ ਜੱਦੀ ਘਰ ਨਾ ਵੇਖ ਕੇ ਦਿਲ ਜਰੂਰ ਉਦਾਸ ਹੋਇਆ। ਉਸ ਘਰ ਦੀ ਥਾਂ ਨਵੇਂ ਮਾਲਕ ਦੀ ਨਵੀਂ ਕੋਠੀ ਬਣ ਗਈ ਸੀ। ਉਸ ਗਲੀ ਮੁਹੱਲੇ ਦੇ ਵੱਡੀ ਗਿਣਤੀ ਪੁਰਾਣੇ ਲੋਕ ਕਿਧਰੇ ਹੋਰ ਚਲੇ ਜਾਣ ਅਤੇ ਨਵੇਂ ਲੋਕਾਂ ਦੇ ਆ ਕੇ ਵੱਸ ਜਾਣ ਕਰਕੇ ਮੈਨੂੰ ਕਿਸੇ ਨੇ ਵੀ ਨਾ ਪਛਾਣਿਆ। ਜਿਸ ਕਰਕੇ ਆਪਣੇ ਜੱਦੀ ਗਲੀ ਮੁਹੱਲੇ ਵਿੱਚ ਹੀ ਮੈਂ ਓਪਰਾਪਣ ਜਿਹਾ ਮਹਿਸੂਸ ਕੀਤਾ।

ਬਰਨਾਲੇ ਦੇ ਖੁੱਲ੍ਹੇ ਤੇ ਚੌੜੇ ਬਾਜ਼ਾਰਾਂ ਵਿੱਚ ਪਹਿਲਾਂ ਵਾਂਗ ਹੀ ਭੀੜ ਭੜੱਕਾ ਨਜ਼ਰ ਆਇਆ ਅਤੇ ਬਾਜ਼ਾਰਾਂ ਵਿੱਚ ਮੌਜੂਦ ਲੋਕ ਪਹਿਲਾਂ ਵਾਂਗ ਹੀ ਸ਼ੁੱਧ ਮਲਵਈ ਬੋਲੀ ਬੋਲਦੇ ਨਜ਼ਰ ਆਏ। ਮੈਨੂੰ ਮੇਰੇ ਬਚਪਣ ਦੇ ਕੁਝ ਦੋਸਤ ਜ਼ਰੂਰ ਖੁਸ਼ ਹੋ ਕੇ ਮਿਲੇ, ਜੋ ਕਿ ਹੁਣ ਵੱਡੇ ਦੁਕਾਨਦਾਰ ਬਣ ਗਏ ਹਨ ਅਤੇ ਬਰਨਾਲੇ ਦੇ ਸਦਰ ਬਾਜ਼ਾਰ ਤੇ ਫਰਵਾਹੀ ਬਾਜ਼ਾਰ ਵਿੱਚ ਵੱਡੀਆਂ ਦੁਕਾਨਾਂ ਖੋਲੀ ਬੈਠੇ ਹਨ। ਪੁਰਾਣੇ ਦੋਸਤਾਂ ਦਾ ਮੋਹ ਪਿਆਰ ਵੇਖ ਕੇ ਮਹਿਸੂਸ ਹੋਇਆ ਕਿ ਸ਼ਾਇਦ ਮੈਂ ਬਰਨਾਲੇ ਲਈ ਅਜੇ ਓਪਰਾ ਨਹੀਂ ਹੋਇਆ। ਬਰਨਾਲੇ ਦੇ ਆਲ਼ੇ ਦੁਆਲ਼ੇ ਜਿੱਥੇ ਕਦੇ ਖੇਤ ਹੁੰਦੇ ਸਨ, ਜਿਹਨਾਂ ਵਿੱਚ ਲਹਿਲਹਾਉਂਦੀਆਂ ਫਸਲਾਂ ਤੇ ਵਗਦੀ ਤਾਜ਼ੀ ਹਵਾ ਵੇਖਣ ਤੇ ਮਹਿਸੂਸ ਕਰਨ ਲਈ ਅਕਸਰ ਹੀ ਮੈਂ ਤੇ ਮੇਰੇ ਦੋਸਤ ਜਾਂਦੇ ਸਾਂ, ਉਥੇ ਹੁਣ ਨਵੀਂਆਂ ਰਿਹਾਇਸ਼ੀ ਕਾਲੋਨੀਆਂ ਬਣ ਗਈਆਂ ਸਨ ਤੇ ਬਰਨਾਲੇ ਦੇ ਆਲ਼ੇ-ਦੁਆਲ਼ੇ ਦੇ ਪਿੰਡ ਸੰਘੇੜਾ, ਹੰਢਾਇਆ, ਸੇਖਾ ਹੁਣ ਬਰਨਾਲੇ ਦਾ ਹਿੱਸਾ ਹੀ ਬਣਦੇ ਜਾਪੇ। ਬਰਨਾਲਾ ਆਪਣੇ ਆਲ਼ੇ ਦੁਆਲ਼ੇ ਦੇ ਪਿੰਡਾਂ ਵੱਲ ਬਹੁਤ ਫੈਲ ਗਿਆ ਹੈ ਅਤੇ ਪੇਂਡੂ ਇਲਾਕਿਆਂ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ। ਬਰਨਾਲੇ ਵਿੱਚ ਹੋਰ ਵੀ ਬਹੁਤ ਕੁਝ ਬਦਲਿਆ ਲੱਗਿਆ।

ਬਰਨਾਲਾ ਨੂੰ ਸਾਹਿਤਕਾਰਾਂ ਦਾ ਗੜ੍ਹ ਕਿਹਾ ਜਾਂਦਾ ਹੈ। ਸ਼ਾਇਦ ਇਸੇ ਕਰਕੇ ਹੀ ਮੇਰਾ ਵੀ ਲਿਖਣ ਵੱਲ ਰੁਝਾਨ ਪੈਦਾ ਹੋ ਗਿਆ ਤੇ ਮੈਂ ਬਚਪਣ ਵਿੱਚ ਹੀ ਲੇਖਕ ਬਣ ਗਿਆ। ਸ਼ਾਇਦ ਇਸੇ ਕਾਰਨ ਜਨਮ ਭੂਮੀ ਬਰਨਾਲਾ ਦੀ ਫੇਰੀ ਦੇ ਜਜ਼ਬਾਤ ਕਲਮ ਰਾਹੀਂ ਕਾਗਜ਼ 'ਤੇ ਹੰਝੂਆਂ ਵਾਂਗ ਵਹਿ ਤੁਰੇ। ਸਾਰਾ ਸ਼ਹਿਰ ਵੀ ਭਾਵੇਂ ਮੇਰਾ ਆਪਣਾ ਸੀ ਪਰ ਫੇਰ ਵੀ ਇਹ ਸ਼ਹਿਰ ਮੈਨੂੰ ਓਪਰਾ ਜਿਹਾ ਹੀ ਲੱਗਿਆ ਤੇ ਵਾਪਸ ਪਰਤਣ ਲਈ ਕਾਰ ਵਿੱਚ ਬੈਠਣ ਲੱਗਿਆ ਮੇਰੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ "ਯਾਰ, ਮੇਰਾ ਬਰਨਾਲਾ ਹੁਣ ਪਹਿਲਾਂ ਵਰਗਾ ਨਹੀਂ ਰਿਹਾ।"








# ਕੌਣ ਹੈ ਸੰਭਲ ਜ਼ਿਲ੍ਹੇ 'ਚ ਮੁਸਲਮਾਨ- ਹਿੰਦੂ ਟਕਰਾਅ ਬਣਾਉਣ ਪਿੱਛੇ ?

## ਸੰਭਲ ਹਿੰਸਾ ਦੌਰਾਨ ਸੰਸਦ ਮੈਂਬਰ ਤੇ ਵਿਧਾਇਕ ਦੇ ਪੁੱਤਰ ਸਮੇਤ 2,750 ਅਣਪਛਾਤੇ ਨਾਮਜ਼ਦ

## ਹਿੰਦੂ-ਮੁਸਲਿਮ ਭਾਈਚਾਰੇ ਵਿੱਚ ਵੰਡੀਆਂ ਪਾ ਰਹੀ ਹੈ ਭਾਜਪਾ: ਰਾਹੁਲ ਗਾਂਧੀ ਤੇ ਵਿਰੋਧੀ ਪਾਰਟੀਆਂ



ਬੀਤੇ ਦਿਨ ਸ਼ਾਹੀ ਜਾਮਾ ਮਸਜਿਦ ਦੇ ਸਰਵੇਖਣ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਝੜਪ ਹੋ ਗਈ ਸੀ। ਇਸ ਝੜਪ ਵਿੱਚ 4 ਮੁਸਲਮਾਨ ਮਾਰੇ ਗਏ ਸਨ। ਸੁਰੱਖਿਆ ਕਰਮਚਾਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਕਈ ਹੋਰ ਜ਼ਖਮੀ ਹੋਏ ਸਨ। ਪੁਲਿਸ ਅਨੁਸਾਰ ਇਸ ਮਾਮਲੇ ਵਿੱਚ ਹੁਣ ਤੱਕ 25 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਤੇ ਹਿੰਸਾ ਵਿੱਚ ਸ਼ਾਮਿਲ ਹੋਰਨਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉੱਤਰ ਪ੍ਰਦੇਸ਼ ਪੁਲਿਸ ਨੇ ਇਥੇ ਸੰਭਲ ਜ਼ਿਲ੍ਹੇ ਵਿੱਚ ਮੁਗਲ ਦੌਰ ਦੀ ਇੱਕ ਮਸਜਿਦ ਦੇ ਸਰਵੇਖਣ ਦੌਰਾਨ ਹੋਈ ਹਿੰਸਾ ਦੇ ਸੰਬੰਧ ਵਿਚ 7 ਐਫ.ਆਈ.ਆਰ. ਦਰਜ ਕੀਤੀਆਂ ਹਨ। ਇਸ ਵਿੱਚ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਜ਼ਿਆ-ਉਰ-ਰਹਿਮਾਨ ਬਰਕ ਤੇ ਸਥਾਨਕ ਸਪਾ ਵਿਧਾਇਕ ਇਕਬਾਲ ਮਹਿਮੂਦ ਦੇ ਪੁੱਤਰ ਸੋਹੇਲ ਇਕਬਾਲ ਸਮੇਤ 2,750 ਹੋਰ ਅਣਪਛਾਤਿਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੁਲਿਸ ਸੁਪਰਡੈਂਟ ਕ੍ਰਿਸ਼ਨ ਕੁਮਾਰ ਨੇ ਕਿਹਾ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਪਹਿਲਾਂ ਹੀ ਮਨਾਹੀ ਦੇ ਹੁਕਮ ਲਾਗੂ ਕਰ ਦਿੱਤੇ ਹਨ ਤੇ 30 ਨਵੰਬਰ ਤੱਕ ਸੰਭਲ ਵਿੱਚ ਬਾਹਰੀ ਲੋਕਾਂ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਹੈ। ਜ਼ਿਲ੍ਹੇ ਵਿੱਚ ਇੰਟਰਨੈੱਟ ਸੇਵਾਵਾਂ ਮੁਅੱਤਲ ਹਨ।

ਦੂਜੇ ਪਾਸੇ ਮਸਜਿਦ ਦੀ ਪ੍ਰਬੰਧਨ ਕਮੇਟੀ ਨੇ ਬੀਤੇ ਐਤਵਾਰ ਨੂੰ ਮਸਜਿਦ ਵਿੱਚ ਸਰਵੇ ਦੌਰਾਨ ਭੜਕੀ ਹਿੰਸਾ ਲਈ ਸਥਾਨਕ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਮਸਜਿਦ ਦੀ ਖੁਦਾਈ ਦੀ ਅਫ਼ਵਾਹ ਫੈਲਣ ਨਾਲ ਭੀੜ ਭੜਕੀ ਸੀ। ਪ੍ਰੈੱਸ ਕਾਨਫ਼ਰੰਸ ਤੋਂ ਬਾਅਦ ਪੁਲਿਸ ਨੇ ਸ਼ਾਹੀ ਜਾਮਾ ਮਸਜਿਦ ਦੇ ਪ੍ਰਬੰਧ ਕਮੇਟੀ ਦੇ ਪ੍ਰਧਾਨ ਜ਼ਫ਼ਰ ਅਲੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਉਨ੍ਹਾਂ ਨੇ ਹਿੰਸਾ ਦੇ ਮਾਮਲੇ ਵਿੱਚ ਸਥਾਨਕ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਾਏ ਸਨ। ਉਨ੍ਹਾਂ ਕਿਹਾ, "ਮਸਜਿਦ ਦਾ ਮੁੜ ਸਰਵੇਖਣ ਅਦਾਲਤ ਦੇ ਹੁਕਮ 'ਤੇ ਨਹੀਂ ਬਲਕਿ ਜ਼ਿਲ੍ਹਾ ਅਧਿਕਾਰੀ ਦੇ ਹੁਕਮ 'ਤੇ ਹੋਇਆ। ਇਹ ਸਰਵੇ ਗ਼ੈਰਕਾਨੂੰਨੀ ਤਰੀਕੇ ਨਾਲ ਹੋਇਆ ਸੀ।"

### ਵਿਰੋਧੀ ਧਿਰ ਵੱਲੋਂ ਭਾਜਪਾ ਦੀ ਨਿੰਦਾ

ਸੰਭਲ ਵਿੱਚ ਜਾਮਾ ਮਸਜਿਦ ਦੇ ਸਰਵੇਖਣ ਨੂੰ ਲੈ ਕੇ ਹੋਈ ਹਿੰਸਾ ਲਈ ਵਿਰੋਧੀ ਧਿਰ ਨੇ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਦੋਸ਼ ਲਾਇਆ ਹੈ ਕਿ ਭਾਜਪਾ ਸਰਕਾਰ ਨੇ ਜ਼ਿਮਨੀ ਚੋਣਾਂ ਵਿੱਚ ਵੋਟਾਂ ਦੀ ਲੁੱਟ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਸੰਭਲ ਵਿੱਚ ਹੰਗਾਮਾ ਕਰਵਾਇਆ ਸੀ। ਉਨ੍ਹਾਂ ਨੇ ਸਵਾਲ ਕੀਤਾ ਕਿ ਇੱਕ ਵਾਰ ਮਸਜਿਦ ਦਾ ਸਰਵੇ ਹੋ ਚੁੱਕਾ ਸੀ ਤਾਂ ਦੁਬਾਰਾ ਇਸ ਦੀ ਕੀ ਲੋੜ ਸੀ ? ਸੰਭਲ ਵਿੱਚ ਹੋਏ ਹੰਗਾਮੇ ਨੂੰ ਲੈ ਕੇ ਉਸ ਨੇ ਸਰਕਾਰ ਤੇ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਵੀਡੀਓ ਪੋਸਟ ਕਰ ਕੇ ਸੁਪਰੀਮ ਕੋਰਟ ਤੋਂ ਮਾਮਲੇ ਦਾ ਨੋਟਿਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਜਿਨ੍ਹਾਂ ਭਾਜਪਾ ਪੱਖੀ ਲੋਕਾਂ ਨੇ ਮੌਕੇ 'ਤੇ ਹੀ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਦੇ ਉਦੇਸ਼ ਨਾਲ ਨਾਅਰੇਬਾਜ਼ੀ ਕਰਨ ਵਾਲੇ ਲੋਕਾਂ ਨੂੰ ਨਾਲ ਲੈ ਕੇ ਗਏ ਸਨ, ਉਨ੍ਹਾਂ ਵਿਰੁੱਧ ਅਮਨ-ਸ਼ਾਂਤੀ ਨੂੰ ਭੰਗ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਜਾਵੇ। ਇਸ ਦੇ ਨਾਲ ਹੀ ਬਾਰ ਐਸੋਸੀਏਸ਼ਨ ਵੀ ਅਨੁਸ਼ਾਸਨੀ ਕਾਰਵਾਈ ਕਰਨੀ ਬਸਪਾ ਪ੍ਰਧਾਨ ਮਾਇਆਵਤੀ ਨੇ ਸੰਭਲ ਵਿੱਚ ਹੋਏ ਹੰਗਾਮੇ 'ਤੇ ਕਿਹਾ ਕਿ ਸਰਵੇ ਦੌਰਾਨ ਜੋ ਹੋਇਆ ਉਸ ਲਈ ਸਰਕਾਰ ਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਭਾਜਪਾ ਹਿੰਦੂ-ਮੁਸਲਿਮ ਭਾਈਚਾਰੇ 'ਚ ਵੰਡੀਆਂ ਪਾਉਣ ਲਈ ਤਾਕਤ ਦੀ ਵਰਤੋਂ ਕਰ ਰਹੀ ਹੈ। ਮੈਂ ਸੁਪਰੀਮ ਕੋਰਟ ਨੂੰ ਅਪੀਲ ਕਰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਮਾਮਲੇ 'ਚ ਦਖਲ ਦੇ ਕੇ ਇਨਸਾਫ ਯਕੀਨੀ ਬਣਾਏ।' ਇਸੇ ਤਰ੍ਹਾਂ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਐਕਸ 'ਤੇ ਲਿਖਿਆ, 'ਸੰਭਲ ਵਿੱਚ ਅਚਾਨਕ ਹੋਈ ਹਿੰਸਾ ਪ੍ਰਤੀ ਸੂਬਾ ਸਰਕਾਰ ਦਾ ਰਵੱਈਆ ਬਹੁਤ ਹੀ ਨਿਰਾਸ਼ਾ ਭਰਿਆ ਸੀ।' ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਮਸਲੇ ਦਾ ਨੋਟਿਸ ਲੈਣਾ ਚਾਹੀਦਾ ਹੈ। ਇਸੇ ਦੌਰਾਨ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਦੋਸ਼ ਲਾਇਆ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਸੰਭਲ 'ਚ ਦੰਗੇ ਕਰਵਾਏ ਹਨ ਅਤੇ ਉਨ੍ਹਾਂ ਮੰਗ ਕੀਤੀ ਕਿ ਮੌਤਾਂ ਲਈ ਜ਼ਿੰਮੇਵਾਰ ਪੁਲਿਸ ਤੇ ਪ੍ਰਸ਼ਾਸਨ ਦੇ ਲੋਕਾਂ ਨੂੰ ਮੁਅੱਤਲ ਕੀਤਾ ਜਾਵੇ ਤੇ ਉਨ੍ਹਾਂ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕੀਤਾ ਜਾਵੇ।

ਕਾਂਗਰਸ ਦੇ ਸੂਬਾ ਪ੍ਰਧਾਨ ਅਜੈ ਰਾਏ ਨੇ ਸੰਭਲ ਕਾਂਡ 'ਤੇ ਕਿਹਾ ਕਿ ਭਾਜਪਾ ਨਫ਼ਰਤ ਦੀ ਰਾਜਨੀਤੀ ਫੈਲਾ ਰਹੀ ਹੈ। ਜਦੋਂ ਸੂਬੇ ਦੇ ਮੁੱਖ ਮੰਤਰੀ ਖੁਦ ਹੀ ਬਟੇਂਗੇ ਤਾਂ ਕਟੇਂਗੇ ਅਜਿਹੇ ਬਿਆਨ ਦੇ ਰਹੇ ਹਨ ਤਾਂ ਫਿਰ ਸੂਬੇ ਵਿੱਚ ਸ਼ਾਂਤੀ ਦਾ ਮਾਹੌਲ ਕਿਵੇਂ ਰਹਿ ਸਕਦਾ ਹੈ, ਇਹ ਪੂਰੀ ਤਰੀਕੇ ਨਾਲ ਯੋਜਨਾਬੱਧ ਘਟਨਾ ਹੈ।

### ਯੂ.ਪੀ. ਸਰਕਾਰ ਦਾ ਪੱਖ

ਭਾਜਪਾ ਆਗੂ ਬ੍ਰਜੇਸ਼ ਪਾਠਕ ਉਪ ਮੁੱਖ ਮੰਤਰੀ ਨੇ ਸੰਭਲ ਕਾਂਡ ਦੇ ਸੰਦਰਭ ਵਿੱਚ ਸਮਾਜਵਾਦੀ ਪਾਰਟੀ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਉਸ ਦਾ ਨਿਆਂਪਾਲਿਕਾ 'ਤੇ ਕੋਈ ਭਰੋਸਾ ਨਹੀਂ ਹੈ। ਉਸ ਨੇ ਦੱਸਿਆ ਕਿ ਅਦਾਲਤ ਦੇ ਹੁਕਮਾਂ 'ਤੇ ਏ.ਐਸ.ਆਈ ਦੀ ਟੀਮ ਮਸਜਿਦ ਵਿੱਚ ਸਰਵੇ ਕਰਨ ਗਈ ਸੀ। ਸਪਾ ਨੂੰ ਨਾ ਤਾਂ ਚੋਣ ਕਮਿਸ਼ਨ ਤੇ ਨਾ ਹੀ ਸੰਵਿਧਾਨਕ ਸੰਸਥਾਵਾਂ 'ਤੇ ਭਰੋਸਾ ਹੈ।

ਉਚੇਰੀ ਸਿੱਖਿਆ ਮੰਤਰੀ ਯੋਗੇਂਦਰ ਉਪਾਧਿਆਏ ਨੇ ਕਿਹਾ ਕਿ ਅਦਾਲਤੀ ਹੁਕਮ ਨਾ ਮੰਨਣਾ ਅਪਰਾਧ ਹੈ। ਸੰਭਲ ਵਿੱਚ ਪਥਰਾਅ ਦੀ ਘਟਨਾ ਦੀ ਨਿੰਦਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਯੋਗੀ ਸਰਕਾਰ ਦੇ ਕਾਰਜਕਾਲ ਵਿੱਚ ਸਾਰਿਆਂ ਨੂੰ ਕਾਨੂੰਨ ਵਿਵਸਥਾ ਦੀ ਪਾਲਣਾ ਕਰਨੀ ਪਵੇਗੀ।


### ਕੌਣ ਜ਼ਿੰਮੇਵਾਰ ?

ਯੂ.ਪੀ. ਅਸੰਬਲੀ ਦੀਆਂ ਜ਼ਿਮਨੀ ਚੋਣਾਂ 'ਚ 9 ਵਿੱਚੋਂ 7 ਸੀਟਾਂ 'ਤੇ ਭਾਜਪਾ ਦੀ ਜਿੱਤ ਦਾ ਬੀਤੇ ਐਤਵਾਰ ਸੰਭਲ ਕਸਬੇ ਦੀ ਹਿੰਸਾ, ਜਿਸ ਵਿੱਚ ਪੰਜ ਮੁਸਲਮ ਨੌਜਵਾਨਾਂ ਦੀ ਮੌਤ ਹੋ ਗਈ, ਨਾਲ ਕੀ ਰਿਸ਼ਤਾ ਹੋ ਸਕਦਾ ਹੈ ? ਚੋਣਾਂ ਦੌਰਾਨ ਪੁਲਿਸ ਤੇ ਪ੍ਰਸ਼ਾਸਨ ਦੀ ਭੂਮਿਕਾ ਅਤੇ ਸੰਭਲ ਦੀ ਜਾਮਾ ਮਸਜਿਦ ਦੇ ਸਰਵੇਖਣ ਦੇ ਅਦਾਲਤੀ ਹੁਕਮ ਤੇ ਸਰਵੇਖਣ ਦੌਰਾਨ ਹੋਈ ਹਿੰਸਾ ਵਿੱਚ ਪੁਲਿਸ ਦੇ ਰਵੱਈਏ ਨੂੰ ਦੇਖੀਏ ਤਾਂ ਇਸ ਹਿੰਸਕ ਕਾਂਡ ਨੂੰ ਸਮਝਿਆ ਜਾ ਸਕਦਾ ਹੈ। ਸੰਭਲ ਦੇ ਨਾਲ ਲੱਗਦੀ ਮੁਸਲਮ ਬਹੁਗਿਣਤੀ ਵਾਲੀ ਕੁੰਦਰਕੀ ਸੀਟ ਭਾਜਪਾ ਭਾਰੀ ਬਹੁਮਤ ਨਾਲ ਜਿੱਤੀ ਹੈ। ਪੋਲਿੰਗ ਵਾਲੇ ਦਿਨ ਚੱਲੇ ਵੀਡੀਓਜ਼ ਵਿੱਚ ਪੁਲਿਸ ਮੁਸਲਮ ਵੋਟਰਾਂ ਨੂੰ ਬੂਥ ਤੱਕ ਜਾਣ ਤੋਂ ਰੋਕਦੀ, ਵੋਟਰ ਪਰਚੀਆਂ ਖੋਂਹਦੀ ਤੇ ਗੋਲੀ ਚਲਾਉਣ ਦੀ ਧਮਕੀ ਦਿੰਦੀ ਨਜ਼ਰ ਆਈ। ਸੰਭਲ ਦੀ ਜਾਮਾ ਮਸਜਿਦ ਤੋਂ ਪਹਿਲਾਂ ਉੱਥੇ ਕੀ ਸੀ ? ਇਸ ਨੂੰ ਜਾਨਣ ਲਈ ਇਕ ਪੁਜਾਰੀ ਵੱਲੋਂ 19 ਨਵੰਬਰ ਨੂੰ ਲਾਈ ਗਈ ਅਰਜ਼ੀ ਦੇ ਤਿੰਨ ਘੰਟਿਆਂ ਦੇ ਵਿੱਚ-ਵਿੱਚ ਸਿਵਲ ਜੱਜ (ਸੀਨੀਅਰ ਡਵੀਜ਼ਨ) ਆਦਿੱਤਿਆ ਸਿੰਘ ਨੇ ਮਸਜਿਦ ਦੇ ਸਰਵੇਖਣ ਦਾ ਆਦੇਸ਼ ਦੇ ਦਿੱਤਾ ਤੇ ਇਸ ਲਈ ਐਡਵੋਕੇਟ ਕਮਿਸ਼ਨਰ ਦੀ ਨਿਯੁਕਤੀ ਵੀ ਕਰ ਦਿੱਤੀ। ਨਾਲ ਹੀ 29 ਨਵੰਬਰ ਨੂੰ ਰਿਪੋਰਟ ਦਾਖਲ ਕਰਨ ਲਈ ਕਹਿ ਦਿੱਤਾ। ਅਦਾਲਤ ਨੇ ਮਸਜਿਦ ਕਮੇਟੀ ਨੂੰ ਨੋਟਿਸ ਜਾਰੀ ਕਰਕੇ ਉਸ ਦਾ ਪੱਖ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ। ਕੀ ਸਿਵਲ ਜੱਜ ਸਥਿਤੀ ਜਿਉਂ ਦੀ ਤਿਉਂ ਰੱਖਣ ਵਾਲੇ ਕਾਨੂੰਨ ਤੋਂ ਨਾਵਾਕਫ ਹਨ ? ਪਰ ਉਹ ਕਹਿ ਸਕਦੇ ਹਨ ਕਿ ਸੁਪਰੀਮ ਕੋਰਟ ਨੇ ਗਿਆਨਵਾਪੀ ਮਸਜਿਦ ਦੇ ਸਰਵੇਖਣ ਨੂੰ ਵਾਜਬ ਮੰਨਿਆ ਤਾਂ ਉਨ੍ਹਾਂ ਸੰਭਲ ਦੀ ਮਸਜਿਦ ਦੇ ਸਰਵੇਖਣ ਦਾ ਆਦੇਸ਼ ਦੇ ਕੀ ਗਲਤ ਕੀਤਾ ? ਅਦਾਲਤ ਦਾ ਆਦੇਸ਼ ਲੋਕਾਂ ਤੱਕ ਪੁੱਜਾ ਹੀ ਨਹੀਂ ਸੀ ਕਿ ਟੀਮ ਉਸੇ ਦਿਨ ਸਰਵੇਖਣ ਕਰਨ ਪੁੱਜ ਗਈ। ਸਥਾਨਕ ਮੁਸਲਮਾਨਾਂ ਵੱਲੋਂ ਇਸ 'ਤੇ ਪ੍ਰਤੀਕਿਰਿਆ ਹੋਣੀ ਸੰਭਵ ਸੀ, ਪਰ ਸਾਂਸਦ ਨੇ ਲੋਕਾਂ ਨੂੰ ਸ਼ਾਂਤ ਕਰਕੇ ਸਰਵੇਖਣ ਕਰਨ ਵਿੱਚ ਪੁਲਸ ਤੇ ਪ੍ਰਸ਼ਾਸਨ ਦੀ ਮਦਦ ਕੀਤੀ। ਫਿਰ ਅਚਾਨਕ 24 ਨਵੰਬਰ ਦੀ ਸਵੇਰ ਸਰਵੇਖਣ ਟੀਮ ਦੁਬਾਰਾ ਪੁੱਜ ਗਈ। ਟੀਮ ਦੇ ਨਾਲ ਲੋਕ ਜੈ ਸ੍ਰੀ ਰਾਮ ਦੇ ਨਾਅਰੇ ਵੀ ਲਾ ਰਹੇ ਸਨ। ਕੀ ਇਹ ਦੂਜੀ ਧਿਰ ਨੂੰ ਉਕਸਾਉਣ ਲਈ ਕਾਫੀ ਨਹੀਂ ਸੀ ? ਪ੍ਰਸ਼ਾਸਨ ਤੇ ਪੁਲਿਸ ਨੂੰ ਵੀ ਪਤਾ ਹੋਣਾ ਚਾਹੀਦਾ ਸੀ ਕਿ ਇਨ੍ਹਾਂ ਹਾਲਤਾਂ ਵਿੱਚ ਲੋਕ ਭੜਕ ਸਕਦੇ ਹਨ। ਹਿੰਸਾ ਦੇ ਬਾਅਦ ਇੱਕ ਅਧਿਕਾਰੀ ਨੇ ਕਿਹਾ ਕਿ ਹਿੰਸਾ ਗਿਣ-ਮਿੱਥ ਕੇ ਕੀਤੀ ਗਈ, ਪਰ ਜਦ ਸਰਵੇਖਣ ਟੀਮ ਅਚਾਨਕ ਬਿਨਾਂ ਦੱਸੇ ਪੁੱਜੀ ਤਾਂ ਹਿੰਸਾ ਗਿਣ-ਮਿੱਥ ਕੇ ਕਿਵੇਂ ਹੋ ਸਕਦੀ ਹੈ ?

ਹੁਣ ਪੁਲਿਸ ਨੇ ਸਪਾ ਸਾਂਸਦ ਜ਼ਿਆ-ਉਰ-ਰਹਿਮਾਨ ਬਰਕ ਤੇ ਵਿਧਾਇਕ ਨਵਾਬ ਇਕਬਾਲ ਮਹਿਮੂਦ ਦੇ ਬੇਟੇ ਸੁਹੇਲ ਇਕਬਾਲ ਸਣੇ ਛੇ ਲੋਕਾਂ ਦੇ ਨਾਂਅ ਲੈ ਕੇ ਤੇ 2750 ਹੋਰਨਾਂ ਖ਼ਿਲਾਫ਼ ਐੱਫ ਆਈ ਆਰ ਦਰਜ ਕਰ ਲਈ ਹੈ। ਏਨੇ ਲੋਕਾਂ ਖਿਲਾਫ ਐੱਫ ਆਈ ਆਰ ਬਲਦੀ 'ਤੇ ਤੇਲ ਪਾਉਣ ਦਾ ਹੀ ਕੰਮ ਕਰੇਗੀ।

ਧਰਮ ਸਥਾਨ (ਵਿਸ਼ੇਸ਼ ਮੱਦਾਂ) ਐਕਟ 1991 ਕਹਿੰਦਾ ਹੈ ਕਿ 15 ਅਗਸਤ 1947 ਤੱਕ ਮੌਜੂਦ ਧਰਮ ਸਥਾਨਾਂ ਦੀ ਸ਼ਕਲ ਨਹੀਂ ਬਦਲੀ ਜਾਵੇਗੀ, ਪਰ ਅਯੁੱਧਿਆ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੇ ਉਸ ਤੋਂ ਬਾਅਦ ਗਿਆਨਵਾਪੀ ਦੇ ਸਰਵੇਖਣ 'ਤੇ ਇਤਰਾਜ਼ ਨਾ ਕਰਨ ਤੋਂ ਬਾਅਦ ਆਏ ਦਿਨ ਅਦਾਲਤਾਂ ਵਿੱਚ ਅਰਜ਼ੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਫਲਾਂ ਮਸਜਿਦ ਤੋਂ ਪਹਿਲਾਂ ਉੱਥੇ ਮੰਦਰ ਹੁੰਦਾ ਸੀ ਤੇ ਅਦਾਲਤਾਂ ਵੀ ਸਰਵੇਖਣ ਦੇ ਆਦੇਸ਼ ਸੁਣਾਈ ਜਾ ਰਹੀਆਂ ਹਨ। ਪੁਲਿਸ ਤੇ ਪ੍ਰਸ਼ਾਸਨ ਵੀ ਇਨ੍ਹਾਂ ਮਾਮਲਿਆਂ ਵਿੱਚ ਨਿਰਪੱਖ ਨਜ਼ਰ ਨਹੀਂ ਆ ਰਹੇ। ਭਾਜਪਾ ਦੀ ਜਿੱਤ ਦਾ ਨੌਕਰਸ਼ਾਹੀ, ਪੁਲਿਸ ਤੇ ਅਦਾਲਤ ਦੇ ਰੁਖ 'ਤੇ ਕੀ ਅਸਰ ਹੋਇਆ, ਇਹ ਸੰਭਲ ਦੀ ਘਟਨਾ ਦੱਸ ਰਹੀ ਹੈ।

# ਪੰਚਬਟੀ ਸੰਦੇਸ਼ ਦਾ 'ਗਿਆਨੀ ਕਿਰਪਾਲ ਸਿੰਘ ਵਿਸ਼ੇਸ਼ ਅੰਕ' ਰਿਲੀਜ਼






ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵੱਲੋਂ 'ਪੰਚਬਟੀ ਸੰਦੇਸ਼' ਦਾ ਅਪ੍ਰੈਲ-ਅਕਤੂਬਰ ਅੰਕ ਰਿਲੀਜ਼ ਕੀਤਾ ਗਿਆ। ਗਿਆਨੀ ਕਿਰਪਾਲ ਸਿੰਘ ਨਾਲ ਸੰਬੰਧਿਤ ਇਹ ਵਿਸ਼ੇਸ਼ ਅੰਕ ਇਹਨਾਂ ਦੇ ਜੀਵਨ, ਸਾਹਿਤਕ ਯੋਗਦਾਨ ਅਤੇ ਪੰਥਕ ਸੇਵਾਵਾਂ ਪ੍ਰਤੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹਨਾਂ ਦਾ ਸਮੁੱਚਾ ਜੀਵਨ ਸਿੱਖ ਪੰਥ ਦੀ ਸੇਵਾ ਅਤੇ ਸਿੱਖ ਧਰਮ ਗ੍ਰੰਥਾਂ ਦੇ ਅਧਿਐਨ ਪ੍ਰਤੀ ਸਮਰਪਿਤ ਰਿਹਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਡੀਨ ਅਕਾਦਮਿਕ ਮਾਮਲੇ ਡਾ. ਨਰਿੰਦਰ ਕੌਰ ਨੇ ਗਿਆਨੀ ਕਿਰਪਾਲ ਸਿੰਘ ਸੰਬੰਧੀ ਇਹ ਵਿਸ਼ੇਸ਼ ਅੰਕ ਰਿਲੀਜ਼ ਕਰਦੇ ਹੋਏ ਕਿਹਾ ਕਿ ਇਹ ਅੰਕ ਸਿੱਖ ਧਰਮ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ। ਕੇਂਦਰ ਦੇ ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਨੇ ਦੱਸਿਆ ਕਿ ਡਾ. ਕੁਲਵਿੰਦਰ ਸਿੰਘ ਦੇਹਰਾਦੂਨ ਦੇ ਸਹਿਯੋਗ ਨਾਲ ਇਹ ਅੰਕ ਤਿਆਰ ਕੀਤਾ ਗਿਆ ਹੈ। ਗਿਆਨੀ ਜੀ ਵੱਲੋਂ ਤਿਆਰ ਕੀਤੀ ਗਈ ਸਵੈ-ਜੀਵਨੀ ਨਾਲ ਸੰਬੰਧਿਤ ਮਹੱਤਵਪੂਰਨ ਅੰਸ਼ ਇਸ ਅੰਕ ਵਿੱਚ ਸ਼ਾਮਲ ਕੀਤੇ ਗਏ ਹਨ। ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਦੇ ਘਟਨਾਕ੍ਰਮ ਦੌਰਾਨ ਗਿਆਨੀ ਕਿਰਪਾਲ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਇਸ ਸਮੇਂ ਸਮੂਹ ਸਿੱਖ ਆਗੂ ਜੇਲ੍ਹਾਂ ਵਿੱਚ ਬੰਦ ਸਨ ਅਤੇ ਇਹਨਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ- ਗ੍ਰੰਥੀ ਗਿਆਨੀ ਸਾਹਿਬ ਸਿੰਘ ਜੀ ਦੇ ਸਹਿਯੋਗ ਨਾਲ ਪੰਥ ਦੀ ਅਗਵਾਈ ਕੀਤੀ ਸੀ। ਗਿਆਨੀ ਸਾਹਿਬ ਸਿੰਘ ਜੀ ਦੀ ਵਿਸ਼ੇਸ਼ ਇੰਟਰਵਿਊ ਕਰਕੇ ਇਸ ਅੰਕ ਵਿੱਚ ਛਾਪੀ ਗਈ ਹੈ ਜਿਸ ਵਿਚੋਂ ਸਿੱਖ ਪੰਥ ਨਾਲ ਸੰਬੰਧਿਤ ਮਹੱਤਵਪੂਨ ਮਸਲਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗਿਆਨੀ ਕਿਰਪਾਲ ਸਿੰਘ ਜੀ ਪੰਥਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸਾਰਾ ਜੀਵਨ ਸਿੱਖ ਅਧਿਐਨ ਨਾਲ ਜੁੜੇ ਰਹੇ ਅਤੇ ਉਹਨਾਂ ਨੇ ਆਪਣੇ ਜੀਵਨ ਵਿੱਚ ਇਹ ਮਹੱਤਵਪੂਰਨ ਅਕਾਦਮਿਕ ਕਾਰਜ ਕੀਤੇ ਸਨ - ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ, ਅੱਖੀਂ ਡਿੱਠਾ ਸਾਕਾ ਨੀਲਾ ਤਾਰਾ, ਜੀਵਨ ਬਾਬਾ ਗੁਰਬਖ਼ਸ਼ ਸਿੰਘ ਸ਼ਹੀਦ, ਸਿੱਖ ਮੱਤ ਦਰਸ਼ਨ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਆਦਰਸ਼ਕ ਜੀਵਨ, ਤਿੰਨ ਰੰਗ, ਗਯਾਨੀ ਗਯਾਨ ਸਿੰਘ ਰਚਿਤ ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਸੰਪਾਦਨਾ, ਸਮ ਅਰਥ ਕੋਸ਼, ਸ੍ਰੀ ਅੰਮ੍ਰਿਤਸਰ ਮਹਿਮਾ ਕੋਸ਼ ਆਦਿ। ਇਸ ਮੌਕੇ ਸਿੱਖ ਧਰਮ ਵਿਸ਼ਵਕੋਸ਼ ਦੇ ਸਾਬਕਾ ਮੁੱਖ-ਸੰਪਾਦਕ ਡਾ. ਧਰਮ ਸਿੰਘ, ਸਿੱਖ ਵਿਸ਼ਵਕੋਸ਼ ਵਿਭਾਗ ਦੀ ਮੁਖੀ ਡਾ. ਜਸਪ੍ਰੀਤ ਕੌਰ ਸੰਧੂ, ਡਾ. ਮੁਹੰਮਦ ਇਦਰੀਸ, ਡਾ. ਕਸ਼ਮੀਰ ਸਿੰਘ, ਸ. ਗੁਰਮੇਲ ਸਿੰਘ, ਮੁਕੇਸ਼ ਕੁਮਾਰ ਆਦਿ ਹਾਜ਼ਰ ਸਨ।

-ਡਾ. ਪਰਮਵੀਰ ਸਿੰਘ

# ਫ਼ਸਲੀ ਵਿਭਿੰਨਤਾ ਨੂੰ ਅਮਲੀ ਰੂਪ ਕਿਵੇਂ ਦਿੱਤਾ ਜਾਵੇ ?

ਭਗਵਾਨ ਦਾਸ

ਅੱਜ ਪੰਜਾਬ ਦੀ ਖੇਤੀ ਦੋ ਗੰਭੀਰ ਸਮੱਸਿਆਵਾਂ ਨਾਲ ਘਿਰੀ ਹੋਈ ਹੈ। ਫ਼ਸਲੀ-ਵਿਭਿੰਨਤਾ ਜੋ ਅਤਿ ਲੋੜੀਂਦੀ ਹੈ, ਉਸ ’ਚ ਪਿਛਲੇ 25 ਸਾਲਾਂ ਤੋਂ ਕੀਤੇ ਜਾ ਰਹੇ ਉਪਰਾਲਿਆਂ ਦੇ ਬਾਵਜੂਦ ਕੋਈ ਸਫ਼ਲਤਾ ਨਹੀਂ ਮਿਲ ਰਹੀ। ਰਸਾਇਣਕ ਖਾਦਾਂ ਦੀ ਵਰਤੋਂ ਦਿਨੋ-ਦਿਨ ਵਧ ਰਹੀ ਹੈ ਅਤੇ ਯੂਰੀਏ ਦਾ ਇਸਤੇਮਾਲ ਕਣਕ, ਝੋਨੇ ’ਤੇ ਬੇਤਹਾਸ਼ਾ ਹੋ ਰਿਹਾ ਹੈ।

ਪਿਛਲੇ ਹਫ਼ਤੇ ਪੰਜਾਬ ਖੇਤੀ ਯੂਨੀਵਰਸਿਟੀ (ਪੀ.ਏ.ਯੂ.) ਵਿਖੇ ਇੱਕ ਅੰਤਰਰਾਸ਼ਟਰੀ ਕਾਨਫਰੰਸ ’ਚ ਬੋਲਦਿਆਂ ਮੁੱਖ ਮੰਤਰੀ ਨੇ ਫ਼ਸਲੀ-ਵਿਭਿੰਨਤਾ ਲਿਆਉਣ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਫ਼ਸਲੀ-ਵਿਭਿੰਨਤਾ ਲਿਆਉਣ ਦੀ ਜ਼ਿੰਮੇਵਾਰੀ ਵਿਗਿਆਨੀਆਂ ’ਤੇ ਹੈ। ਖੇਤੀ ਖੋਜਕਾਰ ਕਿਸਾਨਾਂ ਨੂੰ ਕੋਈ ਅਜਿਹੇ ਝੋਨੇ, ਕਣਕ ਦੇ ਬਦਲ ਨਹੀਂ ਦੇ ਸਕੇ, ਜੋ ਇਸ ਫ਼ਸਲੀ-ਚੱਕਰ ਦੀ ਤਰ੍ਹਾਂ ਆਸਾਨ ਹੋਣ ਤੋਂ ਇਲਾਵਾ ਵੱਧ ਤੋਂ ਵੱਧ ਮੁਨਾਫ਼ਾ ਦੇ ਸਕਣ। ਖੋਜ ’ਚ ਤੇਜ਼ੀ ਲਿਆਉਣ ਦੀ ਲੋੜ ਹੈ। ਪੰਜਾਬ ਸਰਕਾਰ ਅਤੇ ਪੀ.ਏ.ਯੂ. ਵਲੋਂ ਲੰਮੇ ਸਮੇਂ ਤੋਂ ਝੋਨਾ-ਕਣਕ ਦੇ ਫ਼ਸਲੀ-ਚੱਕਰ ’ਚ ਤਬਦੀਲੀ ਲਿਆ ਕੇ ਇਸ ਥੱਲੇ ਰਕਬਾ ਘਟਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਪਰ ਕਣਕ ਦੀ ਕਾਸ਼ਤ ਥੱਲ੍ਹੇ ਰਕਬਾ ਵਧ ਕੇ 36 ਲੱਖ ਹੈਕਟੇਅਰ ਨੂੰ ਛੂਹ ਗਿਆ ਅਤੇ ਝੋਨੇ ਦੀ ਕਾਸ਼ਤ 32 ਲੱਖ ਹੈਕਟੇਅਰ ’ਤੇ ਹੋਣ ਲੱਗੀ ਹੈ। ਕਣਕ ਦੀ ਕਾਸ਼ਤ ਘਟਾਉਣ ਲਈ ਬਦਲ ਲੱਭਣਾ ਭਾਵੇਂ ਦਰਕਾਰ ਨਹੀਂ, ਕਿਉਂਕਿ ਇਸ ਦੀ ਪਾਣੀ ਦੀ ਲੋੜ ਘੱਟ ਹੈ ਅਤੇ ਅੰਨ ਸੁੱਰਖਿਆ ਲਈ ਵੀ ਇਸ ਦੀ ਜ਼ਰੂਰਤ ਹੈ। ਝੋਨਾ ਸਭ ਦੂਜੀਆਂ ਫ਼ਸਲਾਂ ਨਾਲੋਂ ਵੱਧ ਸਿੰਜਾਈ ਮੰਗਦਾ ਹੈ। ਇਸੇ ਸਦੀ ਦੇ ਪਿਛਲੇ ਦਹਾਕੇ ’ਚ ਪੰਜਾਬ ਸਰਕਾਰ ਨੇ ਝੋਨੇ ਦੀ ਕਾਸ਼ਤ ਥੱਲਿਓਂ 12 ਲੱਖ ਹੈਕਟੇਅਰ ਰਕਬਾ ਕੱਢ ਕੇ ਦੂਜੀਆਂ ਫ਼ਸਲਾਂ ਜਿਨ੍ਹਾਂ ’ਚ ਮੱਕੀ, ਬਾਸਮਤੀ, ਦਾਲਾਂ, ਤੇਲ ਬੀਜ ਫ਼ਸਲਾਂ, ਗੰਨਾ, ਫੱਲ-ਫੁੱਲ ਅਤੇ ਸਬਜ਼ੀਆਂ ਦੀ ਕਾਸ਼ਤ ਥੱਲੇ ਰਕਬਾ ਵਧਾ ਕੇ ਫਸਲੀ-ਵਿਭਿੰਨਤਾ ਲਿਆਉਣ ਦੀ ਯੋਜਨਾ ਬਣਾਈ ਸੀ। ਅਹਿਮੀਅਤ ਮੱਕੀ, ਸਬਜ਼ੀਆਂ, ਬਾਗ਼ਬਾਨੀ ਅਤੇ ਫ਼ਲਾਂ ਦੀ ਖੇਤੀ ਨੂੰ ਦਿੱਤੀ ਗਈ। ਭਾਵੇਂ ਪਿਛਲੇ ਕੁਝ ਸਾਲਾਂ ਤੋਂ ਬਾਸਮਤੀ ਕਿਸਮਾਂ ਦੀ ਕਾਸ਼ਤ ਥੱਲੇ ਰਕਬਾ ਵਧਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਹੋਰ ਦੂਜੀਆਂ ਫ਼ਸਲਾਂ ਦਾ ਰਕਬਾ ਵਧਾਉਣ ਦੀ ਕੋਈ ਖ਼ਾਸ ਗੁੰਜਾਇਸ਼ ਨਹੀਂ। ਗੰਨੇ ਦੀ ਕਾਸ਼ਤ ਥੱਲੇ ਕੇਵਲ ਥੋੜ੍ਹਾ ਜਿਹਾ ਰਕਬਾ ਵਧ ਸਕਦਾ ਹੈ। ਮੱਕੀ ਦੀ ਕਾਸ਼ਤ ’ਤੇ ਬਹੁਤਾ ਜ਼ੋਰ ਦਿੱਤਾ ਗਿਆ। ਇਸ ’ਚ ਵੀ ਮਾਮੂਲੀ ਜਿਹੀ ਸਫ਼ਲਤਾ ਮਿਲੀ। ਨਾ-ਮਾਤਰ ਹੀ ਰਕਬਾ ਵਧਿਆ। ਮੱਕੀ ਦੀ ਪਾਣੀ ਦੀ ਲੋੜ ਵੀ ਝੋਨੇ ਦੀ ਲੋੜ ਨੂੰ ਛੂੰਹਦੀ ਹੈ। ਫਿਰ ਕਿਸਾਨਾਂ ਨੂੰ ਮੰਡੀ ’ਚ ਵੀ ਮੱਕੀ ਦਾ ਭਾਅ ਵਾਜਬ ਨਹੀਂ ਮਿਲਿਆ। ਭਾਵੇਂ ਕਈ ਸਾਲ ਬਾਅਦ ਇਸ ਪੱਖੋਂ ਹੁਣ ਕੁਝ ਸੁਧਾਰ ਆਇਆ ਹੈ। ਸਬਜ਼ੀਆਂ ਦੀ ਕਾਸ਼ਤ ਥੱਲੇ ਵੀ ਬਹੁਤਾ ਰਕਬਾ ਨਹੀਂ ਵਧ ਰਿਹਾ। ਕਿਸਾਨਾਂ ਨੂੰ ਜੋ ਖਪਤਕਾਰ ਭਾਅ ਦਿੰਦੇ ਹਨ, ਉਸ ਦਾ ਬੜਾ ਘੱਟ ਹਿੱਸਾ ਮਿਲਦਾ ਹੈ। ਵਿਚੋਲੇ ਹੀ ਮੁਨਾਫ਼ਾ ਖਾ ਜਾਂਦੇ ਹਨ। ਆਲੂਆਂ ਦੀ ਕਾਸ਼ਤ ਥੱਲੇ ਸਬਜ਼ੀਆਂ ਦੀ ਕਾਸ਼ਤ ਥੱਲੇ ਦੇ ਕੁੱਲ ਰਕਬੇ ’ਚੋਂ ਅੱਧਾ ਕੁ ਰਕਬਾ ਹੈ। ਭਾਵੇਂ ਇਸ ਦੀ ਕੀਮਤ ’ਚ ਵੀ ਉਤਰਾਅ-ਚੜ੍ਹਾਅ ਆਉਂਦੇ ਹਨ, ਜੋ ਕਿਸਾਨਾਂ ਲਈ ਕਦੇ ਲਾਭਦਾਇਕ ਅਤੇ ਕਦੇ ਨੁਕਸਾਨ ਵਾਲੇ ਸਾਬਿਤ ਹੁੰਦੇ ਹਨ। ਫ਼ਲਾਂ ਦੀ ਕਾਸ਼ਤ ਥੱਲੇ ਐਵੇਂ ਨਾ-ਮਾਤਰ ਰਕਬਾ ਵਧਿਆ ਹੈ। ਕੋਲਡ ਸਟੋਰਾਂ ਦੀਆਂ ਸਹੂਲਤਾਂ ਅਤੇ ਯੋਗ



ਮੰਡੀਕਰਨ ਦਾ ਪ੍ਰਬੰਧ ਨਾ ਹੋਣ ਕਾਰਨ ਫ਼ਲਾਂ ’ਚ ਠੇਕੇਦਾਰੀ ਸਿਸਟਮ ਪ੍ਰਧਾਨ ਹੈ। ਪਿਛਲੇ ਸਾਲ ਕਿਨੂੰਆਂ ਅਤੇ ਅੰਬਾਂ ਦੇ ਉਤਪਾਦਕਾਂ ਨੂੰ ਵਿਸ਼ੇਸ਼ ਕਰਕੇ ਬੜਾ ਘੱਟ ਠੇਕਾ ਮਿਲਿਆ, ਜਿਸ ਕਾਰਨ ਨਵਾਂ ਰਕਬਾ ਇਨ੍ਹਾਂ ਦੀ ਕਾਸ਼ਤ ਥੱਲੇ ਲਿਆਉਣ ਲਈ ਉਨ੍ਹਾਂ ’ਚ ਉਤਸੁਕਤਾ ਦਿਖਾਈ ਨਹੀਂ ਦਿੱਤੀ। ਕੁਝ ਸਾਲ ਪਹਿਲਾਂ ਸਹਿਕਾਰੀ ਸਭਾਵਾਂ ਜਾਂ ਸਰਕਾਰੀ ਏਜੰਸੀਆਂ ਰਾਹੀਂ ਕਿਸਾਨਾਂ ਦੁਆਰਾ ਸਬਜ਼ੀਆਂ ਦੀ ਪੈਦਾਵਾਰ ਦਿਵਾਉਣ ਸੰਬੰਧੀ ਅਤੇ ਮੰਡੀਕਰਨ ਲਈ ਯੋਜਨਾ ਬਣਾਈ ਗਈ ਸੀ, ਜੋ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਜਿਹੇ ਸ਼ਹਿਰਾਂ ਦੇ ਆਲੇ-ਦੁਆਲੇ ਕਲੱਸਟਰ ਬਣਾ ਕੇ ਸਬਜ਼ੀਆਂ ਦੀ ਕਾਸ਼ਤ ਕਰਨ ਲਈ ਕੇਂਦਰ ਵਲੋਂ ਦਿੱਤੀ ਗਈ ਮਾਲੀ ਸਹਾਇਤਾ ਨਾਲ ਚਲਾਈ ਜਾਣੀ ਸੀ। ਇਸ ਯੋਜਨਾ ’ਚ ਵੀ ਜੋ ਕਿਸਾਨਾਂ ਦੇ ਸੰਗਠਨ ਬਣਾ ਕੇ ਕੇਂਦਰ ਸਥਾਪਿਤ ਕਰਨ ਦਾ ਪਲਾਨ ਸੀ, ਉਸ ’ਚ ਵੀ ਕਿਸਾਨਾਂ ਤੇ ਸਰਕਾਰ ਨੇ ਕੋਈ ਉਤਸ਼ਾਹ ਨਹੀਂ ਵਿਖਾਇਆ। ਨਤੀਜੇ ਵਜੋਂ ਇਹ ਯੋਜਨਾ ਵੀ ਲਗਭਗ ਫੇਲ੍ਹ ਹੋ ਗਈ ਅਤੇ ਸਬਜ਼ੀਆਂ ਦੀ ਕਾਸ਼ਤ ਰਕਬੇ ’ਚ ਕੋਈ ਨੁਮਾਇਆ ਵਾਧਾ ਨਾ ਹੋ ਸਕਿਆ। ਪਿੱਛੇ ਕੁਝ ਸਮਾਂ ਹੋਇਆ ਪੰਜਾਬ ਸਰਕਾਰ ਨੇ ਫੁੱਲਾਂ ਦੀ ਕਾਸ਼ਤ ਵਧਾਉਣ ਦੀ ਯੋਜਨਾ ਵੀ ਉਲੀਕੀ ਸੀ, ਪਰ ਅਮਲੀ ਤੌਰ ’ਤੇ ਇਸ ’ਚ ਕੋਈ ਸਫ਼ਲਤਾ ਨਹੀਂ ਮਿਲੀ। ਫ਼ਲਾਂ ਦੇ ਮੰਡੀਕਰਨ ਦਾ ਕੋਈ ਪ੍ਰਬੰਧ ਨਹੀਂ। ਫੁੱਲਾਂ ਦੀ ਮੰਡੀ ਚੰਡੀਗੜ੍ਹ ਵਿਖੇ ਬਣਾ ਕੇ ਜੋ ਯੋਜਨਾ ਚਾਲੂ ਕੀਤੀ ਗਈ ਸੀ, ਥੋੜ੍ਹੇ ਸਮੇਂ ਬਾਅਦ ਹੀ ਬੰਦ ਹੋ ਗਈ।

ਪਿੱਛੇ ਜਿਹੇ ਜੋ ਕਿਸਾਨਾਂ ਨੂੰ ਬਾਸਮਤੀ ਦੇ ਲਾਹੇਵੰਦ ਭਾਅ ਮਿਲੇ, ਉਸ ਕਾਰਨ ਬਾਸਮਤੀ ਦੀ ਕਾਸ਼ਤ ਥੱਲੇ ਰਕਬੇ ’ਚ ਜ਼ਰੂਰ ਵਾਧਾ ਹੋਇਆ। ਜੋ ਵਧ ਕੇ 6-7 ਲੱਖ ਹੈਕਟੇਅਰ ’ਤੇ ਪਹੁੰਚ ਗਿਆ। ਇਸ ਸਾਲ ਜੋ ਮੰਡੀ ’ਚ ਬਾਸਮਤੀ ਦੀਆਂ ਕਿਸਮਾਂ ਦੇ ਭਾਅ ’ਚ ਗਿਰਾਵਟ ਆਈ, ਉਸ ਨਾਲ ਅਗਲੇ ਸਾਲ ਕਿਸਾਨਾਂ ’ਚ ਇਸ ਫ਼ਸਲ ਦੀ ਕਾਸ਼ਤ ਲਈ ਬਹੁਤਾ ਉਤਸ਼ਾਹ ਬਣੇ ਰਹਿਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਝੋਨੇ ਦੀ ਸਰਕਾਰੀ ਖ਼ਰੀਦ ’ਚ ਬਹੁਤੇ ਕਿਸਾਨਾਂ ਨੂੰ ਪੂਰੀ ਐੱਮ.ਐੱਸ.ਪੀ. ਨਾ ਮਿਲਣ ਅਤੇ ਇਸ ਦੀ ਸਰਕਾਰੀ ਖਰੀਦ ’ਚ ਬੜੀਆਂ ਮੁਸ਼ਕਿਲਾਂ ਅਤੇ ਕਠਿਨਾਈਆਂ ਆਉਣ ਕਾਰਨ ਕਿਸਾਨ ਝੋਨੇ ਦੀ ਬਜਾਏ ਬਾਸਮਤੀ ਦੀ ਕਾਸ਼ਤ ਕਰਨ ਲਈ ਜ਼ਰੂਰ ਵਿਚਾਰ ਕਰਨਗੇ। ਕਿਸਾਨ ਆਗੂਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਸਰਕਾਰੀ ਖਰੀਦ ਸੰਬੰਧੀ ਕਿਸਾਨਾਂ ਨੂੰ ਮੁਸ਼ਕਿਲਾਂ ਨਾ ਆਉਣ ਇਸ ਲਈ ਕੋਈ ਨੀਤੀ ਘੜੀ ਜਾਵੇਗੀ। ਫ਼ਸਲੀ-ਵਿਭਿੰਨਤਾ ਦੀ ਸਫ਼ਲਤਾ ਲਈ ਕੋਈ ਯਕੀਨੀ ਕਿਰਨ ਨਜ਼ਰ ਨਹੀਂ ਆਉਂਦੀ। ਸੁਆਲ ਪੈਦਾ ਹੁੰਦਾ ਹੈ ਕਿ, ਕੀ ਸਰਕਾਰ ਤੇ ਹੋਰ ਸੰਬੰਧਿਤ ਸੰਸਥਾਵਾਂ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾ ਕੇ ਫ਼ਸਲੀ-ਵਿਭਿੰਨਤਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੰਭੀਰ ਹਨ?

ਰਸਾਇਣਕ ਖਾਦਾਂ ਦੀ ਖਪਤ ਹਰ ਸਾਲ ਵਧ ਰਹੀ ਹੈ। ਖਪਤ 242 ਕਿੱਲੋਗ੍ਰਾਮ ਤੋਂ ਟੱਪ ਗਈ ਹੈ। ਕਣਕ ਦੀ ਕਾਸ਼ਤ ’ਚ ਪ੍ਰਤੀ ਏਕੜ ਪੀ.ਏ.ਯੂ. ਵੱਲੋਂ 55 ਕਿੱਲੋ ਡਾਇਅਮੋਨੀਅਮ ਫਾਸਫੇਟ (ਡੀ.ਏ.ਪੀ.) ਅਤੇ 110 ਕਿੱਲੋ ਯੂਰੀਆ ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ, ਪ੍ਰੰਤੂ ਕਿਸਾਨ 200 ਕਿੱਲੋ ਪ੍ਰਤੀ ਏਕੜ ਤੋਂ ਵੱਧ ਯੂਰੀਆ ਅਤੇ 100 ਕਿੱਲੋ ਪ੍ਰਤੀ ਏਕੜ ਤੋਂ ਵੱਧ ਡੀ.ਏ.ਪੀ. ਪਾਈ ਜਾ ਰਹੇ ਹਨ। ਡੀ.ਏ.ਪੀ. ਦੀ ਖਪਤ ਵਧਣ ਅਤੇ ਪੂਰੀ ਸਪਲਾਈ ਨਾ ਮਿਲਣ ਕਾਰਨ ਇਸ ਸਾਲ ਡੀ.ਏ.ਪੀ. ਦੀ ਕਮੀ ਦੀ ਗੰਭੀਰ ਸਮੱਸਿਆ ਹੋ ਗਈ ਹੈ। ਹਾੜ੍ਹੀ ਦੀਆਂ ਫ਼ਸਲਾਂ ਲਈ 5.50 ਲੱਖ ਟਨ ਡੀ.ਏ.ਪੀ. ਲੋੜੀਂਦਾ ਹੈ ਪਰ ਅਜੇ ਤੱਕ ਪੰਜਾਬ @ਚ 3.35 ਲੱਖ ਟਨ ਡੀ.ਏ.ਪੀ. ਹੀ ਪਹੁੰਚਿਆ ਹੈ। ਮੰਗ 5.50 ਲੱਖ ਟਨ ਤੋਂ ਵੀ ਵੱਧ ਦੀ ਹੋਵੇਗੀ। ਇਸੇ ਤਰ੍ਹਾਂ ਝੋਨੇ ’ਚ ਪੀ.ਏ.ਯੂ. ਵਲੋਂ ਪ੍ਰਤੀ ਏਕੜ 90 ਕਿੱਲੋ ਯੂਰੀਆ ਅਤੇ 27 ਕਿੱਲੋ ਡੀ.ਏ.ਪੀ. ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ ਪਰ ਕਿਸਾਨ ਇਸ ਨਾਲੋਂ ਕਿਤੇ ਵੱਧ ਪਾਈ ਜਾ ਰਹੇ ਹਨ।

ਯੂਰੀਆ ਤਾਂ ਬਹੁਤ ਕਿਸਾਨ 200 ਕਿੱਲੋ ਪ੍ਰਤੀ ਏਕੜ ਤੱਕ ਪਾਉਣ ਲੱਗ ਪਏ ਹਨ। ਵੱਧ ਨਾਈਟਰੋਜਨ ਪਾਉਣ ਨਾਲ ਫ਼ਸਲਾਂ ਨੂੰ ਬਿਮਾਰੀਆਂ ਲਗਦੀਆਂ ਹਨ, ਜਿਸ ਉਪਰੰਤ ਕੀਟਨਾਸ਼ਕਾਂ ਦਾ ਪ੍ਰਯੋਗ ਵਧਦਾ ਹੈ।

ਸਬਜ਼-ਇਨਕਲਾਬ ਤੋਂ ਪਹਿਲਾਂ ਫ਼ਸਲਾਂ ਲਈ ਖੁਰਾਕੀ ਤੱਤ ਕੇਵਲ ਰੂੜੀ ਖਾਦ ਰਾਹੀਂ ਮੁਹੱਈਆ ਕੀਤੇ ਜਾਂਦੇ ਸਨ। ਹਰ ਪਿੰਡ ਦੇ ਬਾਹਰ ਰੂੜੀ ਸੰਭਾਲਣ ਲਈ ਸਾਂਝੀ ਜਗ੍ਹਾ ਹੁੰਦੀ ਸੀ। ਵਧੇਰੇ ਝਾੜ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਆਉਣ ਨਾਲ ਖੁਰਾਕੀ ਤੱਤਾਂ ਦੀ ਲੋੜ ਵਧ ਗਈ। ਫਿਰ ਨਿਰੰਤਰ ਵਧ ਰਹੀ ਆਬਾਦੀ ਲਈ ਅਤੇ ਕੇਂਦਰੀ ਅੰਨ ਸੁਰੱਖਿਆ ਪ੍ਰੋਗਰਾਮ ਲਈ ਅਨਾਜ ਦੀ ਵੱਧ ਪੈਦਾਵਾਰ ਕਰਨ ਦੀ ਲੋੜ ਵੀ ਸੀ।

ਰੂੜੀ ਖਾਦ ਦੀ ਵਰਤੋਂ ਤੇਜ਼ੀ ਨਾਲ ਘਟਦੇ-ਘਟਦੇ ਗ਼ਾਇਬ ਹੋ ਗਈ। ਫ਼ਸਲੀ-ਘਣਤਾ ਵਧਣ ਨਾਲ ਰਸਾਇਣਕ ਖਾਦਾਂ ਦੀ ਹੋਰ ਵੀ ਵੱਧ ਵਰਤੋਂ ਸ਼ੁਰੂ ਹੋਈ। ਬਾਇਓ ਖਾਦਾਂ, ਬਲਿਊ ਗ੍ਰੀਨ ਐਲਗੀ (ਨੀਲ-ਰਹਿਤ ਕਾਈ) ਅਤੇ ਵਰਮੀ ਕੰਪੋਸਟ ਜਿਹੇ ਗ਼ੈਰ-ਰਸਾਇਣਕ ਖਾਦ ਉਪਲੱਬਧ ਨਹੀਂ ਹਨ।

ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਗੋਹੇ ਤੋਂ ਵਰਮੀ ਕੰਪੋਸਟ ਬਣਾ ਕੇ ਵੀ ਵਰਤ ਸਕਦੇ ਹਨ ਪਰ ਅੱਜਕੱਲ੍ਹ ਦੀ ਖੇਤੀ ’ਚ ਅਜਿਹੀ ਵਰਤੋਂ ਦਾ ਬੜਾ ਸੀਮਤ ਸਕੋਪ ਹੈ। ਲੋੜ ਹੈ, ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਦੀ ਅਤੇ ਇਸ ਸੰਬੰਧੀ ਮਾਹਿਰਾਂ ਦੀਆਂ ਸਿਫਾਰਸ਼ਾਂ ਮੰਨਣ ਦੀ।



# ਕਾਲ਼ੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ . . .



## ਪੰਜਾਬੀ ਸੱਭਿਆਚਾਰ 'ਚ ਵਾਲਾਂ ਦਾ ਪ੍ਰਮੁੱਖ ਗਹਿਣਾ ਹੈ ਪਰਾਂਦਾ

ਗੁਰਮੀਤ ਸਿੰਘ ਵੇਰਕਾ

ਪਰਾਂਦੀ, ਪਰਾਂਦਾ ਪੰਜਾਬੀ ਸੱਭਿਆਚਾਰ ਵਿੱਚ ਵਾਲਾਂ ਦਾ ਇੱਕ ਪ੍ਰਮੁੱਖ ਗਹਿਣਾ ਹੈ। ਜਿਸ ਨੂੰ ਮੁੱਢ ਤੋਂ ਹੀ ਪੰਜਾਬੀ ਔਰਤਾਂ ਆਪਣੇ ਵਾਲਾਂ ਦੀ ਗੁੱਤ ਬਣਾ ਕੇ ਉਸ ਵਿੱਚ ਗੁੰਦਦੀਆਂ ਹਨ ਅਤੇ ਪਹਿਨਦੀਆਂ ਹਨ। ਇਸ ਨੂੰ ਪੰਜਾਬੀ ਵਿੱਚ ਪਰਾਂਦਾ ਤੇ ਡੋਰੀ ਵੀ ਕਿਹਾ ਜਾਂਦਾ ਹੈ। ਪਰਾਂਦੇ ਜਾਂ ਪਰਾਂਦੀ ਨੂੰ ਪੰਜਾਬੀ ਸੱਭਿਆਚਾਰ ਦੇ ਪਛਾਣ ਚਿੰਨ ਵਜੋਂ ਵੀ ਲਿਆ ਜਾਂਦਾ ਹੈ। ਪਰਾਂਦੀ 'ਤੇ ਗੀਤ ਵੀ ਗਾਏ ਜਾਂਦੇ ਹਨ। ਜਿਸ ਤੋਂ ਸੱਭਿਆਚਾਰ 'ਚ ਇਸ ਦੀ ਮਹੱਤਤਾ ਉਜਾਗਰ ਹੁੰਦੀ ਹੈ।

ਕਾਲਾ ਡੋਰੀਆ ਕੁੰਡੇ ਨਾਲ
ਅੜਿਆ ਵੇ,
ਛੋਟਾ ਦੇਵਰਾ ਭਾਬੀ ਨਾਲ
ਲੜਿਆ ਉਏ,
ਛੋਟੇ ਦੇਵਰਾ ਤੇਰੀ ਦੂਰ ਬਲਾਈਂ ਉਏ,
ਨਾ ਸੁਣ ਸੋਹਣਿਆ ਤੇਰੀ ਇੱਕ ਭਰਜਾਈ ਉਏ।
*
ਕਾਲੇ ਰੰਗ ਦੀ ਪਰਾਂਦੀ ਸਾਡੇ ਸੱਜਣਾ ਲਿਆਂਦੀ ,
ਨੀ ਮੈ ਚੁੰਮ ਚੁੰਮ ਰੱਖਦੀ ਫਿਰਾਂ,
ਕਿ ਭੱਬਾਂ ਭਾਰ ਨੱਚਦੀ ਫਿਰਾਂ।

### ਵਾਲਾਂ ਦਾ ਸ਼ਿੰਗਾਰ

ਵਾਲਾਂ ਨੂੰ ਲੁਕਾ ਕੇ ਰੱਖਣਾ ਜ਼ਰੂਰੀ ਨਹੀਂ ਸਗੋਂ ਗੁੰਦਾ ਕੇ ਰੱਖਣਾ ਜ਼ਰੂਰੀ ਹੁੰਦਾ ਹੈ। ਸਿਰ ਦਾ ਵਾਲ ਕੋਈ ਐਂਵੇਂ ਨਾ ਰਹੇ, ਇਸ ਕਰ ਕੇ ਪੱਟੀਆਂ ਵਿੱਚ ਮੋਰਾ ਢਾਲ ਕੇ ਪਾਈ ਜਾਂਦੀ ਸੀ ਕਿ ਵਾਲ ਸਾਰੇ ਬੈਠ ਜਾਣ। ਫਿਰ ਪੱਟੀਆਂ ਤੇ ਬਾਕੀ ਵਾਲਾਂ ਨੂੰ ਪਰਾਂਦਾ ਪਾ ਲੈਂਦੀਆਂ ਸਨ। ਵਿਆਹ ਵਿੱਚ ਲਾਲ ਪਰਾਂਦਾ ਪਾਇਆ ਜਾਂਦਾ ਸੀ। ਉਂਝ ਕਾਲੇ ਪਰਾਂਦੇ ਦੇ ਸਿਰੇ ਤੇ ਮੋਤੀ ਗੋਟਾ ਆਦਿ ਕਈ ਕੁਝ ਲਗਾਇਆ ਹੁੰਦਾ ਸੀ। ਕੁੜੀਆਂ, ਔਰਤਾਂ ਵਿਆਹਾਂ,



ਸਮਾਰੋਹਾਂ, ਤੀਆਂ ਦੇ ਤਿਉਹਾਰ, ਮੇਲਿਆਂ ਤੇ ਰੰਗ-ਬਰੰਗੇ ਪਰਾਂਦੇ ਪਾ ਕੇ ਜਾਂਦੀਆਂ ਹਨ। ਪਰਾਂਦਾ ਮੁਟਿਆਰ ਦਾ ਅਨਿੱਖੜਵਾਂ ਅੰਗ ਰਿਹਾ ਹੈ ਜੋ ਉਸ ਦੇ ਹੁਸਨ ਤੇ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਉਂਦਾ ਹੈ। ਅਕਸਰ ਲਾਲ ਪਰਾਂਦੇ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਵੀ ਕੀਤਾ ਜਾਂਦਾ ਹੈ। ਇਸ ਨੂੰ ਸੁਗਾਤ ਦੇ ਰੂਪ ਵਿੱਚ ਭੇਟ ਕੀਤਾ ਜਾਂਦਾ ਸੀ-

'ਕਾਲੀ ਤੇਰੀ ਗੁੱਤ
ਤੇ ਪਰਾਂਦਾ ਤੇਰਾ ਲਾਲ ਨੀ,
ਰੂਪ ਦੀਏ ਰਾਣੀਆਂ ਨੀ
ਪਰਾਂਦੇ ਨੂੰ ਸੰਭਾਲ ਨੀ।'

### ਦੁਪੱਟਾ

ਇਸੇ ਤਰ੍ਹਾਂ ਦੁਪੱਟਾ ਵੀ ਪੰਜਾਬੀ ਸੱਭਿਆਚਾਰ ਅਤੇ ਸਲਵਾਰ ਕਮੀਜ਼ ਦਾ ਅਨਿੱਖੜਵਾਂ ਅੰਗ ਹੈ। ਸਲਵਾਰ ਕਮੀਜ਼ ਦੇ ਤੀਸਰੇ ਬਸਤਰ ਨੂੰ ਦੁਪੱਟਾ ਕਿਹਾ ਜਾਂਦਾ ਹੈ। ਦੁਪੱਟੇ ਦਾ ਪ੍ਰਯੋਗ ਪ੍ਰਚੀਨ ਕਾਲ ਤੋਂ ਸਲਵਾਰ, ਕਮੀਜ਼, ਸਾੜੀ, ਘੱਗਰੇ ਨਾਲ ਕੀਤਾ ਜਾਂਦਾ ਰਿਹਾ ਹੈ। ਪੇਂਡੂ ਔਰਤਾਂ ਦੁਪੱਟੇ ਦਾ ਜ਼ਿਆਦਾਤਰ ਇਸਤੇਮਾਲ ਇਸ ਤਰ੍ਹਾਂ ਕਰਦੀਆਂ ਹਨ ਤਾਂ ਜੋ ਉਨ੍ਹਾਂ ਦਾ ਆਪਣਾ ਸਿਰ 'ਤੇ ਜ਼ਿਆਦਾਤਰ ਭਾਗ ਚਿਹਰੇ ਨਾਲ ਢੱਕਿਆ ਰਹੇ। ਦੁਪੱਟਾ ਦੋ ਪੱਟਾ ਨੂੰ ਜੋੜ ਕੇ ਬਣਾਇਆ ਹੋਇਆ ਤਿੰਨ ਗਜ਼ ਲੰਬਾ ਤੇ ਡੇਢ ਗਜ਼ ਚੌੜਾ ਜਾਂ ਫੁਲਕਾਰੀ ਉੱਤੇ ਬਰੀਕ ਮਲਮਲ ਦਾ ਦੁਪੱਟਾ ਜੋੜਿਆ ਹੁੰਦਾ ਹੈ। ਪੰਜਾਬੀ ਲੋਕ ਧਾਰਾ ਵਿੱਚ ਇਸ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ।

ਦੁਪੱਟੇ 'ਤੇ ਮਰਹੂਮ ਗਾਇਕ ਬਿੰਦਰਖੀਆ ਦਾ ਗਾਣਾ 'ਦੁਪੱਟਾ ਤੇਰਾ ਸੱਤ ਰੰਗ ਦਾ' ਕਾਫ਼ੀ ਮਕਬੂਲ ਹੋਇਆ ਸੀ। ਜਦੋਂ ਅਸੀਂ ਛੋਟੇ ਸੀ ਪਿੰਡ ਦੀਆਂ ਨੂੰਹਾਂ ਜਿਹੜਾ ਵੀ ਪਿੰਡ ਦਾ ਸਿਆਣਾ ਬੰਦਾ ਹੁੰਦਾ ਸੀ, ਸ਼ਰਮ ਹਯਾ ਨੂੰ ਮੁੱਖ ਰੱਖਦੇ ਦੇਖ ਕੇ ਦੁਪੱਟੇ ਜਾਂ ਚੁੰਨੀ ਨਾਲ ਘੁੰਡ ਕੱਢਦੀਆਂ ਸਨ। ਘਰ ਵਿੱਚ ਵੱਡਿਆਂ ਦਾ ਸਹੁਰੇ ਤੇ ਜੇਠ ਦਾ ਆਦਰ ਕਰਨ ਲਈ ਘੁੰਢ ਕੱਢਦੀਆਂ ਸਨ। ਅਣਵਿਆਹੀਆਂ ਕੁੜੀਆਂ ਵੀ ਸਿਰ 'ਤੇ ਦੁਪੱਟੇ ਤੇ ਚੁੰਨੀ ਰੱਖਦੀਆਂ ਸਨ। ਵੱਡਿਆ ਦਾ ਸਤਿਕਾਰ ਚੁੰਨੀ ਅਤੇ ਦੁਪੱਟੇ ਨਾਲ ਸਿਰ ਢੱਕ ਕੇ ਕੀਤਾ ਜਾਂਦਾ ਸੀ। ਭਾਵੇਂ ਹੁਣ ਲੋਕਾਂ ਦੀ ਰਹਿਣੀ ਬਹਿਣੀ ਵਿੱਚ ਵੱਡਾ ਬਦਲਾਅ ਆ ਗਿਆ ਹੈ ਪਰ ਅਜੇ ਵੀ ਪੁਰਾਣੀਆਂ ਔਰਤਾਂ ਨੇ ਇਸ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਅਜਿਹਾ ਹੋਣਾ ਚਾਹੀਦਾ ਵੀ ਹੈ।

### ਪਿੰਡ ਦੀ ਲਾਜ

ਪਿੰਡ ਦੇ ਥੜ੍ਹੇ 'ਤੇ ਆਮ ਲੋਕ ਵਿਹਲੇ ਹੋ ਕੇ ਤਖ਼ਤਪੋਸ਼ 'ਤੇ ਬੈਠ ਜਾਂਦੇ ਸੀ। ਜਿੱਥੋਂ ਆਮ ਲੋਕ ਪਿੰਡ ਦੇ ਗੁਜ਼ਰਦੇ ਸੀ,ਸਾਡੇ ਪਿੰਡ ਦਾ ਨੰਬਰਦਾਰ ਬੂਰ ਸਿੰਘ ਸੀ ਜੋ ਥੜ੍ਹੇ 'ਤੇ ਬੈਠਾ ਹੁੰਦਾ ਸੀ। ਔਰਤਾਂ ਨੇ ਤੇ ਘੁੰਢ ਕੱਢਣਾ ਹੁੰਦਾ ਸੀ,ਮਜਾਲ ਹੈ ਕੋਈ ਮੁੰਡਾ-ਕੁੜੀ ਨੰਗੇ ਸਿਰ ਥੜ੍ਹੇ ਲਾਗੋਂ ਲੰਘ ਜਾਵੇ। ਬਜ਼ੁਰਗਾਂ ਦਾ ਵਜਕਾ ਹੁੰਦਾ ਸੀ। ਜਦੋਂ ਕਿਸੇ ਲੜਕੀ ਨੂੰ ਕੋਈ ਮੁਸ਼ਟੰਡੇ ਗ਼ਲਤ ਨਿਗਾਹ ਨਾਲ ਵੇਖਦੇ ਸਨ ਤਾਂ ਉਹ ਬਜ਼ੁਰਗ ਕੋਲ ਚਲੀ ਜਾਂਦੀ ਸੀ। ਮੁੰਡੇ ਦੀ ਜੁਰੱਅਤ ਨਹੀਂ ਸੀ ਹੁੰਦੀ ਕੁੜੀ ਨੂੰ ਹੱਥ ਲਾਉਣ



ਦੀ। ਇਹ ਹੀ ਵਜਾ ਸੀ ਪਿੰਡ ਦੇ ਲੋਕ ਪਿੰਡ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਦੇ ਸੀ। ਦੁੱਖ-ਸੁੱਖ,ਵਿਆਹ-ਸ਼ਾਦੀਆਂ ਵਿੱਚ ਸ਼ਰੀਕ ਹੁੰਦੇ ਸੀ। ਕਿੰਨੇ ਕਿੰਨੇ ਦਿਨ ਬਰਾਤਾਂ ਠਹਿਰਣੀਆਂ। ਪਿੰਡ ਦੇ ਲੋਕ ਆਪਣੀ ਧੀ ਭੈਣ ਦਾ ਵਿਆਹ ਸਮਝ ਸ਼ਰੀਕ ਹੁੰਦੇ। ਦੁੱਧ,ਮੰਜੇ ਬਿਸਤਰੇ ਇਕੱਠੇ ਕਰ ਭੇਜਦੇ ਸੀ-

ਇੱਕ ਵਾਰੀ ਲੈ ਕੇ ਛੁੱਟੀਆਂ ਜਦੋਂ ਪਿਛਲੇ ਵਰ੍ਹੇ ਤੂੰ ਆਇਆ,
ਹੱਥ ਉੱਤੇ ਲਾ ਕੇ ਮਹਿੰਦੀਆਂ ਵੇ ਮੈਂ ਸੰਗਲ਼ੀ ਦੁਪੱਟਾ ਰੰਗਵਾਇਆ।
ਅੱਧਾ ਅੱਧਾ ਘੁੰਢ ਕੱਢ ਕੇ,ਸਹੁਰੇ ਸਾਹਮਣੇ ਨਾਂ ਖੁੱਲ੍ਹ ਕੇ ਬੁਲਾਵਾਂ,
ਕੌਣ ਆਖੂ ਹੌਲਦਾਰਨੀ, ਕਿਤੇ ਆਵੀਂ ਨਾਂ ਤੁੜਾ ਕੇ ਨਾਂਵਾਂ ।
ਸ਼ੌਂਕੀਆਂ ਦੁਪੱਟਾ ਨੀ ਮੈਂ ਸ਼ੌਕ ਨਾਲ ਰੰਗਿਆ,
ਹਾਸੀਆਂ ਨੂੰ ਰੋਕ ਰੋਕ ਮਾਹੀ ਕੋਲੋਂ ਲੰਘਿਆ।
'ਨੀ ਮੈਨੂੰ ਮਾਹੀ ਵਾਲੇ ਰੰਗ ਵਿਚ ਰੱਚ ਰਹਿਣ ਦੇ,
ਨੀ ਮੈਨੂੰ ਦਿਉਰ ਦੇ ਵਿਆਹ ਦੇ ਵਿੱਚ ਨੱਚ ਲੈਣ ਦੇ।'

ਹੁਣ ਕੁਆਰੀ ਕੁੜੀ ਤੇ ਨੂੰਹ ਵਿੱਚ ਫ਼ਰਕ ਨਜ਼ਰ ਨਹੀਂ ਆਉਂਦਾ। ਪੱਛਮੀ ਰੰਗਤ ਕਾਰਨ ਨਾ ਰੰਗ ਲਾ ਦੁਪੱਟਾ ਰਿਹਾ ਨਾ ਚੁੰਨੀ ਤੇ ਨਾ ਘੁੰਢ। ਸਭ ਕੁਝ ਖ਼ਤਮ ਹੋ ਰਿਹਾ। ਇਹ ਸਭ ਹੁਣ ਸਟੇਜਾਂ, ਡਰਾਮਿਆਂ, ਕਲਚਰ ਪ੍ਰੋਗਰਾਮਾਂ ਵਿੱਚ ਨਜ਼ਰ ਆਉਂਦਾ ਹੈ। ਜੋ ਬਾਬੇ ਬੂਰ ਸਿੰਘ ਨੰਬਰਦਾਰ ਵਰਗਿਆਂ ਦਾ ਵਜਕਾ ਸੀ ਰੁੱਲ ਰਹੇ ਹਨ, ਬੁਢਾਪਾ ਰੁੱਲ ਰਿਹਾ ਹੈ। ਕੋਈ ਕਿਸੇ ਕੋਲੋ ਨਹੀਂ ਡਰਦਾ। ਔਰਤਾਂ ਨਾਲ ਅਪਰਾਧਾਂ ਵਿੱਚ ਵਾਧਾ ਹੋਇਆ ਹੈ। ਲੋੜ ਹੈ ਨਵੀਂ ਪੀੜ੍ਹੀ ਜੋ ਆਪਣੇ ਸੱਭਿਆਚਾਰ ਤੋਂ ਦੂਰ ਜਾ ਰਹੀ ਹੈ, ਨੂੰ ਨਾਲ ਜੋੜਣ ਦੀ। ਸਾਡੀ ਨਵੀਂ ਪੀੜ੍ਹੀ ਨੂੰ ਪ੍ਰੇਰਨਾ ਦੇਣ ਦੀ ਕਿ ਉਹ ਪੰਜਾਬੀ ਸੱਭਿਆਚਾਰ, ਪੰਜਾਬੀ ਪਹਿਰਾਵੇ ਨਾਲ ਹਮੇਸ਼ਾ ਜੁੜ ਕੇ ਰਹਿਣ। ਇਸ ਤੋਂ ਦੂਰ ਨਾ ਜਾਣ। ਇਸ ਸਬੰਧੀ ਮੁਹਿੰਮ ਛੇੜਣ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਣ ਦੀ ਲੋੜ ਹੈ।



# ਕਾਂਵਾਂ ਵੇ ਸੁਣ ਕਾਂਵਾ . . .

ਕਾਲਾ ਸਿੰਘ ਸੈਣੀ

ਸਵੇਰ ਵੇਲੇ ਘਰਾਂ 'ਚ ਆਉਂਦੀ ਚਾਟੀ 'ਚ ਪਾਈ ਮਧਾਣੀਆਂ ਦੀ ਆਵਾਜ਼, ਪੰਛੀਆਂ ਦੀਆਂ ਆਵਾਜ਼ਾਂ ਦਾ ਸੁੰਦਰ ਨਜ਼ਾਰਾ, ਹਲ ਵਾਹੁੰਦੇ ਬਲਦਾਂ ਦੇ ਗਲਾਂ 'ਚ ਖੜਕਦੀਆਂ ਟਲੀਆਂ ਦੀ ਟੁਣਕਾਰ ਵੱਖਰਾ ਹੀ ਨਜ਼ਾਰਾ ਪੇਸ਼ ਕਰਦੀ ਰਹੀ ਹੈ। ਪੁਰਾਤਨ ਸਮੇਂ ਤੋਂ ਹੀ ਰੁੱਖ, ਮਨੁੱਖ ਅਤੇ ਪੰਛੀ ਇਕ ਦੂਸਰੇ ਦੇ ਮਿੱਤਰ ਰਹੇ ਹਨ। ਜੇਕਰ ਖੇਤੀਬਾੜੀ ਦੇ ਧੰਦੇ ਦੀ ਗੱਲ ਕਰੀਏ ਤਾਂ ਮੁੱਢ ਤੋਂ ਹੀ ਪੰਛੀਆਂ 'ਤੇ ਕਿਸਾਨਾਂ ਦੀ ਗੂੜ੍ਹੀ ਮਿੱਤਰਤਾ ਰਹੀ। ਖੇਤਾਂ 'ਚ ਹਲ ਵਾਹੁਣ ਵੇਲੇ ਪੰਛੀ ਆਪਣਾ ਅਨੰਦ ਲੈਂਦੇ ਹਨ। ਧਰਤੀ 'ਚ ਨਿਕਲਦੇ ਕੀੜੇ-ਪੰਛੀਆਂ ਦਾ ਭੋਜਨ ਬਣਦੇ ਹਨ। ਇਨ੍ਹਾਂ ਪੰਛੀਆਂ 'ਚ ਕਾਂ ਵੀ ਸ਼ਾਮਿਲ ਹੁੰਦੇ ਹਨ। ਅਜੋਕੇ ਸਮੇਂ ਅੰਦਰ ਭਾਵੇਂ ਖੇਤੀ ਟਰੈਕਟਰਾਂ ਨਾਲ ਹੋਣ ਲੱਗ ਪਈ ਪਰ ਇਹ ਮਨਮੋਹਣਾ ਦ੍ਰਿਸ਼ ਅੱਜ ਵੀ ਖੇਤਾਂ 'ਚ ਦੇਖਣ ਨੂੰ ਮਿਲਦਾ। ਪੰਛੀਆਂ ਦੀਆਂ ਹਜ਼ਾਰਾਂ ਪ੍ਰਜਾਤੀਆਂ 'ਚ ਇੱਕ ਪੰਛੀ ਕਾਂ ਵੀ ਹੈ। ਕੁਦਰਤ ਦਾ ਇਹ ਜੀਵ ਸ਼ਾਕਾਹਾਰੀ ਅਤੇ ਮਾਸਾਹਾਰੀ ਹੈ। ਉਡਣ ਵਾਲੇ ਪੰਛੀਆਂ 'ਚ ਕਾਂ ਨੂੰ ਸਭ ਤੋਂ ਜ਼ਿਆਦਾ ਅਕਲਮੰਦ ਮੰਨਿਆ ਜਾਂਦਾ ਹੈ। ਨਰ ਅਤੇ ਮਾਦਾ ਦੋਵੇਂ ਆਪਣੇ ਬੱਚਿਆਂ ਨੂੰ ਪਾਲਦੇ ਹਨ। ਇਹ ਇੱਕ ਪਰਿਵਾਰਕ ਮੈਂਬਰ ਦੀ ਤਰ੍ਹਾਂ ਸਾਰੀ ਉਮਰ ਇੱਕ ਮਾਦਾ ਨਾਲ ਹੀ ਗੁਜ਼ਾਰਦਾ ਹੈ।

ਕਾਂ ਦੀ ਯਾਦ ਸ਼ਕਤੀ ਬਹੁਤ ਹੁੰਦੀ ਹੈ ਇਹ ਲੰਮੇ ਸਮੇਂ ਬਾਅਦ ਵੀ ਮਨੁੱਖ ਦੀ ਸ਼ਕਲ ਪਛਾਣ ਲੈਂਦਾ ਹੈ। ਆਪਣੇ ਉਤੇ ਮੁਸੀਬਤ ਆਉਣ 'ਤੇ ਇਨ੍ਹਾਂ ਦਾ ਝੁੰਡ ਇਕੱਠਾ ਹੋ ਕੇ ਦੁਸ਼ਮਣ ਉਤੇ ਹਮਲਾ ਕਰ ਦਿੰਦਾ। ਪ੍ਰਾਕਿਰਤੀ ਦੇ ਰਾਖੇ ਮੰਨੇ ਜਾਂਦਾ ਇਹ ਪੰਛੀ ਇਕੱਲੇ ਰਹਿਣਾ ਪਸੰਦ ਕਰਦੇ ਹਨ। ਪੁਰਾਤਨ ਸਮੇਂ ਤੋਂ ਹੀ ਸਮਾਜ ਇਸ ਨੂੰ ਦੋ ਨਜ਼ਰਾਂ ਨਾਲ ਦੇਖਦਾ ਆਇਆ ਹੈ। ਇਸ ਦਾ ਬੋਲਣਾ,ਦੇਖਣਾ ਜਿਥੇ ਸ਼ਗਨ ਮੰਨਿਆ ਜਾਂਦਾ ਹੈ,ਉਥੇ ਹੀ ਇਸ ਨੂੰ ਅਪਸ਼ਗਨ ਮੰਨਦੇ ਹਨ। ਫ਼ਸਲਾਂ ਦੀ ਬਰਬਾਦੀ ਕਾਰਨ ਕਿਸਾਨਾਂ ਵਲੋਂ ਕਾਂ ਨੂੰ ਨਿੰਦਿਆਂ ਵੀ ਜਾਂਦਾ ਰਿਹਾ ਹੈ। ਮਨੁੱਖ ਦੇ ਮਿੱਤਰ ਪੰਛੀ ਕਾਂ ਬਾਰੇ ਬਹੁਤ ਸਾਰੀਆਂ ਸਿੱਖਿਆਦਾਇਕ ਧਾਰਮਿਕ ਕਹਾਣੀਆਂ ਅਤੇ ਬਾਲ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ। ਜੇਕਰ ਇਤਿਹਾਸ ਦੀ ਗੱਲ ਕਰੀਏ ਤਾਂ ਇਤਿਹਾਸ 'ਚ ਵੀ ਪੰਛੀ ਕਾਂ ਦਾ ਜ਼ਿਕਰ ਆਉਂਦਾ ਹੈ। ਮਹਾਭਾਰਤ ਤੇ ਰਾਮਾਇਣ 'ਚ ਕਾਕਭੁਸ਼ੂੰਡੀ ਦਾ ਜ਼ਿਕਰ ਆਉਂਦਾ ਹੈ। ਜਦੋਂ ਸ਼ਿਵ ਭਗਵਾਨ ਮਾਤਾ ਪਾਰਵਤੀ ਨੂੰ ਭਗਵਾਨ ਰਾਮ ਜੀ ਦੀ ਕਹਾਣੀ ਸੁਣਾ ਰਹੇ ਸੀ ਤਾਂ ਕਾਕਭੁਸ਼ੂੰਡੀ ਪਿਛੇ ਬਹਿ ਕੇ ਸੁਣ ਰਹੇ ਸੀ। ਉਨ੍ਹਾਂ ਦੇ ਸੁਣਨ ਨਾਲ ਇਹ ਕਥਾ ਧਰਤੀ 'ਤੇ ਆਈ। ਪੰਛੀ ਕਾਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਜੀ ਦੇ ਸਲੋਕ ਦਰਜ ਹਨ:

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥

ਪੰਜਾਬ ਗੀਤਾਂ ਦਾ ਦੇਸ਼ ਹੈ, ਪੰਜਾਬ ਦੀ ਧਰਤੀ ਲੋਕ ਗੀਤਾਂ ਦਾ ਪ੍ਰਕਾਸ਼ ਵੰਡਣ ਵਾਲੀ ਧਰਤੀ ਹੈ। ਚੇਤਿਆਂ 'ਚ ਵੱਸਦੇ ਲੋਕ ਗੀਤਾਂ ਪੀੜ੍ਹੀ ਦਰ ਪੀੜ੍ਹੀ ਅੱਗੇ ਵੱਧਦੇ ਹਨ। ਪੁਰਾਤਨ ਸਮੇਂ ਤੋਂ ਕਾਂ ਦਾ ਕੋਠੇ ਦੇ ਬਨੇਰੇ ਉਤੇ ਬੈਠ ਬੋਲਣਾ ਉਸ ਘਰ ਪ੍ਰਹੁਣਾ ਆਉਣ ਦਾ ਸੰਕੇਤ ਮੰਨਿਆ ਜਾਂਦਾ ਹੈ। ਵੰਨ-ਸੁਵੰਨੇ ਲੋਕ ਗੀਤਾਂ ਨਾਲ ਸਾਡੇ ਪੰਛੀ ਕਾਂ ਨਾਲ ਗੂੜ੍ਹੀ ਸਾਂਝ ਹੈ। ਲੋਕ ਗੀਤਾਂ ਦੇ ਮਿੱਠੜੇ ਬੋਲਾਂ ਦਾ ਸ਼ਿੰਗਾਰ ਸੰਗੀਤ ਦੇ ਸਾਗਰ 'ਤੇ ਉੱਡਦੇ (ਅਠਖੇਲੀਆਂ) ਕਰਦੇ ਕਾਂਵਾਂ ਨੂੰ ਕਲਮਾਂ ਦੇ ਹੁਸਨਾਂ ਨੇ ਕਾਗਜ਼ਾਂ ਦੀ ਚਿਹਰਿਆਂ 'ਤੇ ਲੋਕ ਗੀਤਾਂ ਅਤੇ ਟੱਪਿਆਂ ਦਾ ਰੂਪ ਦਿੱਤਾ ਹੈ। ਖ਼ੂਬਸੂਰਤ ਕਲਮਾਂ ਦੀ ਉਪਜ ਲੋਕ ਗੀਤਾਂ ਨੂੰ ਸਾਡੇ ਗਾਇਕ ਤੇ ਗਾਇਕਾਵਾਂ ਨੇ ਖੁੱਭ ਕੇ ਗਾਇਆ ਹੈ:

ਕਾਂਵਾਂ ਵੇ ਸੁਣ ਕਾਂਵਾ ਇਕ ਅਰਜ਼ੀ ਹੱਥ ਫੜਾਂਵਾ..
ਕਾਂਵਾ ਉਡ ਕਾਂਵਾ ਜਿਨ੍ਹਾਂ ਪੁੱਤਰਾਂ ਤੋਂ ਵਿਛੜਨ ਮਾਂਵਾ..
ਕਾਂਵਾਂ ਵੇ ਸੁਣ ਕਾਂਵਾ ਕਿਥੇ ਮਲੀਆਂ ਨੇ ਸਜਣਾਂ ਥਾਵਾਂ..
ਕਾਂਵਾਂ ਵੇ ਸੁਣ ਕਾਂਵਾ ਤੇਰੀ ਚੁੰਜ ਸੋਨੇ 'ਚ ਮੜ੍ਹਾਵਾਂ.
ਐਵੇਂ ਬੋਲ ਨਾ ਬਨੇਰੇ ਉਤੇ ਕਾਂਵਾਂ ਸੱਜਣਾ ਨਹੀਂ ਆਉਣਾ
ਜਾ ਉਡ ਜਾ ਬਨੇਰੇ ਉਤੋਂ ਕਾਂਵਾ ਵੇ ਗੁਆਂਢੀ ਕਿਤੇ ਦੂਰ ਵੱਸ ਗਏ
ਉਡ ਕੋਠੇ ਉਤੋਂ ਕਾਂਵਾਂ ਵੇ ਸਾਡੇ ਦਿਲ ਦਾ ਪ੍ਰਹੁਣਾ ਕੋਈ ਨਾ..
ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ
ਉਡ ਜਾ ਕਾਲੇ ਕਾਂਵਾਂ ਤੇਰੇ ਮੂੰਹ ਵਿੱਚ ਖੰਡ ਪਾਵਾਂ..

ਪੱਕੇ ਬਨੇਰਿਆਂ 'ਤੇ ਬੈਠੇ ਕਾਂਵਾਂ ਦੇ ਬੋਲਣੇ ਨੂੰ ਸੁਣ ਕੇ ਹੁਣ ਕੋਈ ਰੋਟੀ ਵੀ ਨਹੀਂ ਪਾਉਂਦਾ। ਕਾਂਵਾਂ ਨੂੰ ਰੋਟੀ ਪਾਉਣ ਵਾਲੀਆਂ ਮਾਂਵਾਂ ਹੁਣ ਪੱਥਰਾਂ ਦੀਆਂ ਰਸੋਈਆਂ 'ਚ ਕੈਦ ਹੋ ਕੇ ਰਹਿ ਗਈਆਂ ਹਨ। ਕਾਂਵਾਂ ਦੇ ਸਵਾਲ-ਜਵਾਬ ਨੂੰ ਬਿਆਨ ਕਰਦਾ ਗੀਤਕਾਰ ਹਰਜਿੰਦਰ ਸਾਈਂ ਸੁਕੇਤੜੀ ਦੇ ਬੋਲ ਹਨ:

'ਮੈਨੂੰ ਬੈਠ ਕੇ ਬਨੇਰੇ ਉਤੇ ਕਾਂ ਪੁੱਛਦਾ ਏ।
ਕਿਥੇ ਤੁਰਗੀ ਏ ਮੈਨੂੰ ਮੇਰੀ ਮਾਂ ਪੁੱਛਦਾ ਏ।
ਮੈਂ ਬੈਠ ਕੇ ਬਨੇਰੇ ਥੋਡੇ ਜਦੋਂ ਕੁਰਲਾਇਆ।
ਮੈਨੂੰ ਪਿਆਰ ਨਾਲ ਟੁੱਕ ਮੇਰੀ ਅੰਮੜੀ ਨੇ ਪਾਇਆ।
ਹੁਣ ਦਿੱਸਦੀ ਨਾ ਵਿਹੜੇ ਵਿੱਚ ਤਾਂ ਪੁੱਛਦਾ ਏ।..

# ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦੇ ਹਨ ਰਿਵਾਜ ਤੇ ਰਸਮਾਂ

ਜਸਵਿੰਦਰ ਸਿੰਘ ਰੁਪਾਲ

ਰਿਵਾਜ ਤੇ ਰਸਮਾਂ ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦੀਆਂ ਹਨ। ਇਨ੍ਹਾਂ 'ਚੋਂ ਉਸ ਸਮੇਂ ਦੇ ਸਮਾਜ ਦੀ ਧਾਰਮਿਕ, ਆਰਥਿਕ, ਸਮਾਜਿਕ ਹਾਲਤ ਦਾ ਵੀ ਪਤਾ ਲੱਗਦਾ ਹੈ ਤੇ ਲੋਕਾਂ ਦੀਆਂ ਲੋੜਾਂ, ਰੁਚੀਆਂ, ਡਰ, ਝੁਕਾਅ, ਪਸੰਦ ਅਤੇ ਨਾ ਪਸੰਦ ਦਾ ਵੀ ਗਿਆਨ ਹੁੰਦਾ ਹੈ। ਪੰਜਾਬੀ ਲੋਕਧਾਰਾ ਵਿੱਚ ਅਸੀਂ ਜਨਮ ਤੋਂ ਮਰਨ ਤੱਕ ਬੇਅੰਤ ਕਿਸਮ ਦੇ ਰੀਤੀ ਰਿਵਾਜਾਂ ਬਾਰੇ ਪੜ੍ਹਦੇ ਸੁਣਦੇ ਹਾਂ, ਜਿਨ੍ਹਾਂ 'ਚੋਂ ਬਹੁਤ ਸਾਰੇ ਰੀਤੀ ਰਿਵਾਜ ਕੁਝ ਉਸੇ ਰੂਪ ਵਿੱਚ ਤੇ ਕੁਝ ਰੂਪ ਵਟਾ ਕੇ ਅੱਜ ਵੀ ਪ੍ਰਚੱਲਿਤ ਹਨ ਕਿਉਂਕਿ ਇਹ ਰਿਵਾਜ ਆਪਣੇ ਸਮੇਂ ਦੀਆਂ ਲੋੜਾਂ ਤੇ ਬਿਰਤੀਆਂ ਵਿਚੋਂ ਪੈਦਾ ਹੋਏ ਹੁੰਦੇ ਹਨ, ਇਸ ਲਈ ਸੱਭਿਅਤਾ ਦੇ ਵਿਕਾਸ ਨਾਲ, ਅਤੇ ਮਨੁੱਖੀ ਮਨ ਦੇ ਬੌਧਿਕ ਵਿਕਾਸ ਹੋਣ ਨਾਲ ਇਨ੍ਹਾਂ ਦੀ ਲੋੜ ਅਤੇ ਮਹੱਤਤਾ ਘੱਟ ਜਾਂਦੀ ਹੈ। ਪਰ ਛੇਤੀ ਕੀਤਿਆਂ ਮਨੁੱਖ ਆਪਣੇ ਵਿਰਸੇ ਨੂੰ ਨਹੀਂ ਛੱਡਦਾ ਤੇ ਕੁਝ ਨੂੰ ਭਾਵੇਂ ਰਸਮਿਕ ਤੌਰ 'ਤੇ ਹੀ, ਅੱਗੇ ਅੱਗੇ ਚੱਲਦਾ ਰੱਖਦਾ ਹੈ..।

ਅੱਜ ਅਸੀਂ ਗੱਲ ਕਰਨ ਲੱਗੇ ਹਾਂ ਕੁਝ ਨਵੇਂ ਯੁੱਗ ਦੇ ਰਸਮ-ਰਿਵਾਜ ਜੋ ਥੋੜ੍ਹੇ ਸਮੇਂ ਤੋਂ ਹੀ ਸ਼ੁਰੂ ਹੋਏ ਹਨ। ਪਿਛਲੇ 40-50 ਸਾਲਾਂ ਦੇ ਸਮੇਂ ਦੌਰਾਨ ਹੀ ਇਹ ਆਰੰਭ ਹੋਏ ਮੰਨੇ ਜਾ ਸਕਦੇ ਹਨ ਤੇ ਦੇਖਾ-ਦੇਖੀ, ਹੁਣ ਇਨ੍ਹਾਂ ਦਾ ਪ੍ਰਭਾਵ ਕਾਫ਼ੀ ਵੱਧ ਰਿਹਾ ਹੈ। ਪਿਛਲੇ ਸਮੇਂ ਤੋਂ ਅਜੋਕੇ ਸਮੇਂ ਵਿੱਚ ਕੁਝ ਤਬਦੀਲੀਆਂ ਖ਼ਾਸ ਹੋਈਆਂ ਹਨ। ਇਕ ਤਾਂ ਕੁਝ ਆਰਥਿਕ ਪੱਖ ਪਹਿਲਾਂ ਨਾਲੋਂ ਸੁਧਰਿਆ ਹੈ, ਦੂਜੇ ਫੋਟੋਆਂ, ਮੂਵੀਆਂ ਦੀ ਭਰਮਾਰ ਹੋ ਗਈ ਹੈ। ਮੀਡੀਆ ਤੇ ਸੋਸ਼ਲ ਮੀਡੀਆ ਦੋਵਾਂ ਨੇ ਇਨ੍ਹਾਂ ਰਿਵਾਜਾਂ ਰਾਹੀਂ ਆਪਣੇ-ਆਪ ਨੂੰ ਪ੍ਰਗਟਾਉਣ, ਪੇਸ਼ ਕਰਨ ਆਦਿ ਦੀ ਰੁਚੀ ਨੂੰ ਵਧਾਇਆ ਹੈ। ਆਓ ਇਨ੍ਹਾਂ ਰਿਵਾਜਾਂ ਤੋਂ ਜਾਣੂ ਹੁੰਦੇ ਹਾਂ-

ਬਦਲਦੇ ਸਮੇਂ ਨੇ ਕੇਕ ਕੱਟਣ ਨੂੰ ਸਮਾਜਿਕ ਪ੍ਰਵਾਨਗੀ ਦੁਆ ਦਿੱਤੀ ਹੈ। ਭਾਵੇਂ ਇਸ ਨੂੰ ਈਸਾਈਆਂ ਵੱਲੋਂ ਸ਼ੁਰੂ ਕੀਤਾ ਮੰਨਿਆ ਜਾਂਦਾ ਹੈ ਪਰ ਅੱਜ ਹਿੰਦੂ, ਸਿੱਖ ਅਤੇ ਹੋਰ ਸਾਰੇ ਇਸ ਰਸਮ ਵਿਚੋਂ ਖ਼ੁਸ਼ੀ ਭਾਲਦੇ ਹਨ। ਬੱਚੇ ਦੇ ਜਨਮ ਦਿਨ ਨੂੰ ਕੇਕ ਕੱਟਣਾ ਅਜੋਕੀ ਨੌਜਵਾਨ ਪੀੜ੍ਹੀ ਲਈ ਜ਼ਰੂਰੀ ਰਸਮ ਹੀ ਬਣ ਗਈ ਹੈ। ਕੁਝ ਥਾਵਾਂ 'ਤੇ ਵਿਆਹ ਸਮੇਂ ਵੀ ਲਾੜਾ-ਲਾੜੀ ਨੂੰ ਕੇਕ ਕੱਟਦਿਆਂ ਦੇਖਿਆ ਗਿਆ ਹੈ, ਅਜੇ ਸਾਰੇ ਥਾਂ ਨਹੀਂ। ਸਰਵਿਸ ਕਰਨ ਵਾਲੇ ਕਰਮਚਾਰੀ ਜਦੋਂ ਰਿਟਾਇਰ ਹੁੰਦੇ ਹਨ, ਉਦੋਂ ਵੀ ਰਿਟਾਇਰਮੈਂਟ ਪਾਰਟੀ ਸਮੇਂ ਵੀ ਉਨ੍ਹਾਂ ਤੋਂ ਕੇਕ ਕਟਵਾਇਆ ਜਾਂਦਾ ਹੈ।

**ਰਿੰਗ ਸੈਰੇਮਨੀ**

ਇਹ ਮੰਗਣੇ ਦਾ ਬਦਲਿਆ ਹੋਇਆ ਰੂਪ ਹੈ। ਪੁਰਾਣੇ ਸਮੇਂ ਪਹਿਲਾਂ ਲੜਕੀ ਵਾਲੇ, ਲੜਕੇ ਦੇ ਘਰ ਜਾ ਕੇ ਉਸਨੂੰ ਸ਼ਗਨ ਪਾ ਆਉਂਦੇ ਸਨ ਤੇ ਪਿੱਛੋਂ ਲੜਕੇ ਵਾਲੇ, ਲੜਕੀ ਦੇ ਘਰ ਜਾ ਕੇ ਉਸਨੂੰ ਸ਼ਗਨ ਪਾ ਜਾਂਦੇ ਸਨ ਪਰ ਹੁਣ ਲੜਕਾ-ਲੜਕੀ ਦਾ ਸਾਹਮਣੇ ਮਿਲਣਾ ਜ਼ਰੂਰੀ ਹੈ। ਇਸ ਲਈ ਇਸ ਰਸਮ ਵਿੱਚ ਲੜਕਾ-ਲੜਕੀ ਸਟੇਜ 'ਤੇ ਬੈਠਦੇ ਹਨ ਤੇ ਮੂਵੀਆਂ ਦੀਆਂ ਰੋਸ਼ਨੀਆਂ ਵਿੱਚ ਸੰਬੰਧੀਆਂ ਦੇ ਸਾਹਮਣੇ ਇੱਕ ਦੂਜੇ ਨੂੰ ਮੁੰਦਰੀ ਪਹਿਨਾਉਂਦੇ ਹਨ। ਬਾਕੀ ਵੀ ਸ਼ਗਨ ਪਾਉਂਦੇ ਹਨ। ਖਾਣ-ਪੀਣ ਤੇ ਗੀਤ-ਸੰਗੀਤ ਵੀ ਚੱਲਦਾ ਹੈ।

**ਪ੍ਰੀ-ਵੈਡਿੰਗ**

ਮੂਵੀ ਤੇ ਫੋਟੋਆਂ ਦੇ ਆਉਣ ਨਾਲ ਇਹ ਰਸਮ ਪ੍ਰਚੱਲਿਤ ਹੋਈ ਹੈ ਤੇ ਅੱਜਕੱਲ੍ਹ ਲਗਪਗ ਸਾਰੇ ਵਿਆਹਾਂ ਵਿੱਚ ਇਹ ਹੁੰਦੀ ਹੀ ਹੈ। ਵਿਆਹ ਤੋਂ ਕੁਝ ਦਿਨ ਪਹਿਲਾਂ ਲੜਕਾ ਤੇ ਲੜਕੀ ਫੋਟੋਗ੍ਰਾਫਰ ਨਾਲ ਕਿਸੇ ਖ਼ਾਸ ਜਗ੍ਹਾ 'ਤੇ ਜਾਂਦੇ ਹਨ ਤੇ ਫੋਟੋਆਂ ਤੇ ਵੀਡੀਓ ਬਣਵਾਉਂਦੇ ਹਨ। ਫੋਟੋਆਂ ਲਈ ਡਾਢੀ ਮੋਟੀ ਐਲਬਮ ਤਿਆਰ ਹੁੰਦੀ ਹੈ ਤੇ ਇਸ ਵੀਡੀਓ ਨੂੰ ਵਿਆਹ ਵਾਲੇ ਦਿਨ ਮੈਰਿਜ ਪੈਲਿਸ ਵਿੱਚ ਵੱਡੀ ਸਕਰੀਨ 'ਤੇ ਦਿਖਾਇਆ ਜਾਂਦਾ ਹੈ। ਇਸ ਵਿੱਚ ਲੜਕਾ ਤੇ ਲੜਕੀ ਕੁਝ ਫ਼ਿਲਮੀ ਅੰਦਾਜ਼ ਵਿੱਚ ਐਕਟਿੰਗ ਕਰਦੇ ਹਨ ਤੇ ਪਿੱਛਿਓਂ ਚੱਲਦਾ ਗੀਤ ਤੇ ਸੰਗੀਤ ਉਨ੍ਹਾਂ ਦੇ ਮੇਲ ਨੂੰ ਇੱਕ ਰੋਮਾਂਟਿਕ ਰੰਗ ਦਿੰਦਾ ਹੈ। ਕੁਝ ਇਸ ਪ੍ਰੀ-ਵੈਡਿੰਗ ਵਿੱਚ ਮਾਂ-ਬਾਪ ਨੂੰ ਵੀ ਸ਼ਾਮਿਲ ਕਰ ਲੈਂਦੇ ਹਨ ਤੇ ਛੋਟੀ ਮੋਟੀ ਘਟਨਾ ਪੇਸ਼ ਕਰ ਕੇ ਉਸ ਨੂੰ ਫਿਲਮਾਉਂਦੇ ਹਨ।







**ਬਰਾਈਡਲ ਸ਼ਾਵਰ**

ਇਸ ਦਾ ਨਾਮ ਬੇਬੀ ਸ਼ਾਵਰ ਤੋਂ ਹੀ ਲਿਆ ਲੱਗਦਾ ਹੈ। ਇਹ ਕੁੜੀ ਦੇ ਵਿਆਹ ਤੋਂ ਪਹਿਲਾਂ ਬੀਬੀਆਂ-ਭੈਣਾਂ ਇਕੱਠੀਆਂ ਹੁੰਦੀਆਂ ਹਨ ਅਤੇ ਲੜਕੀ ਨੂੰ ਤੋਹਫ਼ੇ ਦੇ ਕੇ ਜਾਂਦੀਆਂ ਹਨ।

**ਬੈਚੂਲਰ ਪਾਰਟੀ**

ਉਪਰਲੀ ਰਸਮ ਦਾ ਹੀ ਰੂਪ ਹੈ ਇਹ। ਮੁੰਡੇ ਦੇ ਵਿਆਹ ਤੋਂ ਪਹਿਲਾਂ ਉਸਦੇ ਯਾਰ ਦੋਸਤ ਉਸ ਤੋਂ ਪਾਰਟੀ ਲੈਂਦੇ ਹਨ, ਬਹੁਤੀ ਵਾਰੀ ਇਹ ਪੀਣ ਦੀ ਹੁੰਦੀ ਹੈ। ਇਹ ਨੱਚਦੇ ਗਾਉਂਦੇ ਹਨ ਤੇ ਉਸ ਆਜ਼ਾਦੀ ਦਾ ਅਨੰਦ ਮਾਣਦੇ ਹਨ, ਜੋ ਵਿਆਹ ਤੋਂ ਬਾਅਦ ਖ਼ਤਮ ਹੋ ਜਾਣੀ ਹੁੰਦੀ ਹੈ। ਉਹ ਯਾਰ ਦੋਸਤ ਵਿਆਹ ਵਾਲੇ ਮੁੰਡੇ ਨੂੰ ਦੁਆਵਾਂ ਤੇ ਸ਼ਗਨ ਤੋਹਫ਼ੇ ਆਦਿ ਦਿੰਦੇ ਹਨ।

**ਹੈਨਸ ਪਾਰਟੀ**

ਇਹ ਲੜਕੀ ਦੇ ਵਿਆਹ ਤੋਂ ਪਹਿਲਾਂ ਉਸਦੀਆਂ ਸਹੇਲੀਆਂ ਨੂੰ ਦਿੱਤੀ ਗਈ ਪਾਰਟੀ ਹੈ, ਜਿਸ ਵਿੱਚ ਸਾਂਝ ਤੇ ਪ੍ਰੇਮ ਨੂੰ ਯਾਦ ਕਰ ਕੇ ਪੈਣ ਜਾ ਰਹੇ ਵਿਛੋੜੇ ਲਈ ਤਿਆਰ ਹੋਇਆ ਜਾਂਦਾ ਹੈ।

**ਡੈਸਟੀਨੇਸ਼ਨ ਮੈਰਿਜ**

ਵਿਆਹ ਆਪਣੇ ਘਰ ਜਾਂ ਇਲਾਕੇ ਵਿੱਚ ਨਾ ਕਰਕੇ ਕਿਸੇ ਖ਼ੂਬਸੂਰਤ ਥਾਂ 'ਤੇ ਕਰਨਾ ਡੈਸਟੀਨੇਸ਼ਨ ਮੈਰਿਜ ਅਖਵਾਉਂਦਾ ਹੈ। ਕਿਸੇ ਖ਼ੂਬਸੂਰਤ ਪਹਾੜੀ ਸਥਾਨ 'ਤੇ, ਕਿਸੇ ਝੀਲ ਦੇ ਕਿਨਾਰੇ ਜਾਂ ਕੋਈ ਹੋਰ ਚੰਗੇ ਥਾਂ 'ਤੇ ਵਿਆਹ ਕਰਵਾਇਆ ਜਾਂਦਾ ਹੈ। ਇਸ ਨੂੰ ਅਮੀਰਾਂ ਦੇ ਚੋਚਲੇ ਕਹਿ ਸਕਦੇ ਹਾਂ। ਪਰ ਸ਼ੌਕ, ਖ਼ੁਸ਼ੀ, ਚਾਅ ਅਤੇ ਪੈਸਾ ਜਦੋਂ ਮਿਲ ਜਾਣ ,ਫੇਰ ਸਭ ਠੀਕ ਲੱਗਣ ਲੱਗ ਜਾਂਦਾ ਹੈ।

**ਪੰਜੀ ਪਾਰਟੀ**

ਇਹ ਮਰਦਾਂ ਵਿੱਚ ਹੈ। ਪਤਾ ਨਹੀਂ ਕਿਵੇਂ ਤੇ ਕਿਥੋਂ ਸ਼ੁਰੂ ਹੋਈ। ਹਰ ਮਰਦ ਨੇ ਪੰਜੀ-ਪੰਜੀ ਪਾਉਣੀ ਹੁੰਦੀ ਹੈ ਤੇ ਉਨ੍ਹਾਂ ਪੈਸਿਆਂ ਦਾ ਮਿਲ ਕੇ ਖਾਣ ਪੀਣ ਚੱਲਦਾ ਹੈ। ਅੱਜ ਦੇ ਸਮੇਂ ਵਿੱਚ ਘੱਟੋ-ਘੱਟ 500 ਰੁਪਏ ਹਰੇਕ ਨੇ ਪਾਉਣੇ ਹਨ ਅਤੇ ਮਿਲ ਕੇ ਖਾਣ ਪੀਣ ਦਾ ਲੁਤਫ਼ ਲਿਆ ਜਾਂਦਾ ਹੈ।



**ਥੀਮ ਮੈਰਿਜ**

ਜਿਸ ਵਿਆਹ ਵਿੱਚ ਪਹਿਲਾਂ ਤੋਂ ਨਿਸ਼ਚਿਤ ਕਰ ਕੇ, ਬਾਕਾਇਦਾ ਯੋਜਨਾ ਬਣਾ ਕੇ ਵੱਖ-ਵੱਖ ਰਿਸ਼ਤੇਦਾਰ ਇੱਕੋ ਰੰਗ ਤੇ ਡਿਜ਼ਾਈਨ ਦੇ ਕੱਪੜੇ ਪਾਉਣ, ਉਹ ਥੀਮ ਮੈਰਿਜ ਅਖਵਾਉਂਦੀ ਹੈ। ਉਦਾਹਰਣ ਵਜੋਂ ਲਾੜਾ ਤੇ ਉਸਦੇ ਭਰਾਵਾਂ ਦੇ ਇੱਕੋ ਰੰਗ ਤੇ ਡਿਜ਼ਾਈਨ ਦੇ ਕੱਪੜੇ, ਇੱਕੋ ਰੰਗ ਦੀ ਪੱਗ ਹੋਵੇ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਸਾਰੇ ਜੀਜੇ ਅਤੇ ਫੁੱਫੜ ਇੱਕੋ ਤਰ੍ਹਾਂ ਦੇ ਕੱਪੜੇ ਪਾਉਣ। ਇਸੇ ਤਰ੍ਹਾਂ ਹੋਰ ਰਿਸ਼ਤੇਦਾਰੀਆਂ ਵਿੱਚ ਵੀ ਹੋ ਸਕਦਾ ਹੈ। ਲੜਕੇ ਅਤੇ ਲੜਕੀ ਵਾਲਿਆਂ ਦੇ ਪਰਿਵਾਰਾਂ ਨੂੰ ਅਲੱਗ ਦਰਸਾਉਣ ਲਈ ਵੀ ਕੁਝ ਇਸ ਤਰ੍ਹਾਂ ਦਾ ਹੋ ਸਕਦਾ ਹੈ। ਇਹ ਔਰਤਾਂ ਵਿੱਚ ਵੀ ਹੁੰਦਾ ਹੈ।

**ਹਨੀ ਮੂਨ**

ਵਿਆਹ ਤੋਂ ਤੁਰੰਤ ਬਾਅਦ ਵਿਆਹ ਵਾਲਾ ਲੜਕਾ ਆਪਣੀ ਪਤਨੀ ਨਾਲ ਕਿਸੇ ਘੁੰਮਣ ਵਾਲੀ ਥਾਂ 'ਤੇ ਜਾਂਦੇ ਹਨ। ਮਕਸਦ ਹੁੰਦਾ ਹੈ ਆਮ ਕੰਮ ਦੀਆਂ ਜ਼ਿੰਮੇਵਾਰੀਆਂ ਤੋਂ ਪਰ੍ਹੇ ਹੋ ਕੇ ਲੜਕੇ-ਲੜਕੀ ਦਾ ਇੱਕ ਦੂਸਰੇ ਪ੍ਰਤੀ ਪਿਆਰ ਮਜ਼ਬੂਤ ਕਰਨਾ ਤੇ ਨਵੇਂ ਜੀਵਨ ਦੀ ਸ਼ੁਰੂਆਤ ਨਵੇਂ ਚਾਵਾਂ ਨਾਲ ਕਰਨੀ। ਸਾਰੀ ਉਮਰ ਕੰਮ ਹੀ ਕਰਨੇ ਨੇ ਇਹ ਇੱਕ ਪੰਕਤੀ ਹੀ ਇਸ ਨੂੰ ਜਾਇਜ਼ ਠਹਿਰਾ ਦੇਣ ਲਈ ਬਥੇਰੀ ਹੈ।

**ਸਿਲਵਰ ਜੁਬਲੀ ਤੇ ਗੋਲਡਨ ਜੁਬਲੀ**

ਵਿਆਹ ਦੇ 25 ਸਾਲ ਇਕੱਠਿਆਂ ਬਿਤਾਉਣ ਤੋਂ ਬਾਅਦ ਸਿਲਵਰ ਜੁਬਲੀ ਤੇ ਵਿਆਹ ਦੇ 50 ਸਾਲ ਇਕੱਠਿਆਂ ਬਿਤਾਉਣ ਤੋਂ ਬਾਅਦ ਗੋਲਡਨ ਜੁਬਲੀ ਮਨਾਈ ਜਾਂਦੀ ਹੈ। ਜਿਸ ਵਿੱਚ ਜਿੱਥੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਪਾਰਟੀ ਤਾਂ ਦਿੱਤੀ ਹੀ ਜਾਂਦੀ ਹੈ, ਪਤੀ-ਪਤਨੀ ਆਪਸੀ ਪਿਆਰ ਤੇ ਸਾਂਝ ਨੂੰ ਵੀ ਨਵਿਆਉਂਦੇ ਹਨ। ਜਿਦਾਂ ਸਮਾਂ ਅੱਜਕੱਲ੍ਹ ਚੱਲ ਰਿਹਾ ਹੈ, ਗੋਲਡਨ ਤਾਂ ਦੂਰ, ਸਿਲਵਰ ਜੁਬਲੀ ਮਨਾ ਲੈਣ ਵਾਲੇ ਜੋੜਿਆਂ ਨੂੰ ਵੀ ਸਨਮਾਨਿਤ ਕਰਨਾ ਚਾਹੀਦਾ ਹੈ ਕਿਉਂਕਿ ਅੱਜ ਤਾਂ 25/50 ਮਹੀਨੇ ਲੰਘਣ 'ਤੇ ਹੀ ਤੋੜ-ਵਿਛੋੜ ਦੇ ਕਿੱਸੇ ਵੱਧ ਰਹੇ ਹਨ।

**ਸੀ ਆਫ ਪਾਰਟੀ**

ਕੁਝ ਦਹਾਕਿਆਂ ਤੋਂ ਵਿਦੇਸ਼ ਜਾਣ ਦਾ ਰੁਝਾਨ ਬਹੁਤ ਜ਼ਿਆਦਾ ਵਧਿਆ ਹੈ। ਜਦੋਂ ਕਿਸੇ ਲੜਕੇ ਜਾਂ ਲੜਕੀ ਨੇ ਵਿਦੇਸ਼ ਜਾਣਾ ਹੁੰਦਾ ਹੈ, ਉਸ ਦੇ ਜਾਣ ਤੋਂ ਪਹਿਲਾਂ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਨਾਲ ਪਾਰਟੀ ਸਾਂਝੀ ਕੀਤੀ ਜਾਂਦੀ ਹੈ ਜਿਸ ਨੂੰ ਸੀ ਆਫ ਪਾਰਟੀ ਜਾਂ ਵਿਦਾਇਗੀ ਪਾਰਟੀ ਕਿਹਾ ਜਾਂਦਾ ਹੈ। ਮੇਜ਼ਬਾਨ ਖਾਣ-ਪੀਣ ਦਾ ਪ੍ਰਬੰਧ ਕਰਦਾ ਹੈ ਤੇ ਮਹਿਮਾਨ ਦੁਆਵਾਂ ਅਤੇ ਸ਼ਗਨ ਆਦਿ ਦਿੰਦੇ ਹਨ ਕਿਉਂਕਿ ਉਸ ਤੋਂ ਬਾਅਦ ਛੇਤੀ ਮਿਲਣ ਦਾ ਸਮਾਂ ਨਹੀਂ ਮਿਲਣਾ ਹੁੰਦਾ।

**ਬੇਬੀ ਮੂਨ**

ਹਨੀ ਮੂਨ ਦੀ ਨਕਲ ਨਾਲ ਹੀ ਬਣਿਆ ਹੈ ਇਹ। ਬੱਚਾ ਹੋਣ ਤੋਂ ਬਾਅਦ 4-5 ਮਹੀਨੇ ਦੇ ਬੱਚੇ ਨੂੰ ਨਾਲ ਲੈ ਕੇ ਪਤੀ-ਪਤਨੀ ਕਿਸੇ ਘੁੰਮਣ ਵਾਲੀ ਥਾਂ 'ਤੇ ਜਾਂਦੇ ਹਨ। ਇਹ ਨਵੇਂ ਬੱਚੇ ਦਾ ਪਹਿਲਾ ਟੂਰ ਹੁੰਦਾ ਹੈ। ਉਸ ਨੂੰ ਦੁਨੀਆਂ ਦੇ ਰੰਗ ਤਮਾਸ਼ੇ ਦਿਖਾਏ ਜਾਂਦੇ ਹਨ।

ਨਵੇਂ ਯੁੱਗ ਵਿੱਚ ਪਹਿਲਾਂ ਨਾਲੋਂ ਆਰਥਿਕ ਪੱਖ ਤੋਂ ਸੁਧਾਰ ਹੋਇਆ ਹੈ ਪਰ ਨਾਲ ਦੀ ਨਾਲ ਦਿਖਾਵਾ ਤੇ ਫੈਸ਼ਨ ਵਧੇ ਹਨ। ਪਿਛਲੇ ਸਮੇਂ ਦੇ ਵਿਆਹ ਸ਼ਾਦੀਆਂ ਦੀਆਂ ਰਸਮਾਂ ਵਿੱਚ ਬਾਕੀ ਸੰਬੰਧੀ ਤੇ ਦੋਸਤਾਂ ਦੀ ਭਰਪੂਰ ਸ਼ਮੂਲੀਅਤ ਹੁੰਦੀ ਸੀ। ਪਰ ਅੱਜ ਦੀਆਂ ਇਨ੍ਹਾਂ ਰਸਮਾਂ ਵਿੱਚ ਮੇਜ਼ਬਾਨ ਨੇ ਸਾਰਾ ਖ਼ਰਚਾ ਅਤੇ ਸਾਰਾ ਪ੍ਰਬੰਧ ਆਪ ਹੀ ਕਰਨਾ ਹੁੰਦਾ ਹੈ। ਆਏ ਹੋਏ ਮਹਿਮਾਨ ਤਾਂ ਉਸ ਰਸਮ ਨੂੰ ਦੇਖਦੇ ਹਨ, ਮਾਣਦੇ ਹਨ, ਖਾਂਦੇ ਪੀਂਦੇ ਹਨ ਤੇ ਨੱਚਦੇ ਗਾਉਂਦੇ ਹਨ, ਪਰ ਕਿਸੇ ਵੀ ਤਰ੍ਹਾਂ ਉਹ ਨਾ ਤਾਂ ਕੰਮ ਕਰਵਾਉਂਦੇ ਹਨ ਤੇ ਨਾ ਹੀ ਪ੍ਰਬੰਧ ਕਰਵਾਉਣ ਵਿੱਚ ਮਦਦ ਹੀ ਕਰਦੇ ਹਨ। ਹਰ ਕੋਈ ਸਜਿਆ-ਸੰਵਰਿਆ ਮੂਵੀ ਦੇ ਅੱਗੇ ਘੁੰਮਦਾ ਨਜ਼ਰ ਆਉਂਦਾ ਹੈ। ਬਦਲਦੇ ਹੋਏ ਸਮੇਂ ਤੇ ਹਾਲਾਤ ਨੇ ਮਨੁੱਖ ਨੂੰ ਸਮੂਹਿਕ ਕਾਰਜਾਂ ਤੋਂ ਨਿੱਜ ਵੱਲ ਧੱਕ ਦਿੱਤਾ ਹੈ। ਉਸਦਾ ਨਿੱਜ ਹਰ ਖੇਤਰ ਵਿਚ ਮੋਹਰੀ ਹੈ। ਇਸੇ ਲਈ ਨਵੇਂ ਯੁੱਗ ਦੀਆਂ ਇਹ ਨਵੀਆਂ ਰਸਮਾਂ ਜਨਮ ਲੈ ਰਹੀਆਂ ਹਨ। ਦੇਖਾ-ਦੇਖੀ,ਕਰਜ਼ ਚੁੱਕ ਕੇ ,ਦਿਖਾਵੇ ਲਈ ਜਾਂ ਹਉਮੈ ਨੂੰ ਪੱਠੇ ਪਾਉਣ ਲਈ ਫ਼ਜ਼ੂਲ ਖ਼ਰਚ ਕਰ ਕੇ ਰਸਮ ਨਿਭਾਉਣੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਆਖੀ ਜਾ ਸਕੇਗੀ।








ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਪੁਸਤਕ ਰੀਵਿਊ

# ਪਿੰਡ ਬੀਹਲਾ ਦਾ ਇਤਿਹਾਸ




ਇਹ ਪੁਸਤਕ ਸ. ਰਾਮ ਸਿੰਘ ਬੀਹਲਾ ਦੀ ਰਚਨਾ ਹੈ ਜਿਹੜੀ ਕਿ ਪਿੰਡ ਬੀਹਲਾ ਦੇ ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਿਕ ਇਤਿਹਾਸ ਦੇ ਨਾਲ-ਨਾਲ ਬਾਬਾ ਬੁੱਢਾ ਜੀ ਦੀ ਵਿਰਾਸਤ ਬਾਰੇ ਭਾਵਪੂਰਤ ਜਾਣਕਾਰੀ ਪ੍ਰਦਾਨ ਕਰਦੀ ਹੈ। ਭਾਵੇਂ ਕਿ ਇਸ ਪੁਸਤਕ ਦਾ ਮਨੋਰਥ ਵਿਰਾਸਤ 'ਤੇ ਮਾਣ ਕਰਨ ਅਤੇ ਅਗਲੀ ਪੀੜ੍ਹੀ ਨੂੰ ਪਿਛੋਕੜ ਨਾਲ ਜੋੜਨ 'ਤੇ ਕੇਂਦਰਿਤ ਹੈ ਪਰ ਇਸ ਪਿੰਡ ਦੇ ਵਿਖਿਆਨ ਰਾਹੀਂ ਪੰਜਾਬ ਦੇ ਹੋਰਨਾਂ ਪਿੰਡਾਂ ਦੀ ਨੁਹਾਰ ਦੇ ਵੀ ਦਰਸ਼ਨ ਹੋ ਜਾਂਦੇ ਹਨ। ਪੰਜਾਬ ਦੇ ਬਰਨਾਲਾ ਜ਼ਿਲ੍ਹੇ ਵਿੱਚ ਪੈਂਦੇ ਇਸ ਇੱਕ ਪਿੰਡ ਨੂੰ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ ਬਲਕਿ ਪੰਜਾਬ ਵਿੱਚ ਪਿੰਡਾਂ ਦੀ ਬਦਲਦੀ ਆਬੋ-ਹਵਾ ਅਤੇ ਪ੍ਰਸਥਿਤੀਆਂ ਨੂੰ ਵੀ ਨਾਲ ਰੱਖ ਕੇ ਦੇਖਣ ਨਾਲ ਹੀ ਇਸ ਪਿੰਡ ਦੇ ਵਿਕਾਸ ਨੂੰ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ।

ਇਹ ਪਿੰਡ ਬਾਬਾ ਬੁੱਢਾ ਜੀ ਦੇ ਵੰਸ਼ਜ਼ਾਂ ਦੁਆਰਾ ਵਸਾਇਆ ਦੱਸਿਆ ਜਾਂਦਾ ਹੈ। ਇਸ ਲਈ ਜਿਸ ਵੀ ਖੋਜੀ ਦੇ ਮਨ ਵਿੱਚ ਇਸ ਪਿੰਡ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੁੰਦੀ ਹੈ, ਪਹਿਲਾਂ ਉਹ ਬਾਬਾ ਬੁੱਢਾ ਜੀ ਦੇ ਜੀਵਨ ਅਤੇ ਯੋਗਦਾਨ ਬਾਰੇ ਜਾਣਨ ਦਾ ਯਤਨ ਕਰਦਾ ਹੈ। ਬਾਬਾ ਜੀ ਨੂੰ ਇਤਿਹਾਸ ਦੀ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਤੋਂ ਪ੍ਰਭਵਿਤ ਹੋ ਕੇ ਉਹਨਾਂ ਦੀ ਸਿੱਖਿਆ ਅਤੇ ਸੰਦੇਸ਼ ਨਾਲ ਜੁੜੇ ਸਨ। ਗੁਰੂ ਘਰ ਦੀ ਸੇਵਾ ਕਰਦਿਆਂ ਇਹਨਾਂ ਨੇ ਇੰਨੀ ਉੱਚੀ ਪਦਵੀ ਪ੍ਰਾਪਤ ਕਰ ਲਈ ਸੀ ਕਿ ਜਦੋਂ ਵੀ ਕਿਸੇ ਗੁਰੂ ਸਾਹਿਬ ਨੂੰ ਗੁਰਿਆਈ ਦੀ ਬਖ਼ਸ਼ਿਸ਼ ਹੁੰਦੀ ਸੀ ਤਾਂ ਇਸ ਰਸਮ ਨੂੰ ਕਰਨ ਦੀ ਜ਼ਿੰਮੇਵਾਰੀ ਇਹਨਾਂ ਨੂੰ ਦਿੱਤੀ ਜਾਂਦੀ ਸੀ।

ਇਹਨਾਂ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਛੇ ਗੁਰੂ ਸਾਹਿਬਾਨ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਇਹਨਾਂ ਨੇ ਪੰਜ ਗੁਰੂ ਸਾਹਿਬਾਨ ਲਈ ਗੁਰਿਆਈ ਦੀ ਰਸਮ ਕੀਤੀ ਸੀ। ਇਹਨਾਂ ਤੋਂ ਬਾਅਦ ਇਹਨਾਂ ਦੇ ਵੰਸ਼ਜ਼ ਇਹ ਰਸਮ ਨਿਭਾਉਂਦੇ ਰਹੇ ਅਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੱਕ ਇਹ ਪਰੰਪਰਾ ਨਿਰੰਤਰ ਚੱਲਦੀ ਰਹੀ।

ਸਿੱਖ ਧਰਮ ਦੀ ਇਸ ਮਹਾਨ ਸ਼ਖ਼ਸੀਅਤ ਦੇ ਵੰਸ਼ਜ਼ਾਂ ਵੱਲੋਂ ਵਸਾਏ ਹੋਏ ਪਿੰਡ ਵਿਚੋਂ ਵਿਦਵਾਨ ਅਤੇ ਸੂਝਵਾਨ ਉਹਨਾਂ ਵੱਲੋਂ ਕਾਇਮ ਕੀਤੀਆਂ ਗਈਆਂ ਸਿੱਖਿਆਵਾਂ, ਪਰੰਪਰਵਾਂ ਅਤੇ ਭਾਵਨਾਵਾਂ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਹਨ।

ਭਾਵੇਂ ਕਿ ਸਮੇਂ ਦੇ ਨਾਲ-ਨਾਲ ਪਿੰਡ ਦੇ ਵਿਕਾਸ ਅਤੇ ਆਧੁਨਿਕਤਾ ਦੇ ਪ੍ਰਭਾਵ ਤੋਂ ਕੋਈ ਵੀ ਮੁਕਤ ਨਹੀਂ ਰਹਿ ਸਕਦਾ ਪਰ ਫਿਰ ਵੀ ਇਕ ਗੱਲ ਜਿਹੜੀ ਕਿ ਹਰ ਸਮੇਂ ਅਤੇ ਸਥਾਨ ਵਿੱਚ ਇਕੋ ਜਿਹੀ ਰੱਖੀ ਅਤੇ ਦੇਖੀ ਜਾ ਸਕਦੀ ਹੈ, ਉਹ ਹੈ ਮਨੁੱਖ ਦਾ ਕਿਰਦਾਰ।

ਪਿੰਡ ਦਾ ਬੰਦਾ ਭਾਵੇਂ ਕੋਈ ਵੀ ਕੰਮ ਕਰੇ ਉਸ ਦੇ ਕਿਰਦਾਰ ਨਾਲ ਅਕਸਰ ਪਿੰਡ ਦਾ ਕਿਰਦਾਰ ਜੁੜ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਪਿੰਡ ਦਾ ਇਤਿਹਾਸ ਲਿਖਦੇ ਸਮੇਂ ਉਹਨਾਂ ਤੱਥਾਂ ਦੀ ਵਧੇਰੇ ਖੋਜ ਕੀਤੀ ਜਾਂਦੀ ਹੈ ਜਿਹੜੀ ਕਿ ਪਿੰਡ ਦੀ ਮਾਣ-ਮਰਯਾਦਾ ਨੂੰ ਅੱਗੇ ਲਿਜਾਣ ਵਾਲੀ ਹੋਵੇ। ਲੇਖਕ ਨੇ ਇਸ ਪੁਸਤਕ ਵਿੱਚ ਵੀ ਅਜਿਹਾ ਕਾਰਜ ਕਰਨ ਦਾ ਹੀ ਯਤਨ ਕੀਤਾ ਹੈ। ਇਹਨਾਂ ਨੇ ਪਿੰਡ ਦਾ ਪਿਛੋਕੜ ਦੱਸਣ ਦੇ ਨਾਲ-ਨਾਲ ਉਹਨਾਂ ਸ਼ਖ਼ਸੀਅਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਪਿੰਡ ਨੂੰ ਬਚਾਉਣ ਅਤੇ ਅੱਗੇ ਲਿਜਾਣ ਦਾ ਯਤਨ ਕੀਤਾ ਹੈ। ਇਸ ਪਿੰਡ ਦੇ ਮਹਾਰਾਜਾ ਪਟਿਆਲਾ ਨਾਲ ਸੰਬੰਧ, ਧਾਰਮਿਕ ਅਸਥਾਨਾਂ ਦਾ ਵੇਰਵਾ, ਸ਼ਹੀਦਾਂ ਸੰਬੰਧੀ ਜਾਣਕਾਰੀ, ਸਮਾਜ ਸੇਵੀ ਸ਼ਖ਼ਸੀਅਤਾਂ ਅਤੇ ਸੰਸਥਾਵਾਂ, ਖਿਡਾਰੀਆਂ, ਰੀਤੀ ਰਿਵਾਜਾਂ ਅਤੇ ਪ੍ਰਮੁੱਖ ਹਸਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿਚੋਂ ਮਾਣ ਹਾਸਲ ਕਰਨ ਵਾਲੀਆਂ ਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਪੁਸਤਕ ਰੂਪ ਵਿੱਚ ਕਲਮਬੰਦ ਕੀਤੀਆਂ ਗਈਆਂ ਇਹ ਭਾਵਨਾਵਾਂ ਕੇਵਲ ਪਿੰਡ ਦੇ ਬੰਦਿਆਂ ਤੱਕ ਹੀ ਸੀਮਿਤ ਨਹੀਂ ਹਨ ਬਲਕਿ ਇਹਨਾਂ ਵਿੱਚ ਇਤਿਹਾਸ ਦੀਆਂ ਘਟਨਾਵਾਂ ਸੰਬੰਧੀ ਰੁਚੀ ਰੱਖਣ ਵਾਲਿਆਂ ਲਈ ਮਹੱਤਵਪੂਰਨ ਜਾਣਕਾਰੀ ਮੌਜੂਦ ਹੈ।

ਇਤਿਹਾਸ ਦੀਆਂ ਘਟਨਾਵਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਾ ਕੋਈ ਸੌਖਾ ਕਾਰਜ ਨਹੀਂ ਹੈ। ਇਸ ਵਿੱਚ ਬਹੁਤ ਸਾਰੀਆਂ ਐਸੀਆਂ ਘਟਨਾਵਾਂ ਮੌਜੂਦ ਹੁੰਦੀਆਂ ਹਨ ਜਿਨ੍ਹਾਂ ਸੰਬੰਧੀ ਤੱਥ ਜਾਂ ਤਾਂ ਧੁੰਦਲੇ ਅਤੇ ਜਾਂ ਫਿਰ ਅਲੋਪ ਹੋ ਜਾਂਦੇ ਹਨ। ਰਾਜਸੀ ਘਟਨਾਵਾਂ ਨਾਲ ਜੁੜੇ ਹੋਏ ਤੱਥਾਂ ਤੱਕ ਪੁੱਜਣਾ ਹੋਰ ਵੀ ਔਖਾ ਕਾਰਜ ਹੁੰਦਾ ਹੈ ਕਿਉਂਕਿ ਰਾਜਸੀ ਘਟਨਾਵਾਂ ਨਾਲ ਜੁੜੇ ਹੋਏ ਤੱਥ ਸਪਸ਼ਟਤਾ ਸਹਿਤ ਆਮ ਲੋਕਾਂ ਤੱਕ ਨਹੀਂ ਆਉਣ ਦਿੱਤੇ ਜਾਂਦੇ ਅਤੇ ਸਰਕਾਰੀ ਰਿਕਾਰਡ ਵਿੱਚ ਮੌਜੂਦ ਤੱਥ ਅਜਿਹੀ ਭਾਸ਼ਾ ਵਿੱਚ ਹੁੰਦੇ ਹਨ ਜਿਨ੍ਹਾਂ ਤੱਕ ਆਧੁਨਿਕ ਸਮੇਂ ਦੇ ਇਤਿਹਾਸਕਾਰ ਨਹੀਂ ਪੁੱਜ ਸਕਦੇ। ਇਸ ਤਰ੍ਹਾਂ ਬਹੁਤ ਸਾਰੇ ਭਰਮ ਭੁਲੇਖੇ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨੂੰ ਦੂਰ ਕਰਨਾ ਜਾਂ ਉਹਨਾਂ ਦੀ ਤਹਿ ਤੱਕ ਪੁੱਜਣਾ ਭਾਵੇਂ ਅਸੰਭਵ ਨਾ ਵੀ ਹੋਵੇ ਪਰ ਔਖਾ ਜ਼ਰੂਰ ਹੋ ਜਾਂਦਾ ਹੈ। ਤੱਥਾਂ ਦੀ ਗਹਿਰਾਈ ਤੱਕ ਪੁੱਜਣਾ ਖੋਜੀ ਦੀ ਦ੍ਰਿਸ਼ਟੀ ਅਤੇ ਬੌਧਿਕ ਉੱਚਤਾ 'ਤੇ ਨਿਰਭਰ ਕਰਦਾ ਹੈ। ਜਿਹੜੇ ਖੋਜੀ ਦਸਤਾਵੇਜ਼ਾਂ ਨੂੰ ਸਾਹਮਣੇ ਰੱਖ ਕੇ ਕਾਰਜ ਕਰਦੇ ਹਨ, ਉਹ ਪ੍ਰਾਪਤ ਤੱਥਾਂ ਦੇ ਵਿਸ਼ਲੇਸ਼ਣ ਰਾਹੀਂ ਸਿੱਟੇ 'ਤੇ ਪੁਜੱਣ ਦਾ ਯਤਨ ਕਰਦੇ ਹਨ।

ਭਾਵੇਂ ਕਿ ਦਸਤਾਵੇਜ਼ਾਂ ਦੇ ਅਧਾਰ 'ਤੇ ਕੀਤੀ ਗਈ ਖੋਜ ਨੂੰ ਬਹੁਤ ਹੱਦ ਤੱਕ ਪ੍ਰਮਾਣਿਕ ਮੰਨਿਆ ਜਾਂਦਾ ਹੈ ਪਰ ਇਸ ਵਿੱਚ ਇੱਕ ਵੱਡਾ ਦੋਸ਼ ਇਹ ਹੈ ਕਿ ਜਿਹੜੇ ਤੱਥ ਦਸਤਾਵੇਜ਼ਾਂ ਦਾ ਹਿੱਸਾ ਨਹੀਂ ਬਣ ਸਕੇ ਜਾਂ ਜਿਹੜੇ ਤੱਥਾਂ ਨੂੰ ਦਸਤਾਵੇਜ਼ਾਂ ਦਾ ਹਿੱਸਾ ਨਹੀਂ ਬਣਨ ਦਿੱਤਾ ਜਾਂਦਾ, ਉਹਨਾਂ ਦੀ ਅਣਹੋਂਦ ਨਾਲ ਇੱਕ ਪਾਸੜ ਸਿੱਟੇ ਸਾਹਮਣੇ ਆਉਂਦੇ ਹਨ। ਇਸ ਸੰਬੰਧੀ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਸੰਬੰਧੀ ਇੱਕ ਪਾਸੜ ਕੀਤੀਆਂ ਗਈਆਂ ਟਿੱਪਣੀਆਂ ਦੇ ਨਾਲ-ਨਾਲ 1984 ਦੀ ਸਿੱਖ ਨਸਲਕੁਸ਼ੀ ਸੰਬੰਧੀ ਅਲੋਪ ਕੀਤੇ ਗਏ ਤੱਥਾਂ ਨੂੰ ਦੇਖਿਆ ਜਾ ਸਕਦਾ ਹੈ। ਸਹੀ ਤੱਥਾਂ ਨੂੰ ਲੱਭਣ ਦਾ ਦੂਜਾ ਢੰਗ ਆਮ ਲੋਕਾਂ ਤੱਕ ਪੁੱਜ ਕੇ ਇਕੱਤਰ ਕੀਤੀ ਗਈ ਜਾਣਕਾਰੀ ਹੈ। ਇਹ ਸਮਝਿਆ ਜਾਂਦਾ ਹੈ ਕਿ ਇਤਿਹਾਸ ਦੀਆਂ ਜਿਹੜੀਆਂ ਘਟਨਾਵਾਂ ਸਰਕਾਰੀ ਦਸਤਾਵੇਜ਼ਾਂ ਵਿੱਚ ਦਰਜ ਨਹੀਂ ਹੁੰਦੀਆਂ, ਉਹ ਆਮ ਲੋਕਾਂ ਦੇ ਹਿਰਦੇ 'ਤੇ ਲਿਖੀਆਂ ਹੁੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਮੌਖਿਕ ਤੌਰ 'ਤੇ ਇਕੱਤਰ ਕੀਤੀ ਗਈ ਜਾਣਕਾਰੀ ਬਹੁਤ ਮਹੱਤਵਪੂਰਨ ਹੁੰਦੀ ਹੈ। ਭਾਵੇਂ ਕਿ ਜਾਣਕਾਰੀ ਦੇਣ ਵਾਲਿਆਂ ਦੇ ਬਿਆਨ ਨਿਜੀ ਭਾਵਨਾਵਾਂ ਤੋਂ ਮੁਕਤ ਨਹੀਂ ਹੁੰਦੇ ਪਰ ਸੂਝਵਾਨ ਖੋਜੀ ਵਿਭਿੰਨ ਇਲਾਕਿਆਂ ਅਤੇ ਵਿਅਕਤੀਆਂ ਤੋਂ ਜਾਣਕਾਰੀ ਪ੍ਰਾਪਤ ਕਰਦਾ ਹੈ ਅਤੇ ਇਹਨਾਂ ਨੂੰ ਇਤਿਹਾਸਕ ਸਰੋਤਾਂ ਤੋਂ ਪ੍ਰਾਪਤ ਹੋਏ ਦਸਤਾਵੇਜ਼ਾਂ ਦੇ ਨੇੜੇ ਰੱਖ ਕੇ ਦੇਖਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਮੌਖਿਕ ਅਤੇ ਗੈਰ-ਮੌਖਿਕ ਪਰੰਪਰਾ ਨੂੰ ਨਾਲ ਰੱਖ ਕੇ ਖੋਜ ਕਰਨ ਵਾਲੇ ਅਸਲ ਤੱਥਾਂ ਦੇ ਬਹੁਤ ਨੇੜੇ ਪੁੱਜ ਜਾਂਦੇ ਹਨ। ਭਾਵੇਂ ਕਿ ਇਸ ਵਿਧੀ ਰਾਹੀਂ ਖੋਜ ਕਰਨ ਵਾਲੇ ਬਹੁਤੇ ਇਤਿਹਾਸਕਾਰ ਨਜ਼ਰ ਨਹੀਂ ਆਉਂਦੇਪਰ ਫਿਰ ਵੀ ਕਿਤੇ- ਕਿਤੇ ਦੇਖਣ ਨੂੰ ਮਿਲ ਜਾਂਦੇ ਹਨ। ਸਿੱਖ ਇਤਿਹਾਸ ਵਿੱਚ ਗਿਆਨੀ ਗਿਆਨ ਸਿੰਘ, ਗਿਆਨੀ ਠਾਕੁਰ ਸਿੰਘ, ਭਾਈ ਵਿਸਾਖਾ ਸਿੰਘ, ਗਿਆਨੀ ਬਲਵੰਤ ਸਿੰਘ ਕੋਠਾਗੁਰੂ ਆਦਿ ਕਈ ਅਜਿਹੇ ਵਿਦਵਾਨ ਨਜ਼ਰ ਆ ਜਾਂਦੇ ਹਨ ਜਿਨ੍ਹਾਂ ਨੇ ਇਤਿਹਾਸਕ ਦਸਤਾਵੇਜ਼ਾਂ ਦੇ ਨਾਲ-ਨਾਲ ਮੌਖਿਕ ਪਰੰਪਰਾ ਨੂੰ ਵੀ ਆਪਣੀ ਖੋਜ ਦਾ ਅਧਾਰ ਬਣਾਇਆ ਹੈ। ਇਸੇ ਦ੍ਰਿਸ਼ਟੀ ਤੋਂ ਸ. ਰਾਮ ਸਿੰਘ ਬੀਹਲਾ ਦੇ ਇਸ ਖੋਜ ਕਾਰਜ ਨੂੰ ਵੀ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਪਿੰਡ-ਪਿੰਡ ਜਾ ਕੇ ਇਕੱਤਰ ਕੀਤੀ ਜਾਣਕਾਰੀ, ਪਟਵਾਰੀਆਂ ਦੇ ਰਿਕਾਰਡ ਅਤੇ ਇਤਿਹਾਸ ਦੀਆਂ ਪੁਸਤਕਾਂ ਨੂੰ ਫਰੋਲਣ ਉਪਰੰਤ ਇਸ ਪੁਸਤਕ ਦੀ ਰਚਨਾ ਕੀਤੀ ਹੈ। ਲੇਖਕ ਨੇ 2016 ਵਿੱਚ ਛਪੀ ਇਸ ਪੁਸਤਕ ਦਾ ਨਵਾਂ ਐਡੀਸ਼ਨ ਤਿਆਰ ਕੀਤਾ ਜਾ ਰਿਹਾ ਹੈ ਜਿਹੜਾ ਕਿ ਨਿਸਚਿਤ ਰੂਪ ਵਿੱਚ ਵਿਦਿਆਰਥੀਆਂ, ਖੋਜਾਰਥੀਆਂ ਅਤੇ ਆਮ ਪਾਠਕਾਂ ਲਈ ਲਾਹੇਵੰਦ ਸਾਬਤ ਹੋਵੇਗਾ। ਲੇਖਕ ਨੂੰ ਇਸ ਕਾਰਜ ਲਈ ਬਹੁਤ ਬਹੁਤ ਮੁਬਾਰਕਾਂ।



ਬਰਸੀ 'ਤੇ ਵਿਸ਼ੇਸ਼ ਲੇਖ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨਾ ਜੀ



ਡਾ. ਅਜੀਤ ਸਿੰਘ
ਕੋਟਕਪੂਰਾ



ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢ ਕਦੀਮ ਦਾ ਸਾਥੀ ਤੇ ਗੁਰੂ ਜੀ ਦੇ ਪਹਿਲੇ ਸਿੱਖਾਂ ਵਿੱਚ ਹੋਣ ਕਰਕੇ ਸਿੱਖ ਪੰਥ ਵਿੱਚ ਜੋ ਦਰਜਾ ਭਾਈ ਮਰਦਾਨੇ ਦਾ ਹੈ ਉਹ ਹੋਰ ਕਿਸੇ ਹਜ਼ੂਰੀ ਸਿੱਖ ਦਾ ਨਹੀਂ ਮੰਨਿਆ ਜਾ ਸਕਦਾ। ਸਿੱਖ ਸਾਹਿਤ ਤੇ ਇਤਿਹਾਸ ਵਿੱਚ ਭਾਈ ਮਰਦਾਨੇ ਨੂੰ ਬੜੀ ਭਾਰੀ ਅਹਿਮੀਅਤ ਪ੍ਰਾਪਤ ਹੈ। ਉਹ ਜਾਤ ਦਾ ਮਰਾਸੀ ਅਤੇ ਅੱਵਲ ਦਰਜੇ ਦਾ ਗਵੱਈਆ ਅਥਵਾ ਸੰਗੀਤਕਾਰ ਸੀ। ਜਨਮ ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ ) ਤੋਂ ਪਤਾ ਲਗਦਾ ਹੈ ਕਿ ਭਾਈ ਮਰਦਾਨਾ ਬੇਦੀਆਂ ਦਾ ਮਿਰਾਸੀ ਤੇ ਪਿੰਡ ਤਲਵੰਡੀ ਰਾਏ ਭੋਇ ਭੱਟੀ ਕੀ (ਹੁਣ ਪ੍ਰਸਿੱਧ ਨਗਰ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ ) ਦਾ ਵਸਨੀਕ ਸੀ। ਪ੍ਰੋਫ਼ੈਸਰ ਸਾਹਿਬ ਸਿੰਘ ਅਨੁਸਾਰ ਭਾਈ ਮਰਦਾਨਾ, ਚੋਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਦਾ ਪੁੱਤਰ ਸੀ, ਜਿਨ੍ਹਾਂ ਦਾ ਜਨਮ ਤਲਵੰਡੀ ਵਿੱਚ ਫੱਗਣ, ਸੰਮਤ 1516 ਨੂੰ ਹੋਇਆ। ਉਹ ਗੁਰੂ ਨਾਨਕ ਦੇਵ ਜੀ ਨਾਲੋਂ ਉਮਰੋਂ 9 ਸਾਲ 2 ਮਹੀਨੇ ਵੱਡਾ ਸੀ। ਮਰਦਾਨੇ ਨੂੰ ਰਾਗ ਦਾ ਬੜਾ ਸ਼ੌਕ ਸੀ। ਮਿਰਾਸੀਆਂ ਦਿਆਂ ਬੱਚਿਆਂ ਨੂੰ ਰਾਗ ਦੀ ਹੀ ਗੁੜ੍ਹਤੀ ਮਿਲਦੀ ਹੈ। ਉਸ ਦਾ ਪਿਆਰਾ ਤੰਤੀ-ਸਾਜ਼ ਰਬਾਬ ਸੀ। ਰਾਗ ਦੀ ਬਰਕਤ ਕਰਕੇ ਹੀ ਮਰਦਾਨੇ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਸੁਭਾਗ ਮਿਲਿਆ। ਇਸ ਦਾ ਨਾਮ ਸਤਿਗੁਰੂ ਜੀ ਦੇ ਨਾਮ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ।

ਪ੍ਰੋਫ਼ੈਸਰ ਸਾਹਿਬ ਸਿੰਘ ਅਨੁਸਾਰ ਸਿੱਖ-ਇਤਿਹਾਸ ਨੇ ਉੱਘੜ ਕੇ ਇਹ ਨਹੀਂ ਦੱਸਿਆ ਕਿ ਮਰਦਾਨੇ ਦਾ ਸਾਥ ਗੁਰੂ ਨਾਨਕ ਜੀ ਨਾਲ ਕਦੋਂ ਤੋਂ ਸ਼ੁਰੂ ਹੋਇਆ, ਪਰ ਪਿੰਡਾਂ ਦੇ ਜੀਵਨ ਨੂੰ ਜਾਨਣ ਵਾਲੇ ਇਹ ਅੰਦਾਜ਼ਾ ਲਾਏ ਬਿਨਾ ਨਹੀਂ ਰਹਿ ਸਕਦੇ ਕਿ ਸਾਥ ਛੋਟੀ ਉਮਰ ਤੋਂ ਹੀ ਬਣ ਗਿਆ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਪਿਤਾ, ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ, ਇਸ ਲਈ ਮਰਦਾਨੇ ਦੇ ਪਿਤਾ ਬਾਦਰੇ ਦਾ, ਬਾਬਾ ਕਾਲੂ ਜੀ ਪਾਸ ਨਿੱਤ ਆਉਂਦੇ ਜਾਂਦੇ ਰਹਿਣਾ ਕੁਦਰਤੀ ਗੱਲ ਸੀ। ਇਸ ਘਰੋਂ ਉਸ ਦੀਆਂ ਅਨੇਕਾਂ ਲੋੜਾਂ ਪੂਰੀਆਂ ਹੋਣ ਦੀ ਸੰਭਾਵਨਾ ਸੀ। ਪਿਓ ਦੇ ਸਬੱਬ ਮਰਦਾਨੇ ਦਾ ਵੀ ਉਨ੍ਹਾਂ ਦੇ ਘਰ ਜਾਣਾ ਕੁਦਰਤੀ ਸੀ। ਮਿਰਾਸੀ ਦਾ ਗੁਜਾਰਾ ਹੀ ਇਸੇ ਗੱਲ ਵਿਚ ਹੈ ਕਿ ਉਹ ਹਰੇਕ ਕਿਸਾਨ ਜਾਂ ਮਾਲਕ ਦੇ ਵੱਟ- ਬੰਨੇ ਉੱਤੇ ਜਾ ਕੇ ਸਦਾ ' ਪੀਰਾਂ ਦੀ ਰੱਖ, ਅੱਲਾ ਦੀ ਰੱਖ' ਆਖਦਾ ਰਹੇ। ਇਹੋ ਕਿਤਾ ਬਾਦਰੇ ਦਾ ਹੋ ਸਕਦਾ ਸੀ, ਤੇ ਬਾਦਰੇ ਨਾਲ ਉਸ ਦੇ ਪੁੱਤਰ ਮਰਦਾਨੇ ਦਾ। ਪਰ ਉਸ ਦੇ ਗੁਣ ਦੀ ਕਦਰ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਪਣਾ ਬਣਾ ਲਿਆ।

ਜਿੱਥੋਂ ਤੀਕ ਨਾਂਅ ਦਾ ਸਬੰਧ ਹੈ , ਪਹਿਲਾਂ ਮਾਈ ਲਖੋ ਦੇ ਛੇ ਬੱਚੇ ਪੈਦਾ ਹੋ ਕੇ ਮਰ ਚੁੱਕੇ ਸਨ ਇਸ ਲਈ ਉਸ ਨੇ ਇਸ ਸੱਤਵੇਂ ਬੱਚੇ ਦਾ ਨਾਂ 'ਮਰਜਾਣਾ' ਰੱਖਿਆ ਸੀ ਪਰ ਜਦ ਗੁਰੂ ਨਾਨਕ ਜੀ ਨੇ ਉਸ ਨੂੰ ਸੁਭਾਵਿਕ ਹੀ 'ਮਰਦਾਨਾ' ਕਹਿ ਕੇ ਸੱਦਿਆ ਤਾਂ ਉਹ ਅਮਰ ਪਦਵੀ 'ਮਰਦਾ ਨਾ' ਮਿਲਣ ਕਰ ਕੇ ਮਰਦਾਨਾ ਹੀ ਬਣ ਗਿਆ।

ਬਚਪਨ ਤੋਂ ਭਾਈ ਮਰਦਾਨੇ ਦੀ ਸਭ ਤੋਂ ਵਡੀ ਸਿਫਤ ਇਹੋ ਸੀ ਕਿ ਉਸ ਦਾ ਬੱਚਿਆਂ ਵਰਗਾ ਸਾਫ, ਸ਼ੁੱਧ ਅਤੇ ਮਿਲਾਪੜਾ ਸੁਭਾਅ, ਸੰਜੀਦਾ ਵਰਤਾਅ ,ਵਿਦਿਆ ਤੇ ਸੰਗੀਤ ਨਾਲ ਦਿਲੀ ਲਗਾਅ ਅਤੇ ਇਨਸਾਨੀਅਤ ਵੱਲ ਪੂਰੀ ਤਰ੍ਹਾਂ ਝੁਕਾਅ ਸੀ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਸੰਦ ਆਇਆ। ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਇਨਸਾਨੀਅਤ ਦੇ ਸੱਚੇ ਪਾਰਖੂ ਤੇ ਤਤਕਾਲੀਨ ਜਨ-ਸਮਾਜ ਦੇ ਸਹੀ ਰਹਿਬਰ ਸਨ, ਕਦੇ ਇੱਕ ਖਿਨ-ਪਲ ਵੀ ਮਰਦਾਨੇ ਨੂੰ ਆਪਣੇ ਨਾਲੋਂ ਵੱਖ ਕਰਨਾ ਪਸੰਦ ਨਾ ਕੀਤਾ।

ਭਾਈ ਮਨੀ ਸਿੰਘ ਨੇ ਭਾਈ ਮਰਦਾਨਾ ਦਾ ਗੁਰੂ ਪਾਤਸ਼ਾਹ ਨਾਲ ਪਹਿਲਾ ਮੇਲ ਲਗਭਗ 1480 ਈਸਵੀ ਵਿੱਚ ਹੋਇਆ ਦੱਸਿਆ ਹੈ। ਉਨ੍ਹਾਂ ਅਨੁਸਾਰ ਉਸ ਸਮੇਂ ਬਾਬਾ ਨਾਨਕ ਜੀ ਦੀ ਉਮਰ ਕੋਈ 11 ਕੁ ਸਾਲ ਦੀ ਸੀ ਤੇ ਮਰਦਾਨਾ 21 ਸਾਲਾਂ ਦਾ ਸੀ। ਦੋਵੇਂ ਪਿਆਰ ਦੇ ਬੰਧਨ ਵਿੱਚ ਬੰਨੇ ਗਏ ਸਨ। ਦੋਵੇਂ ਰਲ ਕੇ ਗਾਉਣ ਲੱਗੇ। ਦੋਹਾਂ ਦੀ ਸਾਂਝ ਰਾਗ ਸੀ। ਸ਼ਬਦ ਦਾ ਗਾਇਨ ਸਮੇਂ ਗੁਰੂ ਪਾਤਸ਼ਾਹ ਜਦ ਵੀ ਬੋਲਦੇ, ਇਹੋ ਹੀ ਆਖਦੇ, ਮਰਦਾਨਿਆ ਰਬਾਬ ਵਜਾਇ। ਕਾਈ ਸਿਫਤ ਖ਼ੁਦਾਇ ਦੇ ਦੀਦਾਰ ਦੀ ਕਰੀਏ । ਦੋਵੇਂ ਤਰੁਨਮ ਨਾਲ ਵਜਦ ਵਿੱਚ ਆ ਜਾਂਦੇ। ਕਿਸੇ ਅਗੰਮੀ ਰਸ ਨਾਲ ਸਰਸ਼ਾਰ। ਕਹਿਣ ਨੂੰ ਤਾਂ ਇੱਕ ਮੁਰਸ਼ਦ ਤੇ ਦੂਜਾ ਮੁਰੀਦ ਸੀ ਪਰ ਇਹ ਤਾਂ ਜਨਮਾਂ ਦੀ ਸਾਂਝ ਭਿਆਲੀ ਰੱਖਣ ਵਾਲੇ ਦੋ ਸੰਗੀ ਸਨ। ਦੋਵੇਂ ਇੱਕ ਦੂਜੇ ਸੰਗ ਸਾਥ ਨੂੰ ਮਾਣਦੇ। ਦੋਨਾਂ ਦੀ ਖ਼ੁਦਾਵੰਦ ਕਰੀਮ ਨਾਲ ਮੁਹੱਬਤ। ਉਮਰਾਂ ਦੇ ਕਈ ਵਰ੍ਹੇ ਇਕੱਠੇ ਬਿਤਾਏ। ਜਿਨ੍ਹਾਂ ਲੰਮਾ ਅਰਸਾ ਭਾਈ ਮਰਦਾਨੇ ਨੇ ਬਾਬੇ ਨਾਨਕ ਦੀ ਛੋਹ ਦਾ ਸੁਆਦ ਮਾਣਿਆ ਉਨ੍ਹਾਂ ਹੀ ਉਹਨਾਂ ਦਾ ਬਿੰਬ ਸਾਖੀਕਾਰਾਂ ਨੇ ਭੁੱਖਾ, ਤਿਹਾਇਆ, ਲਾਲਚੀ, ਮੰਗਤਾ ਤੇ ਡਰਪੋਕ ਜੇਹਾ ਬਣਾ ਕੇ ਉਭਾਰਿਆ । ਪ੍ਰੰਤੂ ਉਹ ਤਾਂ ਉਚੇ ਦਰਜੇ ਦਾ ਮਹਾਂਪੁਰਖ, ਨਿਰਛਲ, ਨਿਰਕਪਟ, ਹਲੀਮ ,ਸੂਰਮਾ ਜੋ ਵਖਤੈ ਉਪਰ ਲੜ ਮਰਨ ਵਾਲਾ, ਕਸ਼ਟਾਂ ਨੂੰ ਹੱਸ ਕੇ ਝੱਲਣ ਵਾਲਾ ,ਰਾਗ ਵਿਦਿਆ ਵਿੱਚ ਪ੍ਰਬੀਨ ਅਤੇ ਦਲੇਰ ਸ਼ਖਸ਼ੀਅਤ ਸੀ। ਗੁਰੂ ਜੀ ਦਾ ਅਜਿਹਾ ਸਾਥੀ ਬਣਿਆ, ਜਿਸ ਨੇ ਹਰ ਦੁੱਖ ਤੇ ਆਈ ਔਕੜ ਨੂੰ ਦਲੇਰੀ ਨਾਲ ਨਜੀਠਿਆ। ਕੌਡੇ ਰਾਖਸ਼ ਤੇ ਵਲੀ ਕੰਧਾਰੀ ਵਰਗਿਆਂ ਦਾ ਸਾਹਮਣਾ ਕੀਤਾ ਤੇ ਗੁਰੂ ਦੇ ਹੁਕਮਾਂ ਦੀ ਪਾਲਣਾ ਬੜੀ ਨਿਰਭੈਅਤਾ ਨਾਲ ਕੀਤੀ ।

ਮਰਦਾਨਾ ਆਪਣੇ ਪਿਤਾ ਦੇ ਵੇਲੇ ਦੀਆਂ ਗਾਇਕ ਢਾਣੀਆਂ ਦੀ ਸੰਗਤ ਵਿੱਚ ਸਾਜ਼-ਸੰਗੀਤ ਵਿੱਚ ਢਲ ਗਿਆ ਸੀ। ਉਹ ਸਾਰੰਗੀ ਤੇ ਰਬਾਬ ਦਾ ਮਾਹਿਰ ਉਸਤਾਦ ਬਣ ਗਿਆ। ਉਹ ਰਬਾਬ ਇਤਨੀ ਮਨਮੋਹਕ ਵਜਾਉਂਦਾ ਸੀ ਕਿ ਬਾਬਾ ਨਾਨਕ ਵੀ ਉਸ ਦੀ ਪ੍ਰਸ਼ੰਸਾ ਕਰਨੋ ਨਾ ਰਹਿ ਸਕਦੇ। ਹੁਣ ਗੁਰੂ ਨਾਨਕ ਸਾਹਿਬ ਜੀ ਨੇ ਮਾਨਵ ਕਲਿਆਣ ਦੇ ਤਰਾਨੇ ਲਿਖਣੇ ਤੇ ਗਾਉਣੇ ਸ਼ੁਰੂ ਕਰ ਦਿਤੇ । ਉਧਰ ਮਰਦਾਨੇ ਦੀ ਮਨ- ਮੁਗਧ ਰਬਾਬ ਨਾਲ ਗੁਰੂ ਬਾਬੇ ਦੀ ਰਸ ਭਰੀ ਆਵਾਜ਼ ਇੱਕ ਦੂਜੇ ਵਿੱਚ ਇਕ ਮਿਕ ਹੋ ਕੇ ਜੁਗ ਪਲਟਾਊ ਲਹਿਰ ਦਾ ਅਗਾਜ਼ ਕਰਨ ਲੱਗੀ। ਗੁਰੂ ਜੀ ਮਰਦਾਨੇ ਦੀ ਸਰਲਤਾ 'ਤੇ ਬਹੁਤ ਖੁਸ਼ ਹੋਏ ਤੇ ਆਖਣ ਲੱਗੇ ,ਮਰਦਾਨਿਆ ਉਚ ਨੀਚ ਜਾਤਾਂ ਦੇ ਭਰਮ ਤਾਂ ਲੋਕਾਂ ਨੇ ਪਾ ਦਿਤੇ । ਰੱਬ ਨੇ ਜਿਹੋ ਜਿਹਾ ਹੱਡ ਚੰਮ ਦਾ ਮੈਨੂੰ ਬਣਾਇਆ ਹੈ,ਤੇਹਾ ਹੀ ਤੈਨੂੰ ਬਣਾਇਆ ਹੈ। ਰੱਬ ਨੇ ਆਪਣੀ ਜੋਤ ਤੇਰੇ ਤੇ ਮੇਰੇ ਵਿੱਚ ਰੱਖੀ ਹੈ। ਰੱਬ ਨੇ ਤੈਨੂੰ ਕਈਆਂ ਨਾਲੋਂ ਚੰਗਾ ਬਣਾਇਆ ਹੈ ਕਿਓਂਕਿ ਤੈਨੂੰ ਰਾਗ ਦੀ ਸੂਝ ਦਿਤੀ ਹੈ। ਰਬਾਬ ਵਜਾਉਣ ਦਾ ਹੁਨਰ ਦਿਤਾ ਹੈ ਤੇ ਨਾਲ ਸੰਤੋਖ ਵੀ ਦਿਤਾ ਹੈ। ਤੂੰ ਸਮਾਜ ਦਾ ਢਾਢੀ ਬਣ ,ਮੈਂ ਸੱਚੇ ਪਰਮੇਸ਼ਰ ਦਾ ਢਾਢੀ । ਸਾਡੇ ਵਿੱਚ ਫਰਕ ਕੋਈ ਨਾ। ਤੂੰ ਵੀ ਰੱਬ ਦਾ ਢਾਢੀ ਬਣ ,ਤੇਰੇ ਸਾਰੇ ਮਨੋਰਥ ਪੂਰੇ ਹੋਣਗੇ । ਇਸ ਤਰਾਂ ਮਰਦਾਨੇ ਦਾ ਬਾਬੇ ਨਾਲ ਮੇਲ ਹੋਇਆ ਤੇ ਮਰਦਾਨਾ ਸਦਾ ਲਈ ਗੁਰੂ ਨਾਨਕ ਦਾ ਹੋ ਗਿਆ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਜਾਤੀ ਬੰਧਨਾਂ ਤੋਂ ਮੁਕਤ ਸਮਝਦੇ ਸਨ ਤੇ ਦਿਨੋ-ਦਿਨ ਜਾਤੀ-ਬੰਧਨਾਂ ਵਿੱਚ ਨਪੀੜੇ ਜਾ ਰਹੇ ਜਨ -ਸਮਾਜ ਨੂੰ ਸਦੀਵੀ ਜੀਵਨ-ਮੁਕਤੀ ਪ੍ਰਾਪਤ ਕਰਨ ਵਾਸਤੇ ਉਹ ਇਸ ਖੁਲ -ਦਿਲੀ ਦਾ ਉਪਦੇਸ਼ ਦਿੰਦੇ ਸਨ। ਗੁਰੂ ਗਰੰਥ ਸਾਹਿਬ ਜੀ ਵਿੱਚ ਅੰਗ 1329 ਉਪਰ ਸੁਭਾਏਮਾਨ ਪਰਭਾਤੀ ਰਾਗ ਵਿੱਚ ਪਹਿਲੇ ਪਾਤਸ਼ਾਹ ਜੀ ਲਿਖਦੇ ਹਨ ਕਿ

ਉਚਾ ਤੇ ਫੁਨਿ ਨੀਚੁ ਕਰਤ ਹੈ,ਨੀਚੁ ਕਰੇ ਸੁਲਤਾਨ ॥
ਜਿਨੀ ਜਾਣ ਸੁਜਾਣਿਆ,ਜਗਿ ਤੇ ਪੂਰੇ ਪਰਵਾਣ ॥
-(ਸਗਗਸ---ਅੰਗ 1329)

ਇਸੇ ਕਾਰਨ ਗੁਰੂ ਨਾਨਕ ਸਾਹਿਬ ਹਮੇਸ਼ਾ ਨੀਵਿਆਂ ਨੂੰ ਉੱਚਿਆਉਂਦੇ, ਸਲਾਹੁੰਦੇ ਤੇ ਵਡਿਆਉਂਦੇ ਹੋਏ ਕਹਿੰਦੇ ਹਨ

ਨੀਚਾ ਅੰਦਰ ਨੀਚ ਜਾਤਿ,ਨੀਚੀ ਹੂ ਅਤਿ ਨੀਚ ।
ਨਾਨਕ ਤਿਨ ਕੇ ਸੰਗ ਸਾਥ ,ਵਡਿਆਂ ਸੋ ਕਿਆ ਰੀਸ ।
ਜਿਥੇ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸ਼ੀਸ਼ ।
-(ਸਗਗਸ --ਅੰਗ 15 --ਸ੍ਰੀ ਰਾਗ ਮਹੱਲਾ 1 )

ਭਾਈ ਮਰਦਾਨਾ ਗੁਰੂ ਸਾਹਿਬ ਜੀ ਦਾ ਸਾਥੀ ਸੀ । ਉਸ ਦੇ ਮਨ ਅੰਦਰ ਜਦੋਂ ਵੀ ਕੋਈ ਸ਼ੰਕਾ ਪੈਦਾ ਹੁੰਦੀ ਤਾਂ ਉਹ ਬੜੀ ਦਲੇਰੀ ਨਾਲ ਬਾਬਾ ਜੀ ਤੋਂ ਸਪਸ਼ਟੀਕਰਣ ਲੈ ਲਿਆ ਕਰਦਾ ਸੀ । ਉਸ ਦੀ ਦਲੀਲ ਹਮੇਸ਼ਾ ਹੀ ਦਮਦਾਰ ਹੁੰਦੀ ਸੀ ਅਤੇ ਸਪਸ਼ਟੀਕਰਣ ਗੁਰੂ ਸਾਹਿਬ ਆਪ ਹੀ ਦਿਆ ਕਰਦੇ ਸਨ । ਜੇ ਕਰ ਉਸ ਦੀ ਤਸੱਲੀ ਨਾ ਹੁੰਦੀ ਤਾਂ ਉਹ ਦੁਬਾਰਾ ਪੁੱਛਣ ਤੋਂ ਘਬਰਾਉਂਦਾ ਨਹੀਂ ਸੀ। ਉਸ ਨੇ ਇਕ ਵਾਰ ਦੋਵੇਂ ਹੱਥ ਜੋੜ ਆਖਿਆ,'ਬਾਬਾ ਤੇਰਾ ਮੇਰਾ ਅੰਤਰ ਨਾਹੀਂ, ਤੂੰ ਖੁਦਾਇ ਦਾ ਡੂਮ ਹਉ ਤੇਰਾ ਡੂਮ । ਤੈਂ ਖੁਦਾਇ ਪਾਇਆ ਹੈ ,ਤੈਂ ਖੁਦਾਇ ਦੇਖਿਆ ਹੈ ,ਤੇਰਾ ਕਿਹਾ ਖੁਦਾਇ ਕਰਦਾ ਹੈ,ਮੇਰੀ ਬੇਨਤੀ ਹੈ ,ਇੱਕ, ਮੈਨੂੰ ਵਿਛੋੜਨਾ ਨਾਹੀਂ ਆਪ ਨਾਲੋਂ, ਨਾ ਏਥੇ,ਨਾ ਓਥੇ ,

ਬਾਬੇ ਗੁਰੂ ਨੇ ਉਸੇ ਵੇਲੇ ਰਹਿਮ ਕਰਕੇ ਫਰਮਾਇਆ ,ਮਰਦਾਨਿਆ ਤੁਧ ਉਪਰ ਮੇਰੀ ਖੁਸ਼ੀ ਹੈ। ਜਿਥੇ ਤੇਰਾ ਵਾਸਾ, ਉਥੇ ਮੇਰਾ ਵਾਸਾ।

ਭਾਈ ਮਰਦਾਨਾ ਜੀ ਦੇ ਨਾਲ ਗੁਰੂ ਬਾਬੇ ਨੇ ਅਨੇਕਾ ਬਚਨ ਬਿਲਾਸ ਕੀਤੇ । ਅਨੇਕ ਪ੍ਰਸ਼ਨ ਉਤਰ ਕਰਕੇ ਕਈ ਗੁਝੇ ਭਾਵ ਖੋਲ੍ਹੇ ਹਨ, ਉਦਾਹਰਨ ਵਜੋਂ-ਰਾਗਾਂ ਦੀ ਮਹੱਤਤਾ,ਸਮਾਂ ਕਿਹੜਾ ਚੰਗਾ, ਦਰਿਆ ਤੇ ਤਾਂ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਂਦਾ ਹੈ। ਇਹ ਸੰਸਾਰ ਮਾਨੋ ਦਰਿਆ ਹੈ,ਇਸ ਦਰਿਆ ਦਾ ਬੇੜਾ ਕੌਣ ਹੈ, ਲੰਘਾਵਣ ਵਾਲਾ ਕੌਣ ਹੈ ? ਮਨੁੱਖ ਖੁਦਾ ਨੂੰ ਮਿਲਦਾ ਕਿਵੇਂ ਹੈ ਤੇ ਵਿਛੜਦਾ ਕਿਵੇਂ ? ਜਿਸ ਨੇ ਉਸ ਨੂੰ ਪਾ ਲਿਆ, ਉਸ ਨੂੰ ਕਿਵੇਂ ਜਾਣੀਏ। ਇਤਨੇ ਸਵਾਲ ਪੁਛੇ ਹਨ । ਇਹਨਾਂ ਪ੍ਰਸ਼ਨਾਂ ਤੋਂ ਬਾਬੇ ਦੀ ਤੀਖਣ ਬੁਧੀ ਦਾ ਗਿਆਨ ਹੁੰਦਾ ਹੈ।

ਸੰਸਾਰ ਦੇ ਭਲ਼ੇ ਲਈ ਗੁਰੂ ਸਾਹਿਬ ਹਰੇਕ ਪ੍ਰਸ਼ਨ ਦਾ ਉਤਰ ਦਿੰਦੇ ਹਨ। ਰਾਗ ਤਾਂ ਸਭ ਭਲੇ ਹਨ ਪਰ ਸਭ ਤੋਂ ਭਲਾ ਉਹ ਹੀ ਹੈ ਜਿਸ ਦੁਆਰਾ ਉਹ ਚਿਤ ਆਵੇ । ਸਭ ਰੁਤੀ ਔਰ ਸਭੇ ਮਾਹ ਉਸੇ ਨੂੰ ਭਲੇ ਹਨ ਕਿ ਜਿਨ੍ਹਾਂ ਨੂੰ ਪਰਮੇਸ਼ਵਰ ਚਿਤ ਆਂਵਦਾ ਹੈ । ਬਾਣੀ ਬੋਹਿਥੁ ਹੈ ,ਗੁਰੂ ਲੰਘਾਵਣਹਾਰ ਮਲਾਹ ਹੈ ।

ਮਰਦਾਨੇ ਦੀ ਰਬਾਬ ਦਾ ਕਮਾਲ ਹੈ ਕਿ ਉਹਨਾਂ ਨੇ ਇਸਲਾਮੀ ਦੇਸ਼ਾਂ ਵਿੱਚ ਰਬਾਬ ਨਾਲ ਕੀਰਤਨ ਕਰਕੇ ਸਭ ਨੂੰ ਹੈਰਾਨ ਕਰ ਦਿਤਾ। ਭਾਈ ਗੁਰਦਾਸ ਜੀ ਨੇ 35 ਵੀਂ ਪੌੜੀ ਵਿੱਚ ਲਿਖਿਆ ਹੈ ਕਿ -

ਸੁੰਨ ਮੁਨ ਨਗਰੀ ਭਈ ਦੇਖ ਪੀਰ ਹੋਆ ਹੈਰਾਨਾ ।
ਵੇਖੈ ਧਿਆਨ ਲਗਾਏ ਕਰਿ ਇਕ ਫਕੀਰੁ ਵਡਾ ਮਸਤਾਨਾ ।

ਇਹਨਾਂ ਮੁਲਕਾਂ ਵਿੱਚ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦੇ ਕੀਰਤਨੀ ਸ਼ਬਦ ਗਾਏ। ਪੀਰ ਦੇ ਪੁੱਤਰ ਨੇ ਕਿਹਾ,ਜਾਂ ਇਹ ਕਾਫਰ ਹੈ ਜਾਂ ਬਾਉਲਾ। ਮਰਦਾਨੇ ਨੇ ਉਤਰ ਦਿਤਾ , ਮੈਂ ਬਾਵਲਾ ਨਹੀਂ ਮੁਰਸ਼ਦ ਦੀ ਆਵਾਜ਼ ਸੁਣਾ ਰਿਹਾ ਹਾਂ । ਜਦੋਂ ਉਹਨਾਂ ਕਿਹਾ ਕਿ ਆਪਣੇ ਮੁਰਸ਼ਦ ਨੂੰ ਬੁਲਾਓ । ਪੀਰ ਉਹ ਕਿਸੇ ਦੇ ਸਦਿਆਂ ਨਹੀਂ ਆਓਂਦਾ,ਬੇਪਰਵਾਹ ਹੈ । ਆਪ ਭਾਵੇਂ ਕਿਸੇ ਥਾਂ ਚਲਿਆ ਜਾਵੇ ।

ਮਰਦਾਨਾ ਜੀ ਜਿਹੀ ਮਹਾਨ ਸ਼ਖਸ਼ੀਅਤ ਦਾ ਸ਼ਬਦ ਚਿਤ੍ਰ ਪੇਸ਼ ਕਰਨਾ ਭਾਵੇਂ ਬੇਹੱਦ ਮੁਸ਼ਕਿਲ ਹੈ ਤਾਂ ਵੀ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਰੂਪਕ ਰੂਪ ਕਬਿੱਤ ਵਿੱਚ ਉਨ੍ਹਾਂ ਬਾਰੇ ਕਦੇ ਕੁਝ ਇਸ ਤਰਾਂ ਲਿਖਿਆ ਸੀ -

ਬਾਬਾ ! ਮੈਂ ਤਾਂ ਤਾਲੋਂ ਘੁਥਾ ਕਰਮ ਬੇਤਾਲੇ ਕਰਾਂ ,
ਸੁਰ ਨਹੀਂ ਮਿਲਦਾ, ਮੈਂ ਹੋ ਗਿਆ ਬੜਾ ਲਚਾਰ।
ਲੈ ਗਈ ਉੱਖੜ ਨ ਤਾਨ ਬੈਠਦੀ ਠਿਕਾਣੇ,
ਤੀਬਰ ਸਰਗਮ ਸੁਧ ਕਮਲ ਨਹੀਂ ਵਿਚਾਰ ।
ਵਾਦੀ ਤੇ ਸੰਵਾਦੀ ਅਨੁਵਾਦੀ ਨਾ ਗਿਆਨ ਕੁਝ ,
ਟੁਟੇ ਫੁਟੇ ਸਾਜ਼ ਲੈ ਕੇ ਢੱਠਾ ਆਣ ਤੇਰੇ ਦਵਾਰ।
ਮਿਹਰਾਂ ਦੇ ਸਾਈਂ ! ਮਰਦਾਨੇ ਨੂੰ ਇਸ਼ਾਰਾ ਕਰੀਂ ,
ਸੁਰ ਠੀਕ ਕਰੇ ਨਾਲੇ ਛੇੜੇ ਜ਼ਰਾ ਮੇਰੀ ਤਾਰ ।

ਗੁਰੂ ਨਾਨਕ ਸਾਹਿਬ ਜੀ ਨੇ ਸੁਲਤਾਨਪੁਰ ਲੋਧੀ ਤੋਂ ਚਲ ਕੇ ਚਾਰ ਸੰਸਾਰ ਫੇਰੀਆਂ (ਉਦਾਸੀਆਂ )ਕਰਨ ਤੋਂ ਪਹਿਲਾਂ ਭਾਈ ਲਾਲੋ ਤਰਖਾਣ (ਸਿੱਖ ) ਦੇ ਕੋਲ ਸੈਦਪੁਰ (ਐਮਨਾਬਾਦ ) ਪਹੁੰਚ ਕੇ ਰੋੜੀ ਸਾਹਿਬ ਦੇ ਸਥਾਨ ਉਤੇ ਬੜੀ ਭਾਰੀ ਤਪੱਸਿਆ ਕੀਤੀ,ਜਿਸ ਬਾਰੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਲਿਖਿਆ ਹੈ ਕਿ -

ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋ ਦੇ ਫਿਰ ਘਾਲਿ ਕਮਾਈ।
ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।

ਰਾਏ ਬੁਲਾਰ ਉਸ ਸਮੇਂ ਬੜਾ ਬਿਰਧ ਹੋ ਚੁਕਾ ਸੀ,ਇਸ ਲਈ ਭਾਈ ਮਰਦਾਨੇ ਹੱਥ ਉਸ ਦੀ ਪ੍ਰੀਤ-ਮਿਲਣੀ ਦਾ ਸੰਦੇਸ਼ ਪੁੱਜਣ ਉਤੇ ਗੁਰੂ ਨਾਨਕ ਖ਼ੁਦ ਸੈਦਪੁਰ ਤੋਂ ਤਲਵੰਡੀ ਪੁਜੇ ਤੇ ਭਾਈ ਮਰਦਾਨੇ ਸਮੇਤ,ਰਾਏ ਜੀ ਦੇ ਨਾਲ ਹੀ ਮਾਤਾ-ਪਿਤਾ ਨੂੰ ਵੀ ਮਿਲ ਗਏ ।

ਗੁਰੂ ਨਾਨਕ ਸਾਹਿਬ ਨੇ ਪਹਿਲਾਂ ਰੋੜੀ ਸਾਹਿਬ ਸੈਦਪੁਰ ਤਪ-ਸਾਧਨਾ ਕਰ ਕੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸਾਧਿਆ, ਨਾਲੇ ਇੱਕ ਵਾਰ ਤਲਵੰਡੀ ਵੀ ਹੋ ਆਏ ਤੇ ਫੇਰ ਇੱਕ ਚੰਗੇ ਯਾਤਰੀ ਵਾਂਗ ਲੰਮੇ ਸਫ਼ਰ 'ਤੇ ਨਿਕਲਣ ਲਈ ਕਮਰਾਂ ਕੱਸ ਲਈਆਂ ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਜਾਤੀ ਦਾ ਉਧਾਰ ਕਰਨ ਖਾਤਿਰ ਲੰਮੀਆਂ ਉਦਾਸੀਆਂ ਕੀਤੀਆਂ। ਇਹ ਉਦਾਸੀਆਂ ਪ੍ਰਚਾਰ ਫੇਰੀਆਂ ਹੀ ਸਨ ਅਤੇ ਇਤਿਹਾਸਕਾਰਾਂ ਨੇ ਇਹਨਾਂ ਪ੍ਰਚਾਰ ਫੇਰੀਆਂ ਨੂੰ ਉਦਾਸੀਆਂ ਲਿਖਿਆ ਹੈ ।

ਉਦਾਸੀ ਤੋਂ ਭਾਵ-ਉਦਾਸ ਬਿਰਤੀ ਜਾਂ ਵਿਰਕਤ ਬਿਰਤੀ ।

ਗੁਰੂ ਜੀ ਸੰਸਾਰਕ ਵਿਹਾਰ ਤੋਂ ਮੁਕਤ ਹੋ ਕੇ ਕੇਵਲ ਤੇ ਕੇਵਲ ਗੁਰੂ ਘਰ ਦਾ ਪ੍ਰਚਾਰ ਕਰ ਰਹੇ ਸਨ ਜਿਸ ਦਾ ਮੁਖ ਉਦੇਸ਼ ਲੋਕ-ਕਲਿਆਣ ਸੀ । ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਦੱਸਿਆ ਹੈ ਕਿ -

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥

ਮਰਦਾਨੇ ਸਮੇਤ ਚਾਰ ਉਦਾਸੀਆਂ ਇੱਕ ਨਿਸਚਿਤ ਸੋਚ-ਵਿਚਾਰ ਦੇ ਅਧੀਨ ਵਿਉਂਤ ਕੀਤੀਆਂ ਗਈਆਂ ਸਨ। ਭਾਈ ਮਰਦਾਨਾ ਸਤਿਗੁਰ ਦੇ ਰੰਗ ਵਿੱਚ ਪੂਰਨ ਪਦ ਨੂੰ ਪਹੁੰਚਾ । ਇੱਕ ਦਿਨ ਮਰਦਾਨੇ ਨੂੰ ਸਤਿਗੁਰਾਂ ਨੇ ਫਰਮਾਇਆ ਸੀ ਕਿ ਅਸੀਂ ਤੈਨੂੰ ਗੰਧਰਵ ਲੋਕ ਤੋਂ ਨਾਲ ਲਿਆਏ ਸੀ ਜਦੋਂ ਅਸੀਂ ਬੈਕੁੰਠ ਧਾਮ ਜਾਵਾਂਗੇ ਤਾਂ ਤੈਨੂੰ ਨਾਲ ਲੈ ਜਾਵਾਂਗੇ। ਸਤਿਗੁਰੂ ਜੀ ਫਰਮਾਉਂਦੇ ਹਨ ਕਿ ਤੁਧ ਬ੍ਰਹਮ ਪਛਾਤਾ ਹੈ ਤਾਂ ਤੇ ਤੂੰ ਬ੍ਰਾਹਮਣ ਹੋਇਆ। ਮਰਦਾਨਾ ਸਤਿਗੁਰਾਂ ਦੇ ਚਰਣੀ ਲੱਗਾ ਰਿਹਾ ਤੇ ਜੀਵਨ ਮੁਕਤ ਤੇ ਪਾਰਗਰਾਮੀ ਹੋ ਗਿਆ। ਮਰਦਾਨਾ ਬਾਕੀ ਉਮਰ ਕਿਸੇ ਕੰਦਰਾ ਗੁਫਾ ਵਿੱਚ ਨਹੀਂ ਬੀਤੀ ਪਰ ਸਤਿਗੁਰੂ ਦੇ ਚਰਨਾਂ ਵਿੱਚ ਸਾਧ ਸੰਗਤ ਨੂੰ ਹਰੀ ਜੱਸ ਸੁਣਾਉਂਦਿਆਂ ਸਫ਼ਲ ਹੋਈ। ਆਪ ਤਰਿਆ ਤੇ ਹੋਰਨਾਂ ਨੂੰ ਬੇੜੇ ਚਾੜਦਾ ਮਰਦਾਨਾ 'ਸਫਲ ਸਿੱਖ' ਹੋਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਦਿੱਲੀ ਦੇ ਗੁਰਦੁਆਰਾ ਸਾਹਿਬ

ਸੰਸਾਰ ਵਿੱਚ ਵੱਖ- ਵੱਖ ਸਥਾਨਾਂ 'ਤੇ ਵੱਖ- ਵੱਖ ਸਾਮਰਾਜਾਂ ਦਾ ਇਤਿਹਾਸ ਸਮੋਇਆ ਪਿਆ ਹੈ। ਉਸੇ ਤਰ੍ਹਾਂ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵੀ ਵਿਸ਼ਾਲ ਇਤਿਹਾਸ ਸਮੋਈ ਬੈਠੀ ਹੈ। ਦਿੱਲੀ ਦੱਖਣੀ ਏਸ਼ੀਆ ਵਿੱਚ ਕਈ ਸਾਮਰਾਜਾਂ ਦੀ ਰਾਜਧਾਨੀ ਸੀ।ਅਜੌਕੇ ਸਮੇਂ ਵਿੱਚ ਦਿੱਲੀ ਹਿੰਦੁਸਤਾਨ ਦੀ ਰਾਜਧਾਨੀ ਹੈ।ਇਸ ਨੂੰ ਹਿੰਦੁਸਤਾਨ ਦਾ ਦਿਲ ਵੀ ਕਿਹਾ ਜਾਂਦਾ ਹੈ। ਵੱਖ- ਵੱਖ ਸਾਮਰਾਜਾਂ ਵੱਲੋਂ ਦਿੱਲੀ 'ਤੇ ਕਬਜ਼ਾ ਕੀਤਾ ਗਿਆ।ਦਿੱਲੀ ਕਈ ਵਾਰੀ ਢੱਠੀ ਬਣੀ। ਦਿੱਲੀ ਸ਼ਾਇਦ ਇੰਦਰਪ੍ਰਸਥ ਦਾ ਸ਼ਹਿਰ ਜਾਂ ਹਸਤਨਾਪੁਰ ਹਾਥੀਆਂ ਦਾ ਸ਼ਹਿਰ ਹੈ।ਦਿੱਲੀ ਦੇ ਨੇੜੇ ਪਾਣੀਪਤ ਕੁਰਕਸ਼ੇਤਰ ਵਿਖੇ ਫੈਸਲਾਕੁੰਨ ਇਤਿਹਾਸਕ ਜੰਗਾਂ ਹੋਈਆਂ।ਭਾਗਵਤ ਗੀਤਾ ਵਿੱਚ ਦਰਸ਼ਾਏ ਮਹਾਂਕਾਵਿ ਯੁੱਧ ਸਮੇਤ ਹਿੰਦੂ, ਪਾਂਡਵਾਂ, ਹੜਪਨਾ, ਯੂਨਾਨੀ, ਮੌਰੀਆ, ਗੁਪਤ, ਸਿਥੀਅਨ, ਸਾਕਾ, ਕੁਸ਼ਾਨ, ਹਿਊਨ, ਰਾਜਪੂਤ, ਮੰਗੋਲ, ਤੁਰਕ, ਅਫਗਾਨ, ਫਾਰਸੀ, ਪਠਾਣ, ਮੁਗਲ, ਸਿੱਖ, ਮਰਾਠੇ ਤੇ ਅੰਗਰੇਜ਼ ਆਦਿ ਨੇ ਸਮੇਂ ਸਮੇਂ ਦਿੱਲੀ 'ਤੇ ਹਮਲੇ ਕੀਤੇ। ਇੱਥੋਂ ਦੀਆਂ ਘਟਨਾਵਾਂ ਵਿੱਚ ਸਮੂਹਿਕ ਲੁੱਟ, ਤਬਾਹੀ, ਹਮਲੇ, ਜਬਰੀ ਧਰਮ ਪਰਿਵਰਤਨ ਜੰਗਾਂ ਆਦਿ ਸ਼ਾਮਲ ਸਨ। ਹਰ ਇੱਕ ਰਾਜ ਨੇ ਆਪਣਾ ਪ੍ਰਭਾਵ ਛੱਡਿਆ। ਜਿਵੇਂ ਆਬਾਦੀ,ਮਸਜਿਦਾਂ, ਹਿੰਦੂ ਮੰਦਰ, ਸਿੱਖ ਗੁਰਦੁਆਰੇ, ਚਰਚਾ, ਮਹਿਲ, ਕੰਧਾਂ, ਮੀਨਾਰਾਂ, ਕਿਲੇ ਆਦਿ ਹਨ।

ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦਾ ਸਿੱਖ ਵਿਰਸੇ ਨਾਲ ਲੰਬਾ ਤੇ ਡੂੰਘਾ ਰਿਸ਼ਤਾ ਹੈ।ਪੰਜ ਸਿੱਖ ਗੁਰੂ ਸਾਹਿਬਾਨ ਨੇ ਦਿੱਲੀ ਦਾ ਦੌਰਾ ਕੀਤਾ ਹੈ। ਜਿਸ ਨਾਲ ਬਹੁਤ ਸਾਰੀਆਂ ਧਾਰਮਿਕ, ਰਾਜਨੀਤਿਕ ਘਟਨਾਵਾਂ ਵਾਪਰੀਆਂ ਹਨ। ਜਿਨ੍ਹਾਂ ਨੇ ਦਿੱਲੀ ਦੀ ਜੀਵਨ ਸ਼ੈਲੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।ਖਾਸ ਕਰਕੇ ਧਾਰਮਿਕ ਪੱਖ ਤੋਂ।ਸਿੱਖ ਵੀ ਹਿੰਦੂ ਅਤੇ ਮੁਸਲਮਾਨਾਂ ਦੇ ਮਿਸ਼ਰਤ ਸੱਭਿਆਚਾਰ ਦਾ ਅਹਿਸਾਸ ਕਰਵਾਉਂਦੇ ਹਨ।

ਸਿੱਖ ਇਤਿਹਾਸ ਵਿੱਚ ਦਿੱਲੀ ਦਾ ਬੜਾ ਮਹੱਤਵ ਹੈ ਕਿਉਂਕਿ ਇੱਥੇ ਬਹੁਤ ਮਹੱਤਵਪੂਰਨ ਗੁਰਦੁਆਰਾ ਸਾਹਿਬਾਨ ਸਥਿਤ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਦਿੱਲੀ ਨਾਲ ਰਾਬਤਾ ਰੱਖਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਕਈ ਵਾਰ ਦਿੱਲੀ ਠਹਿਰੇ। ਜਦ ਦਿੱਲੀ ਸ਼ਹਿਰ ਵਿੱਚ ਚੇਚਕ ਦੀ ਮਹਾਂਮਾਰੀ ਫੈਲ ਗਈ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸੰਗਤਾਂ ਨਾਲ ਮਿਲ ਕੇ ਬਿਮਾਰਾਂ, ਲਾਚਾਰਾਂ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ। ਇਸੇ ਦੌਰਾਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤਿ ਸਮਾ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕੀਤਾ ਗਿਆ।ਜਦੋਂ ਗੁਰੂ ਸਾਹਿਬ ਜੀ ਨੇ ਮੁਗਲ ਬਾਦਸ਼ਾਹ ਔਰੰਗਜੇਬ ਦੀ ਕਸ਼ਮੀਰ ਦੇ ਪੰਡਤਾਂ ਨੂੰ ਜਬਰੀ ਇਸਲਾਮ ਕਬੂਲ ਕਰਵਾਉਣ ਦੀ ਵੰਗਾਰ ਨੂੰ ਚੁਣੌਤੀ ਦਿੱਤੀ ਸੀ।

ਇਸ ਪ੍ਰਾਚੀਨ ਸ਼ਹਿਰ ਦੀ ਸੱਭਿਅਤਾ ਹਜ਼ਾਰਾਂ ਸਿੱਖਾਂ ਦੇ ਪਵਿੱਤਰ ਲਹੂ ਨਾਲ ਸਿੰਜੀ ਹੋਈ ਹੈ। ਸਿੱਖ ਧਰਮ ਸਤ ਦੀ ਬੁਨਿਆਦ 'ਤੇ ਖੜਾ ਹੈ। ਸਿੱਖਾਂ ਨੇ ਹਮੇਸ਼ਾ ਲੋਕ ਭਲਾਈ ਦੇ ਧਰਮ ਹੇਠ ਮਨੁੱਖੀ ਕਰਦਾਂ ਕੀਮਤਾਂ ਦੀ ਰਾਖੀ ਕੀਤੀ ਹੈ। ਧਰਮ ਦੀ ਪਾਲਣਾ ਕਰਦੇ ਹੋਏ ਦ੍ਰਿੜ ਭਰੋਸੇ ਨਾਲ ਹਰੇਕ ਮਨੁੱਖ ਦੀ ਪੂਰਨ ਆਜ਼ਾਦੀ ਲਈ ਜੂਝਦੇ ਰਹੇ ਹਨ। ਕਦੀ ਵੀ ਆਪਣੇ ਫ਼ਰਜ਼ ਤੋਂ ਪਿੱਛੇ ਨਹੀਂ ਹਟੇ।ਬਿਖਮ ਮਾਰਗਿ ਤੇ ਸੱਚ ਲਈ ਕੁਰਬਾਨ ਹੋਣ ਤੋਂ ਨਹੀਂ ਡੋਲੇ।ਗੁਰੂ ਅਰਜਨ ਦੇਵ ਸਾਹਿਬ ਜੀ ਤੋਂ ਸ਼ੁਰੂ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਸਿੱਖਾਂ ਦੀਆਂ ਕੁਰਬਾਨੀਆਂ ਸ਼ਹਾਦਤਾਂ ਦਾ ਗੌਰਵਮਈ ਵਿਸ਼ਾਲ ਵਿਰਸੇ ਦਾ ਇਤਿਹਾਸ ਹੈ। ਸਿੱਖ ਨਾਇਕਾਂ ਦੀ ਯਾਦ ਵਿੱਚ ਇਸ ਇਤਿਹਾਸਕ ਸ਼ਹਿਰ ਵਿੱਚ ਬਹੁਤ ਸਾਰੇ ਸਮਾਰਕ ਗੁਰਦੁਆਰਾ ਦੀਆਂ ਨਿਸ਼ਾਨੀਆਂ ਹਨ।

ਗੁਰੂ ਤੇਗ ਬਹਾਦਰ ਸਾਹਿਬ, ਬੰਦਾ ਬਹਾਦਰ, ਸਿੱਖ ਜਰਨੈਲਾਂ ਤੇ ਕਈ ਸੰਤਾਂ ਨੇ ਇਸ ਧਰਤੀ ਤੋਂ ਜੁਲਮ ਦੀ ਜੜ ਪੁੱਟਣ ਦਾ ਦ੍ਰਿੜ ਸੰਕਲਪ ਦਿਖਾਇਆ ਹੈ।ਜੇਕਰ ਇਹ ਕੁਰਬਾਨੀਆਂ ਨਾ ਹੁੰਦੀਆਂ, ਤਾਂ ਹਿੰਦੁਸਤਾਨ ਨੂੰ ਆਜ਼ਾਦੀ ਨਾ ਮਿਲਦੀ।

ਦਿੱਲੀ ਸ਼ਹਿਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ ਵੀ ਦਿੱਲੀ ਠਹਿਰੇ।ਉਪਰੰਤ ਖ਼ਾਲਸੇ ਦੀ ਮਾਤਾ ਸਾਹਿਬ ਕੌਰ ਜੀ ਨੇ ਵੀ ਦਿੱਲੀ ਨਿਵਾਸ ਕੀਤਾ ਹੈ।ਚਮਕੌਰ ਦੀ ਜੰਗ ਵੇਲੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਨੇ ਗੁਰੂ ਕੇ ਮਹਿਲਾਂ ਨੂੰ ਸੁਰੱਖਿਅਤ ਦਿੱਲੀ ਪਹੁੰਚਾਇਆ ਸੀ।ਭਾਈ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਰਹੇ ਅਤੇ ਬਾਬਾ ਦੀਪ ਸਿੰ ਜੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਰਹੇ ਹਨ।

ਦਿੱਲੀ ਦੀ ਸਰਜਮੀਨ ਦੀਆਂ ਗਲੀਆਂ ਮੁਗਲਾਂ ਦੇ ਤਸ਼ਦਦ ਦੀਆਂ ਗਵਾਹ ਹਨ। ਗੁਰਦਾਸ ਨੰਗਲ ਦੇ ਘੇਰੇ ਦੀ ਲੰਬੀ ਘੇਰਾਬੰਦੀ ਬਾਅਦ ਮੁਗਲਾਂ ਨੇ ਬਾਬਾ ਬੰਦਾ ਬਹਾਦਰ ਜੀ ਨੂੰ ਬੰਦੀ ਬਣਾ ਕੇ ਸਿੱਖਾਂ ਦਾ ਸਮੂਹਕ ਕਤਲੇਆਮ ਕੀਤਾ।ਬਾਬਾ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ ਮਜਾਕ ਦਾ ਸਬਬ ਬਣਾ ਕੇ ਦਿੱਲੀ ਦੀਆਂ ਗਲੀਆਂ ਵਿੱਚ ਜਲੂਸ ਕੱਢਿਆ।ਸਿੱਖਾਂ ਦੇ ਸਿਰ ਨੇਜਿਆਂ 'ਤੇ ਟੰਗ ਕੇ ਤੇ ਕਤਲ ਕਰਕੇ ਗੱਡਿਆਂ 'ਤੇ ਢੋਹੇ ਗਏ। ਬਾਬਾ ਜੀ ਦੇ ਚਾਰ ਸਾਲ ਦੇ ਪੁੱਤਰ ਦਾ ਵੀ ਬੇਰਹਿਮੀ ਨਾਲ ਕਤਲ ਕੀਤਾ। ਇਸ ਘਿਨੌਣੇ ਜੁਲਮ ਦੀ ਸੰਸਾਰ ਵਿੱਚ ਨਿਖੇਧੀ ਹੋਈ।

ਮੁਗਲ ਸਾਮਰਾਜ ਦੇ ਪਤਨ ਦੇ ਦਿਨਾਂ ਵਿੱਚ ਦਿੱਲੀ ਅਤੇ ਇਸ ਦੇ ਮੁਗਲ ਬਾਦਸ਼ਾਹ ਕਰੋੜਸਿੰਘੀਆਂ ਮਿਸਲ ਦੇ ਮਹਾਨ ਜਰਨੈਲ ਭਾਈ ਬਘੇਲ ਸਿੰਘ ਦੇ ਕੰਟਰੋਲ ਵਿੱਚ ਸਨ।ਜਿਸ ਨੂੰ ਦਿੱਲੀ ਦਾ ਜੇਤੂ ਮੰਨਿਆ ਜਾਂਦਾ ਹੈ। ਕਰੋੜਸਿੰਘੀਆਂ ਮਿਸਲ ਦਲ ਖ਼ਾਲਸਾ ਦੇ ਅਧੀਨ ਇੱਕ ਮਿਸਲ ਸੀ। ਜਿਸ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ ਕਰ ਰਹੇ ਸਨ। ਬਾਬਾ ਬਘੇਲ ਸਿੰਘ ਜੀ ਨੇ ਦਿੱਲੀ ਫਤਹਿ ਕਰਕੇ ਉਥੇ ਸਿੱਖ ਗੁਰਦੁਆਰਾ ਸਾਹਿਬ ਆਪਣੀ ਨਿਗਰਾਨੀ ਹੇਠ ਉਸਾਰੇ ਸਨ।ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ

ਬੰਗਲਾ ਸਾਹਿਬ: ਦਿੱਲੀ ਦੇ ਮਸ਼ਹੂਰ ਕਨਾਟ ਪਲੇਸ ਦੇ ਕੇਂਦਰ ਵਿੱਚ ਅਸ਼ੋਕ ਰੋਡ ਅਤੇ ਬਾਬਾ ਖੜਗ ਸਿੰਘ ਮਾਰਗ ਦੇ ਚੌਂਕ ਪੂਰਬ ਵੱਲ ਸਥਿਤ ਹੈ।ਇਸ ਪਵਿੱਤਰ ਅਸਥਾਨ ਦਾ ਸਬੰਧ ਸਿੱਖਾਂ ਦੇ ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਹੈ।ਇਸ ਦਾ ਇੱਕ ਸਰੋਵਰ ਹੈ।ਇਸ ਦੀ ਉਸਾਰੀ ਸਿੱਖ ਜਰਨੈਲ ਭਾਗਲ ਸਿੰਘ ਦੁਆਰਾ 1783 ਵਿੱਚ ਹੋਈ।ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜੇ ਦੇ ਰਾਜ ਦੌਰਾਨ ਉਹਨਾਂ ਦੀ ਨਿਗਰਾਨੀ ਹੇਠ ਦਿੱਲੀ ਵਿੱਚ ਗੁਰਦੁਆਰੇ ਉਸਾਰੇ ਗਏ ਸਨ।

ਮੁੱਢਲੇ ਤੌਰ 'ਤੇ ਇਹ ਅਸਥਾਨ ਮਿਰਜਾ ਰਾਜਾ ਜੈ ਸਿੰਘ ਦੀ ਹਵੇਲੀ ਸੀ।ਜਿਸਦਾ ਮੁਗਲ ਦਰਬਾਰ ਵਿੱਚ ਬੜਾ ਸਤਿਕਾਰ ਸੀ। ਇਸ ਅਸਥਾਨ ਦਾ ਅਸਲੀ ਨਾਉਂ ਜੈਸਿੰਘ ਪੁਰਾ ਪੈਲੇਸ ਸੀ।ਸਤਵੇਂ ਸਿੱਖ ਗੁਰੂ ਹਰਿਰਾਇ ਸਾਹਿਬ ਜੀ ਦੁਆਰਾ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਲਈ ਨਾਮਜ਼ਦ ਕੀਤਾ ਗਿਆ। ਉਹਨਾਂ ਦੇ ਵੱਡੇ ਭਰਾ ਰਾਮਰਾਇ ਜੀ ਦੁਆਰਾ ਗੁਰਗੱਦੀ ਹਥਿਆਉਣ ਲਈ ਨਾਪਾਕ ਕੋਸ਼ਿਸ ਵਿੱਚ ਮੁਗਲ ਬਾਦਸ਼ਾਹ ਤੋਂ ਮਦਦ ਮੰਗੀ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਤਲਬ ਕਰ ਲਿਆ।ਗੁਰੂ ਸਾਹਿਬ ਬਾਦਸ਼ਾਹ ਨੂੰ ਮਿਲਣਾ ਨਹੀਂ ਚਾਹੁੰਦੇ ਸਨ। ਸੰਗਤਾਂ ਵੱਲੋਂ ਦਰਸ਼ਨਾਂ ਦੀ ਬੇਨਤੀ 'ਤੇ ਉਹ ਦਿੱਲੀ ਆਉਣ ਲਈ ਰਜਾਮੰਦ ਹੋ ਗਏ।ਮਿਰਜਾ ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਦੀ ਰਿਹਾਇਸ਼ ਦੀ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲੈਂਦਿਆਂ, ਗੁਰੂ ਸਾਹਿਬ ਜੀ ਨੂੰ ਆਪਣੇ ਬੰਗਲੇ/ਹਵੇਲੀ ਵਿੱਚ ਠਹਿਰਾਇਆ ਤਾਂ ਉਸ ਸਥਾਨ ਦਾ ਨਾਮ ਬੰਗਲਾ ਸਾਹਿਬ ਪੈ ਗਿਆ। ਗੁਰੂ ਸਾਹਿਬ ਜੀ ਕੁਝ ਸਮਾਂ ਇਸ ਅਸਥਾਨ 'ਤੇ ਠਹਿਰੇ ਸਨ।

ਇੱਥੋਂ ਦੇ ਅਜਾਇਬ ਘਰ ਵਿੱਚ ਸਿੱਖ ਇਤਿਹਾਸ ਨਾਲ ਘਟਨਾਵਾਂ ਨੂੰ ਦਰਸਾਉਂਦੀਆਂ, ਤਸਵੀਰਾਂ, ਪੁਸਤਕਾਂ, ਗ੍ਰੰਥ ਆਦਿ ਜਿਵੇਂ ਸੁਖਮਨੀ ਸਾਹਿਬ, ਜਪੁ ਜੀ ਸਾਹਿਬ ਦੀਆਂ ਪੁਰਾਣੀਆਂ ਹੱਥ ਲਿਖਤਾਂ ਹਨ। ਗੁਰੂ ਅਰਜਨ ਦੇਵ ਸਾਹਿਬ ਜੀ ਦਾ ਹੱਥ ਲਿਖਤ ਮੂਲ ਮੰਤਰ, ਇੱਕ ਲਘੂ ਗ੍ਰੰਥ, ਸਿੱਖ ਗੁਰੂਆਂ ਦੇ ਰੰਗੀਨ ਚਿੱਤਰ, ਪੁਰਾਣੇ ਸਿੱਕੇ, ਰਣਭੂਮੀ ਦੇ ਦ੍ਰਿਸ਼ ਅਤੇ ਲਾਇਬ੍ਰੇਰੀ ਹੈ। ਇੱਕ ਹਸਪਤਾਲ ਤੇ ਇੱਕ ਲੜਕੀਆਂ ਦਾ ਖ਼ਾਲਸਾ ਸਕੂਲ ਹੈ।ਇੱਥੇ ਸੇਵਾਦਾਰਾਂ, ਸ਼ਰਧਾਲੂਆਂ ਅਤੇ ਯਾਤਰੀਆਂ ਦੀ ਵੱਡੀ ਆਮਦ ਰਹਿੰਦੀ ਹੈ।

ਸੀਸ ਗੰਜ: ਪੁਰਾਣੀ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ ਵਿੱਚ ਉਸ ਥਾਂ 'ਤੇ ਬਣਿਆ ਹੈ ਜਿੱਥੇ ਮੁਗਲ ਬਾਦਸ਼ਾਹ ਔਰੰਗਜੇਬ ਦੇ ਹੁਕਮਾਂ 'ਤੇ 24 ਨਵੰਬਰ 1675 ਦਿਨ ਬੁੱਧਵਾਰ ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਦਾ ਸੀਸ ਕਲਮ ਕਰ ਦਿੱਤਾ ਗਿਆ ਸੀ।ਗੁਰੂ ਸਾਹਿਬ ਜੀ ਨੇ ਇਸਲਾਮ ਕਬੂਲਣ ਤੋਂ ਇਨਕਾਰ ਕਰ ਦਿੱਤਾ ਸੀ। ਲੋਕਾਂ ਵਿੱਚ ਦਹਿਸ਼ਤ ਫੈਲ ਜਾਣ ਅਤੇ ਇਸਲਾਮ ਕਬੂਲ ਕਰ ਲੈਣਾ ਇਸਲਾਮੀ ਹਾਕਮਾਂ ਦੀ ਫਿਤਰਤ ਰਹੀ ਹੈ ਕਿ ਪਹਿਲਾਂ ਲਾਲਚ ਦਿਓ ਫਿਰ ਡਰਾਵੇ ਦਿਓ, ਫਿਰ ਤਸੀਹੇ ਦਿਓ।ਆਖਰ ਸ਼ਹੀਦ ਕਰੋ। ਇਸੇ ਸਿਲਸਿਲੇ ਵਿੱਚ ਸੜਕ ਦੇ ਪਾਰ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਥਾਣੇ ਦੇ ਸਥਾਨ 'ਤੇ ਗੁਰੂ ਸਾਹਿਬ ਦੇ ਮਹਾਨ ਸ਼ਰਧਾਲੂਆਂ ਅਰਥਾਤ ਵਫਾਦਾਰ ਚੇਲਿਆਂ ਭਾਈ ਮਤੀਦਾਸ, ਭਾਈ ਦਿਆਲਾ ਅਤੇ ਭਾਈ ਸਤੀਦਾਸ ਜੀ ਨੂੰ ਇੱਕਠਿਆਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਗੁਰੂ ਸਾਹਿਬ ਡੋਲੇ ਨਹੀਂ ਅਤੇ ਸ਼ਹੀਦੀ ਪ੍ਰਾਪਤ ਕਰ ਗਏ।ਉਹਨਾਂ ਦੀਆਂ ਲਾਸਾਨੀ ਸ਼ਹੀਦੀਆਂ ਦੀ ਯਾਦ ਵਿੱਚ ਗੁਰਦੁਆਰਾ ਸੀਸਗੰਜ ਦਿੱਲੀ ਸ਼ੁਸੋਭਿਤ ਹੈ।

ਮਜਨੂੰ ਕਾ ਟਿੱਲਾ ਸਾਹਿਬ: ਇਹ ਸ਼ਾਨਦਾਰ ਗੁਰਦੁਆਰਾ ਤਿਮਾਰਪੁਰ ਕਲੌਨੀ ਦੇ ਸਾਹਮਣੇ ਯਮੁਨਾ ਨਦੀ ਦੇ ਸੱਜੇ ਕੰਢੇ 'ਤੇ ਗ੍ਰੈਂਡ ਟਰੰਕ ਰੋਡ ਨੈਸ਼ਨਲ ਹਾਈਵੇ 1 ਦਿੱਲੀ 'ਤੇ ਸਥਿਤ ਹੈ। ਜਰਨੈਲ ਬਘੇਲ ਸਿੰਘ ਨੇ ਜਦੋਂ 1783 ਵਿੱਚ ਦਿੱਲੀ ਫਤਹਿ ਕਰ ਲਈ ਸੀ ਤਾਂ ਉਹ ਵੀ ਮਜਨੂੰ ਦੇ ਟਿੱਲੇ 'ਤੇ ਠਹਿਰੇ ਸਨ।ਉਹਨਾਂ ਵੱਲੋਂ ਇੱਕ ਛੋਟਾ ਜਿਹਾ ਗੁਰਦੁਆਰੇ ਦਾ ਢਾਂਚਾ ਬਣਵਾਇਆ ਗਿਆ ਸੀ। ਗੁਰਦੁਆਰਾ ਨੂੰ ਜਾਗੀਰ ਵੀ ਦਿੱਤੀ ਗਈ ਸੀ।ਸੰਨ 1950 ਵਿੱਚ ਦਿੱਲੀ ਦੀ ਸੰਗਤ ਵੱਲੋਂ ਵੀ ਉਸਾਰੀ ਕਰਵਾਈ ਗਈ ਸੀ।ਖ਼ਾਲਸਾ ਦਾ ਜਨਮ ਦਿਹਾੜਾ ਵਿਸਾਖੀ ਬੜੀ ਧੂੰਮਧਾਮ ਨਾਲ ਮਨਾਇਆ ਜਾਂਦਾ ਹੈ।ਦੂਰੋਂ ਨੇੜਿਓਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ।

ਇਸ ਦਾ ਇਤਿਹਾਸਕ ਨਾਮ ਮਜਨੂੰ ਦੀ ਪਹਾੜੀ ਜਾਂ ਟਿੱਲਾ ਹੈ।ਦਿੱਲੀ ਸਲਤਨਤ ਉੱਤੇ ਸਿਕੰਦਰ ਲੋਧੀ ਦੇ ਰਾਜ ਦੌਰਾਨ ਇੱਕ ਸਥਾਨਕ ਸੂਫੀ ਮਸਤ ਅਬਦੁੱਲਾ ਉਪਨਾਮ ਮਜਨੂੰ ਰਹਿੰਦਾ ਸੀ।ਮਜਨੂੰ ਯਾਤਰੀਆਂ ਨੂੰ ਮੁਫਤ ਯਮੁਨਾ ਨਦੀ ਦੇ ਪਾਰ ਲੈ ਜਾਂਦਾ ਸੀ।20 ਜੁਲਾਈ 1505 ਨੂੰ ਗੁਰੂ ਨਾਨਕ ਦੇਵ ਜੀ ਜਦ ਉਸ ਨੂੰ ਮਿਲੇ ਤਾਂ ਉਸ ਦੀ ਨਦੀ ਪਾਰ ਕਰਵਾਉਣ ਦੀ ਨਿਸ਼ਕਾਮ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਸਾਹਿਬ ਜੁਲਾਈ ਦੇ ਅੰਤ ਤਕ ਮਜਨੂੰ ਦੇ ਟਿੱਲੇ 'ਤੇ ਠਹਿਰੇ ਸਨ। ਦਿੱਲੀ ਦੇ ਬਹੁਤ ਸਾਰੇ ਸੂਫੀ ਸੰਤ ਗੁਰੂ ਸਾਹਿਬ ਜੀ ਨੂੰ ਮਿਲਣ ਆਉਂਦੇ ਰਹੇ।ਉਹਨਾਂ ਨਾਲ ਅਧਿਆਤਮਕ ਵਿਚਾਰ ਵਟਾਂਦਰਾ ਕਰਦੇ ਰਹੇ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਮਜਨੂੰ ਨੂੰ ਆਸ਼ੀਰਵਾਦ ਦਿੱਤਾ ਕਿ ਤੇਰਾ ਨਾਮ ਰਹੇਗਾ। ਮਜਨੂੰ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਗੁਰੂ ਸਾਹਿਬ ਨਾਲ ਮਜਨੂੰ ਦੇ ਮਿਲਾਪ ਦੀ ਯਾਦ ਵਿੱਚ ਗੁਰਦੁਆਰਾ ਮਜਨੂੰ ਕਾ ਟਿੱਲਾ ਸਥਾਪਿਤ ਹੋਇਆ। ਇਸ ਦੀ ਮਹਾਨਤਾ ਹੋਰ ਵੀ ਵੱਧ ਗਈ।ਜਦੋਂ ਬਾਦਸ਼ਾਹ ਜਹਾਂਗੀਰ ਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਿੱਲੀ ਬੁਲਾਇਆ ਗਿਆ ਤਾਂ ਗੁਰੂ ਸਾਹਿਬ ਵੀ ਮਜਨੂੰ ਦੇ ਟਿੱਲੇ 'ਤੇ ਹੀ ਠਹਿਰੇ ਸਨ।ਇਸ ਗੁਰਦੁਆਰਾ ਅਸਥਾਨ 'ਤੇ ਇੱਕ ਖੂਹ ਵੀ ਹੈ।ਇਹ ਗੁਰਦੁਆਰਾ ਪ੍ਰਾਚੀਨ ਇਤਿਹਾਸ ਦਾ ਪ੍ਰਮੁੱਖ ਗੁਰਦੁਆਰਾ ਹੈ।

ਬਾਬਾ ਬੰਦਾ ਸਿੰਘ ਬਹਾਦਰ : ਇਹ ਪ੍ਰਸਿੱਧ ਗੁਰਦੁਆਰਾ ਦਿੱਲੀ ਦੇ ਮਹਿਰੌਲੀ ਇਲਾਕੇ ਵਿੱਚ ਕੁਤਬਮੀਨਾਰ ਤੋਂ ਡੇਢ ਮੀਲ ਦੀ ਦੂਰੀ 'ਤੇ ਸਥਿਤ ਹੈ।ਇੱਥੇ ਬਾਬਾ ਬੰਦਾ ਸਿੰਘ ਬਹਾਦਰ ਜੀ , ਉਹਨਾਂ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਅਤੇ ਚਾਲੀ ਸਿੱਖਾਂ ਨੂੰ ਮੁਗਲਾਂ ਨੇ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ।

ਬੰਦਾ ਸਿੰਘ ਬਹਾਦਰ ਜੀ ਨੂੰ ਪੁੱਤਰ ਸਮੇਤ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਜੂਨ19,1716 ਨੂੰ ਮੁਗਲ ਸਾਸ਼ਕ ਫਾਰੂਕ ਸਿਆਰ ਦੇ ਹੁਕਮ ਨਾਲ ਉਹਨਾਂ ਨੂੰ ਦਿੱਨੀ ਦੀਆਂ ਗਲੀਆਂ ਰਾਹੀਂ ਮਹਿਰੌਲੀ ਸਥਿਤ ਸੂਫੀ ਸੰਤ ਖਵਾਜਾ ਬਖਤਿਆਰ ਕਾਕੀ ਦੀ ਦਰਗਾਹ ਤੇ ਘੁੰਮਾਇਆ ਗਿਆ।ਉਸ ਤੋਂ ਬਾਅਦ ਬਾਦਸ਼ਾਹ ਬਹਾਦਰ ਸ਼ਾਹ ਦੀ ਕਬਰ ਦੇ ਦੁਆਲੇ ਘੁੰਮਾਇਆ ਗਿਆ।ਫਿਰ ਧਰਮ ਪਰਿਵਰਤਨ ਜਾਂ ਮੌਤ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਹਨਾਂ ਨੂੰ ਅਤੇ ਉਹਨਾਂ ਦੇ ਸਾਥੀ ਸਿੱਖਾਂ ਨੇ ਮੌਤ ਨੂੰ ਕਬੂਲ ਕੀਤਾ। ਉਹਨਾਂ ਨੂੰ ਆਪਣੇ ਹੀ ਪੁੱਤਰ ਅਜੈ ਸਿੰਘ ਨੂੰ ਮਾਰਨ ਦਾ ਹੁਕਮ ਦਿੱਤਾ।ਬੱਚੇ ਦਾ ਕਤਲ ਕਰਕੇ ਉਸ ਦਾ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਧੱਕ ਦਿੱਤਾ।ਨੋਬਲ ਪੁਰਸਕਾਰ ਜੇਤੂ ਮਹਾਨ ਕਵੀ ਰਬਿੰਦਰ ਨਾਥ ਟੈਗੋਰ ਨੇ ਇਸ ਘਟਨਾ ਦਾ ਜ਼ਿਕਰ ਆਪਣੀ ਕਵਿਤਾ ਬੰਦਾ ਵੀਰ ਵਿੱਚ ਸਪਸ਼ਟ ਕੀਤਾ ਹੈ।ਇਹ ਗੁਰਦੁਆਰਾ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਦੀ ਨਿਸ਼ਾਨਦੇਹੀ ਕਰਦਾ ਹੈ। ਵਿਸਾਖੀ ਦੇ ਤਿਉਹਾਰ 'ਤੇ ਹਜ਼ਾਰਾਂ ਸ਼ਰਧਾਲੂ ਹਾਜ਼ਰੀ ਭਰਦੇ ਹਨ।

ਦਮਦਮਾ ਸਾਹਿਬ : ਇਹ ਗੁਰਦੁਆਰਾ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਹੈ। ਹਰ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਹੋਲਾ ਮਹੱਲਾ ਮਨਾਉਣ ਲਈ ਇਕੱਠੇ ਹੁੰਦੇ ਹਨ। ਇਹ ਨਵੀਂ ਦਿੱਲੀ ਦੇ ਰਿੰਗ ਰੋਡ 'ਤੇ ਹੁਮਾਯੂ ਦੇ ਮਕਬਰੇ ਨੇੜੇ ਸਥਿਤ ਹੈ। ਇਹ 1707 ਵਿੱਚ ਰਾਜ ਕੁਮਾਰ ਮੁਅਜਮ ਬਾਅਦ ਵਿੱਚ ਬਹਾਦਰ ਸ਼ਾਹ ਨਾਲ ਹੋਈ ਮੁਲਾਕਾਤ ਦੀ ਯਾਦ ਦਿਵਾਉਂਦਾ ਹੈ।ਔਰੰਗਜੇਬ ਦੀ ਮੌਤ ਤੋਂ ਬਾਅਦ ਰਾਜ ਕੁਮਾਰ ਨੇ ਆਪਣੇ ਭਰਾ ਨਾਲ ਗੱਦੀ ਦੇ ਉਤਰਾਧਿਕਾਰੀ ਦੀ ਲੜਾਈ ਵਿੱਚ ਗੁਰੂ ਸਾਹਿਬ ਤੋਂ ਮਦਦ ਮੰਗੀ ਸੀ। ਗੁਰੂ ਸਾਹਿਬ ਹੁਮਾਯੂ ਦੇ ਮਕਬਰੇ ਨੇੜੇ ਰਾਜਕੁਮਾਰ ਨੂੰ ਮਿਲੇ ਅਤੇ ਲੜਾਈ ਦੀ ਰਣਨੀਤੀ ਦੀ ਯੋਜਨਾ ਬਣਾਈ।ਮੁਲਾਕਾਤ ਦੇ ਦਿਨਾਂ ਵਿੱਚ ਹਾਥੀ ਅਤੇ ਬੈਲ ਦੀਆਂ ਖੇਡਾਂ ਦਾ ਵੀ ਆਨੰਦ ਮਾਣਿਆ। ਗੁਰੂ ਸਾਹਿਬ ਨੇ ਰਾਜਕੁਮਾਰ ਨੂੰ ਮਦਦ ਦੇਣ ਦਾ ਵਾਅਦਾ ਕੀਤਾ ਜੇ ਬਦਲੇ ਵਿੱਚ ਉਹ ਉਹਨਾਂ ਸਾਰਿਆਂ ਨੂੰ ਸਜ਼ਾ ਦੇਵੇਗਾ, ਜਿਹਨਾਂ ਨੇ ਸਿੱਖ ਕੌਮ ਅਤੇ ਧਰਮ 'ਤੇ ਅੱਤਿਆਚਾਰ ਕੀਤੇ ਹਨ। ਬਾਅਦ ਵਿੱਚ ਗੁਰੂ ਸਾਹਿਬ ਨੇ ਰਾਜ ਕੁਮਾਰ ਨੂੰ ਉਸ ਦੇ ਭਰਾ ਨੂੰ ਹਰਾਉਣ ਅਤੇ ਗੱਦੀ ਦਾ ਦਾਅਵਾ ਕਰਨ ਵਿੱਚ ਮਦਦ ਕੀਤੀ।

ਗੁਰਦੁਆਰਾ ਦਮਦਮਾ ਸਾਹਿਬ 1783 ਵਿੱਚ ਸਰਦਾਰ ਬਘੇਲ ਸਿੰਘ ਜਰਨੈਲ ਵੱਲੋਂ ਬਣਾਇਆ ਗਿਆ ਸੀ।ਜਦੋਂ ਉਹਨਾਂ ਦੀ ਅਗਵਾਈ ਵਿੱਚ ਦਿੱਲੀ ਫਤਹਿ ਹੋਈ ਸੀ। ਇਸ ਛੋਟੇ ਜਿਹੇ ਗੁਰਦੁਆਰੇ ਨੂੰ ਵਿਸਥਾਰ ਕਰਦਿਆਂ ਇੱਕ ਡਿਊਢੀ, ਗ੍ਰੰਥੀਆਂ ਅਤੇ ਸ਼ਰਧਾਲੂਆਂ ਲਈ ਇਮਾਰਤਾਂ ਬਣਾਈਆਂ।ਸੰਨ 1984 ਵਿੱਚ ਇੱਕ ਨਵੀਂ ਇਮਾਰਤ ਬਣਾਈ ਗਈ।

ਮਾਤਾ ਸੁੰਦਰੀ : ਇਹ ਗੁਰਦੁਆਰਾ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨਾਲ ਸਬੰਧਿਤ ਹੈ। ਜੋ ਕਿ ਤੁਰਕਮਾਨ ਗੇਟ ਦਿੱਲੀ ਦੇ ਨੇੜੇ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਦੇ ਪਿੱਛੇ ਸਥਿਤ ਹੈ। ਜਦੋਂ ਗੁਰੂ ਸਾਹਿਬ ਦੱਖਣ ਵੱਲ ਚਲੇ ਗਏ ਸਨ ਤਾਂ ਉਹਨਾਂ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਖ਼ਾਲਸੇ ਦੀ ਮਾਤਾ ਦਿੱਲੀ ਤੁਰਕਮਾਨ ਗੇਟ ਵਿਖੇ ਭਾਈ ਜਵਾਹਰ ਸਿੰਘ ਦੀ ਹਵੇਲੀ ਵਿੱਚ ਕੁਝ ਸਮਾਂ ਠਹਿਰੇ। ਬਾਅਦ ਵਿੱਚ ਮਾਤਾ ਸੁੰਦਰੀ ਜੀ ਆਪਣੇ ਅੰਤਿਮ ਸਮੇਂ ਤੱਕ ਗੁਰਦੁਆਰਾ ਵਿੱਚ ਰਹੇ।ਇੱਥੋਂ ਹੀ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਸੀ।

ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹਵੇਲੀ ਦੀ ਜਗ੍ਹਾ 'ਤੇ ਇੱਕ ਸ਼ਾਨਦਾਰ ਅਸਥਾਨ ਦਾ ਨਿਰਮਾਣ ਕੀਤਾ ਹੈ।ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਅਜਮੇਰੀ ਗੇਟ ਨੇੜੇ ਧਰਮਸ਼ਾਲਾ ਦਿਲਵਾਲੀ ਸਿੰਘ ਵੀ ਰਹੇ।ਗੁਰੂ ਸਾਹਿਬ ਜੀ ਨੇ ਦਿੱਲੀ ਨੂੰ ਇੱਕ ਸੁਰਖਿਅਤ ਸਥਾਨ ਸਮਝ ਕੇ ਇਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਖ਼ਾਲਸਾ ਪੰਥ ਨੇ ਮਾਤਾ ਸੁੰਦਰੀ ਜੀ ਦਾ ਬਹੁਤ ਸਤਿਕਾਰ ਕੀਤਾ ਹੈ। ਉਹਨਾਂ ਦੇ ਹੁਕਮਾਂ ਦੀ ਪਾਲਣਾ ਵੀ ਹੋਈ ਹੈ।ਮਾਤਾ ਸੁੰਦਰੀ ਜੀ 1747 ਵਿੱਚ ਅਕਾਲ ਚਲਾਣਾ ਕਰ ਗਏ। ਕੁਝ ਸਮੇਂ ਬਾਅਦ ਮਾਤਾ ਸਾਹਿਬ ਕੌਰ ਜੀ ਵੀ ਅਕਾਲ ਚਲਾਣਾ ਕਰ ਗਏ ਸਨ। ਦੋਹਾਂ ਦੀਆਂ ਅੰਤਮ ਰਸਮਾਂ ਨਦੀ ਦੇ ਕੰਢੇ ਗੁਰਦੁਆਰਾ ਬਾਲਾ ਸਾਹਿਬ ਵਿਖੇ ਹੋਈਆਂ।ਸ਼ਰਧਾਲੂ ਸੇਵਾਦਾਰ ਇਸ ਮਾਤਾ ਸੁੰਦਰੀ ਗੁਰਦੁਆਰਾ ਦੀ ਸੰਭਾਲ ਕਰਦੇ ਹਨ।

ਬਾਲਾ ਸਾਹਿਬ : ਇਹ ਸਿੱਖ ਇਤਿਹਾਸ ਦਾ ਪ੍ਰਸਿੱਧ ਗੁਰਦੁਆਰਾ ਹੈ। ਇਹ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਗੁਰੂ ਕੇ ਮਹਿਲ ਅਤੇ ਮਾਤਾ ਸਾਹਿਬ ਕੌਰ ਖ਼ਾਲਸੇ ਦੀ ਮਾਤਾ ਨਾਲ ਸਬੰਧਿਤ ਹੈ। ਜੋ ਭਗਵਾਨ ਨਗਰ ਨੇੜੇ ਆਸ਼ਰਮ ਬਾਹਰੀ ਰਿੰਗ ਰੋਡ ਨਵੀਂ ਦਿੱਲੀ 'ਤੇ ਸਥਿਤ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸਿੱਖਾਂ ਦੀ ਅਗਵਾਈ ਕਰਨ ਦਾ ਸ਼ੁੱਭ ਮੌਕਾ ਉਦੋਂ ਮਿਲਿਆ ਜਦੋਂ 1661 ਵਿੱਚ ਸਿੱਖਾਂ ਦੇ ਸੱਤਵੇਂ ਗੁਰੂ, ਗੁਰੂ ਹਰਿ ਰਾਇ ਸਾਹਿਬ ਜੀ ਨੇ ਗੁਰਗੱਦੀ ਲਈ ਨਾਮਜਦ ਕੀਤਾ। ਉਹਨਾਂ ਦੇ ਵੱਡੇ ਭਰਾ ਰਾਮਰਾਇ ਜੀ ਨੇ ਗੁਰਗੱਦੀ ਦਾ ਹੱਕਦਾਰ ਹੋਣ ਦੀ ਸ਼ਿਕਾਇਤ ਮੁਗਲ ਬਾਦਸ਼ਾਹ ਔਰੰਗਜੇਬ ਕੋਲ ਕੀਤੀ।ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਤਲਬ ਕਰ ਲਿਆ। ਗੁਰੂ ਸਾਹਿਬ ਬਾਦਸ਼ਾਹ ਨਾਲ ਮੁਲਾਕਾਤ ਨਹੀਂ ਕਰਨਾ ਚਾਹੁੰਦੇ ਸਨ।ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਅਤੇ ਅੰਬਰ ਦੇ ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਜੀ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲੈ ਲਈ। ਭਾਰੀ ਗਿਣਤੀ ਵਿੱਚ ਸੰਗਤਾਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸਰਵਣ ਕਰਨ ਆਉਣ ਲੱਗੀਆਂ।ਤਦ ਹੀ ਦਿੱਲੀ ਵਿੱਚ ਹੈਜਾ ਅਤੇ ਚੇਚਕ ਦਾ ਗੰਭੀਰ ਹਮਲਾ ਹੋਇਆ। ਗੁਰੂ ਸਾਹਿਬ ਜੀ ਨੇ ਘਰ ਘਰ ਜਾ ਕੇ ਲੋੜਵੰਦਾਂ ਬਿਮਾਰਾਂ ਲਾਚਾਰਾਂ ਦੀ ਸੇਵਾ ਕੀਤੀ।ਗੁਰੂ ਸਾਹਿਬ ਜੀ 'ਤੇ ਚੇਚਕ ਦਾ ਗੰਭੀਰ ਹਮਲਾ ਹੋਇਆ। ਆਪ 30 ਮਾਰਚ 1684 ਨੂੰ ਜੋਤੀ ਜੋਤਿ ਸਮਾ ਗਏ।

ਗੁਰੂ ਸਾਹਿਬ ਰਾਜਾ ਜੈ ਸਿੰਘ ਹਵੇਲੀ ਤੋਂ ਯਮਨਾ ਨਦੀ ਦੇ ਕੰਢੇ ਚਲੇ ਗਏ ਸਨ।ਇੱਥੇ ਹੀ ਗੁਰੂ ਸਾਹਿਬ ਜੀ ਦੀਆਂ ਅੰਤਿਮ ਰਸਮਾਂ ਹੋਈਆਂ। ਜਿੱਥੇ ਗੁਰਦੁਆਰਾ ਬਾਲਾ ਸਾਹਿਬ ਸਥਿਤ ਹੈ। ਇਹ ਅਸਥਾਨ ਮਹਾਰਾਣੀ ਬਾਗ ਕਾਲੋਨੀ ਦੇ ਦੂਸਰੇ ਪਾਸੇ ਰਿੰਗ ਰੋਡ 'ਤੇ ਸਥਿਤ ਹੈ।ਗੁਰਦੁਆਰਾ ਹੁਣ ਨਦੀ ਦੇ ਕੰਢੇ ਨਹੀਂ ਹੈ ਕਿਉਂਕਿ ਯਮਨਾ ਨੇ ਆਪਣਾ ਰਾਹ ਬਦਲ ਲਿਆ ਹੈ।ਬਾਲਾ ਸਾਹਿਬ ਗੁਰਦੁਆਰੇ ਦੇ ਪਵਿੱਤਰ ਅਸਥਾਨ 'ਤੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਖ਼ਾਲਸੇ ਦੀ ਮਾਤਾ ਦਾ ਸੰਸਕਾਰ ਹੋਇਆ ਹੈ।

ਗੁਰਦੁਆਰੇ ਦੀਆਂ ਪੁਰਾਣੀਆਂ ਅਤੇ ਨਵੀਂਆਂ ਦੋਵੇਂ ਇਮਾਰਤਾਂ ਨਾਲ ਨਾਲ ਸਥਿਤ ਹਨ।ਨਵੀਂ ਇਮਾਰਤ ਵਿੱਚ ਇੱਕ ਵੱਡਾ ਹਾਲ ਹੈ।ਇਹ 1957-58 ਵਿੱਚ ਮੁਕੰਮਲ ਹੋਇਆ ਸੀ।

ਨਾਨਕ ਪਿਆਓ: ਇਹ ਗੁਰਦੁਆਰਾ ਭਾਰਤ ਵਿੱਚ ਉੱਤਰੀ ਦਿੱਲੀ ਗ੍ਰੈਂਡ ਟਰੰਕ ਰੋਡ ਨੈਸ਼ਨਲ ਹਾਈਵੇ 1 ਨਿਊ ਰਾਣਾ ਪ੍ਰਤਾਪ ਬਾਗ ਵਿਖੇ ਸਥਿਤ ਹੈ।ਇਹ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਯਾਦ ਵਿੱਚ ਸਮਰਪਿਤ ਹੈ। ਸੁਲਤਾਨ ਸਿੰਕਦਰ ਸ਼ਾਹ ਲੋਧੀ ਦੇ ਰਾਜ ਦੌਰਾਨ 1505 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਸ ਜਗ੍ਹਾ ਦਾ ਦੌਰਾ ਕੀਤਾ ਸੀ। ਇਸ ਜਗ੍ਹਾ ਤੇ ਗੁਰਦੁਆਰਾ ਸ਼ੁਸੋਭਿਤ ਹੈ।ਸੰਗਤਾਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣਨ ਆਉਂਦੀਆਂ । ਭਾਈ ਮਰਦਾਨਾ ਸਮੇਤ ਸੰਗਤਾਂ ਗੁਰੂ ਸਾਹਿਬ ਜੀ ਨੂੰ ਕੀਮਤੀ ਤੋਹਫੇ ਭੇਟ ਚੜ੍ਹਾਉਂਦੀਆਂ।ਗੂਰੂ ਸਾਹਿਬ ਭੇਟ ਗਰੀਬਾਂ ਅਤੇ ਲੋੜਵੰਦਾਂ ਵਿੱਚ ਵੰਡ ਦਿੰਦੇ ਸਨ।ਇਸ ਤੋਂ ਇਲਾਵਾ ਗੁਰੂ ਕਾ ਲੰਗਰ ਅਟੁੱਟ ਵਰਤਦਾ ਸੀ।ਪਿਆਸਿਆਂ ਨੂੰ ਜਲ ਮਿਲ ਜਾਂਦਾ ਸੀ। ਜਗ੍ਹਾ ਦਾ ਨਾਉਂ ਪਿਆਓ ਹੋ ਗਿਆ ਅਰਥਾਤ ਪੀਣ ਲਈ ਤਰਲ ਪਦਾਰਥ ਪਾਣੀ। ਗੁਰੂ ਸਾਹਿਬ ਜੀ ਨੇ ਇੱਕ ਖੂਹ ਬਣਵਾ ਲਿਆ ਜਿਸ ਤੋਂ ਗੁਰੂ ਸਾਹਿਬ ਆਪ ਖੁਦ ਜਲ ਦੀ ਸੇਵਾ ਕਰਦੇ ਸਨ।ਸਮਾਂ ਪੈਣ 'ਤੇ ਗੁਰਦੁਆਰਾ ਨਾਨਕ ਪਿਆਓ ਹੋਂਦ ਵਿੱਚ ਆਇਆ। ਗੁਰੂ ਸਾਹਿਬ ਸ਼ਾਂਤੀ, ਸੇਵਾ, ਭਾਈਚਾਰਕ ਸਾਂਝ ਸਦਭਾਵਨਾ, ਅਹਿੰਸਾ ਦੇ ਦੂਤ ਸਨ।ਉਹਨਾਂ ਦੇ ਉਪਦੇਸ਼ਾਂ ਨੇ ਲੋਕਾਂ 'ਤੇ ਬੜਾ ਉਤਸ਼ਾਹਜਨਕ ਪ੍ਰਭਾਵ ਪਾਇਆ।ਉਹਨਾਂ ਦੇ ਅਧਿਆਤਮਕ ਮਾਰਗ ਦਰਸ਼ਨ ਵਿੱਚ ਨਿਸਚੈ ਰੱਖਦੇ ਸਨ। ਜਿਥੋਂ ਉਹਨਾਂ ਨੂੰ ਅਧਿਆਤਮਕ ਮੁਕਤੀ ਦਾ ਸੰਦੇਸ਼ ਮਿਲਿਆ। ਇੱਥੇ ਬਾਰਾਂ ਵਿੱਚ ਸੰਗਤਾਂ ਜੁੜਦੀਆਂ ਸਨ।

(ਬਾਕੀ ਸਫ਼ਾ 30 'ਤੇ)




ਪੰਜ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਨੂੰ ਇੱਕ ਫ਼ਲਸਫ਼ੇ ਨਾਲ ਬੰਨ੍ਹਿਆ ਸੀ। ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ। ਇਸ ਫ਼ਲਸਫ਼ੇ ਦਾ ਮਹਾਤਮ ਅੱਜ ਵੀ ਓਨਾ ਹੀ ਸਾਰਥਕ ਹੈ ਜਿੰਨਾ ਉਸ ਵੇਲੇ ਸੀ। ਅੱਜ ਜਦੋਂ ਇਹ ਦੁਨੀਆ ਵਿਕਾਸ ਦੀਆਂ ਨਿੱਤ ਨਵੀਆਂ ਪੈੜਾਂ ਸਿਰਜਦੀ ਹੋਈ ਅੱਗੇ ਵਧਦੀ ਜਾ ਰਹੀ ਹੈ, ਇਸ ਪ੍ਰਕਿਰਿਆ ਵਿੱਚ ਕੁਦਰਤ ਨਾਲ ਸਭ ਤੋਂ ਵੱਧ ਖਿਲਵਾੜ ਹੋ ਰਿਹਾ ਹੈ।

ਕੁਦਰਤੀ ਸੋਮੇ ਪੌਣ, ਪਾਣੀ ਤੇ ਧਰਤ ਦੀ ਹਰ ਤਹਿ ਵਰਤ-ਫੋਲ ਕੇ ਮਨੁੱਖ ਸਾਰੀ ਕਾਇਨਾਤ ਦਾ ਕਿੰਗ' ਬਣਨ ਵੱਲ ਲਗਾਤਾਰ ਓਹੜ-ਪੋਹੜ ਕਰ ਰਿਹਾ ਹੈ। ਇਸ ਸਾਰੇ ਵਰਤਾਰੇ ਨੇ ਕੁਦਰਤ ਲਈ ਨਵੀਆਂ ਚਿੰਤਾਵਾਂ ਪੈਦਾ ਕੀਤੀਆਂ ਹਨ। ਬੇਸ਼ੱਕ ਵਿਕਾਸ ਮਨੁੱਖ ਦਾ ਨਿੱਜੀ ਮਸਲਾ ਹੈ ਪਰ ਇਸ ਨਿੱਜ ਤੋਂ ਬਾਹਰ ਆ ਕੇ ਜਦੋਂ ਉਹ ਅਗਲਾ ਕਦਮ ਪੁੱਟਦਾ ਹੈ ਤਾਂ ਇਕ ਨਵੇਂ ਕਿਸਮ ਦੀ ਦੌੜ ਨੂੰ ਜਨਮ ਦਿੰਦਾ ਹੈ।



# ਸਾਡੇ ਵੱਸੋਂ ਬਾਹਰ ਨਾ ਹੋ ਜਾਣ ਵਾਤਾਵਰਣ 'ਚ ਪੈਦਾ ਹੋ ਰਹੇ ਵਿਗਾੜ

ਆਲਮੀ ਪੱਧਰ 'ਤੇ ਜਿੰਨੀ ਕੁਦਰਤ ਵਿਸ਼ਾਲ ਹੈ, ਓਨਾ ਹੀ ਮਨੁੱਖ ਵਿਸਥਾਰ ਕਰਨਾ ਚਾਹ ਰਿਹਾ ਹੈ। ਆਲਮੀ ਤਪਸ਼, ਪਹਾੜਾਂ 'ਤੇ ਜੰਮੀ ਬਰਫ਼, ਧਰਤੀ ਹੇਠਲੇ ਪਾਣੀ ਦਾ ਪੱਧਰ ਨਿਰੰਤਰ ਨੀਵਾਂ ਜਾਣਾ ਤੇ ਅੱਜ ਦੇ ਆਧੁਨਿਕ ਯੁੱਗ 'ਚ ਪੈਦਾ ਹੋਏ ਏਕਿਊਆਈ ਵਰਗੇ ਨਵੇਂ ਸ਼ਬਦ ਵੀ ਮਨੁੱਖ ਦੀ ਇਸ ਵਿਕਾਸ ਕਰਨ ਦੀ ਰੀਝ ਦਾ ਹੀ ਪੁੱਠਾ ਪਾਸਾ ਸਾਬਿਤ ਹੋ ਰਹੇ ਹਨ। ਮੌਸਮ ਲਗਾਤਾਰ ਆਪਣਾ ਮਿਜ਼ਾਜ ਬਦਲ ਰਿਹਾ ਹੈ।

ਦੋ-ਢਾਈ ਦਹਾਕੇ ਜ਼ਹਿਰੀਲੀਆਂ ਗੈਸਾਂ ਨਾਲ ਧਰਤੀ ਦੀ ਓਜ਼ੋਨ ਪਰਤ 'ਚ ਸੁਰਾਖ਼ ਹੋਣ ਕਾਰਨ ਪੈਦਾ ਹੋਣ ਵਾਲੇ ਨੁਕਸਾਨਾਂ ਦਾ ਵੀ ਚਰਚਾ ਛਿੜਦਾ ਰਿਹਾ ਹੈ ਜਦਕਿ ਇਹ ਸਮੱਸਿਆ ਅੱਜ ਵੀ ਬਰਕਰਾਰ ਹੈ। ਜਦੋਂ ਤੱਕ ਕੋਈ ਸਮੱਸਿਆ ਅਖ਼ਬਾਰਾਂ, ਟੀਵੀ ਚੈਨਲਾਂ, ਸੋਸ਼ਲ ਮੀਡੀਆ ਦੀਆਂ ਤੱਤੀਆਂ ਜਾਣਕਾਰੀਆਂ ਦਾ ਹਿੱਸਾ ਨਾ ਬਣੇ, ਸਾਡੇ ਵੀ ਚੇਤਿਆਂ 'ਚ ਨਹੀਂ ਆਉਂਦੀ। ਕਦੇ ਰਾਤ ਵੇਲੇ ਮੱਠੀ-ਮੱਠੀ ਠੰਢ ਮਹਿਸੂਸ ਹੋਣ ਲੱਗਦੀ ਹੈ ਤੇ ਕਦੇ ਦਿਨ ਦਾ ਤਾਪਮਾਨ ਗਰਮ ਮਹਿਸੂਸ ਲੱਗਦਾ ਹੈ। ਕਿਸਾਨਾਂ ਵੱਲੋਂ ਪਰਾਲੀ ਸਾੜਨ ਕਾਰਨ ਪੈਦਾ ਹੋਇਆ ਧੂੰਆਂ ਤੇ ਸਮੌਗ ਜ਼ਰੂਰ ਘੱਟ ਵਿਜ਼ੀਬਿਲਟੀ ਦਾ ਕਾਰਨ ਬਣ ਰਿਹਾ ਹੈ।

ਚੰਡੀਗੜ੍ਹ ਵਰਗਾ ਹਰਿਆਲੀ ਨਾਲ ਭਰਿਆ ਹੋਇਆ ਸ਼ਹਿਰ ਵੀ 400 ਏਕਿਊਆਈ 'ਤੇ ਹਵਾ ਪ੍ਰਦੂਸ਼ਣ ਦੀ ਮਾਰ ਤੋਂ ਬਚ ਨਹੀਂ ਸਕਿਆ ਹੈ। ਇਹੀ ਹਾਲ ਪੰਜਾਬ ਦੇ ਬਹੁਤੇ ਸ਼ਹਿਰਾਂ ਦਾ ਹਾਲ ਹੈ। ਪੰਜਾਬ ਦੇ ਉਦਯੋਗਿਕ ਖੇਤਰਾਂ ਵਾਲੇ ਸ਼ਹਿਰਾਂ ਦਾ ਹਾਲ ਦਿੱਲੀ ਦੇ ਪ੍ਰਦੂਸ਼ਣ ਦੀ ਬਰਾਬਰੀ ਕਰ ਰਿਹਾ ਹੈ।

ਪ੍ਰਦੂਸ਼ਣ ਤੇ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਦੇ ਕਾਰਕ ਸਾਰਿਆਂ ਲਈ ਬਰਾਬਰ ਹਨ। ਦੱਖਣੀ ਕੋਰੀਆ 'ਚ ਅੱਠ ਅਕਤੂਬਰ ਨੂੰ ਮੌਸਮ ਦੇ ਬਦਲਾਅ ਨਾਲ ਸਬੰਧਤ ਇੰਟਰ-ਗਵਰਨਮੈਂਟਲ ਪੈਨਲ ਫਾਰ ਕਲਾਈਮੇਟ ਚੇਂਜ ਨੇ 400 ਪੰਨਿਆਂ ਦੀ ਇਕ ਰਿਪੋਰਟ ਪੇਸ਼ ਕੀਤੀ ਸੀ। ਇਸ ਮੁਤਾਬਕ ਜੇ ਗਰੀਨ ਹਾਊਸ ਗੈਸਾਂ ਦਾ ਨਿਕਾਸ ਤੇਜ਼ੀ ਨਾਲ ਨਾ ਰੋਕਿਆ ਗਿਆ ਤਾਂ ਇਹ ਭਿਆਨਕ ਸਿੱਧ ਹੋਵੇਗਾ।

ਇਹ ਅਸਰ ਧਰਤੀ ਤੇ ਸਮੁੰਦਰ ਵਿਚਲੀ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਘਾਤਕ ਹੋਣਗੇ। ਜੇ ਇਹੀ ਹਾਲ ਰਿਹਾ ਤਾਂ 2030 ਤੋਂ 2052 ਤੱਕ ਧਰਤੀ ਦਾ ਔਸਤ ਤਾਪਮਾਨ ਸਨਅਤੀਕਰਨ ਕਰਕੇ 3 ਤੋਂ 4 ਡਿਗਰੀ ਸੈਲਸੀਅਸ ਵਧ ਜਾਵੇਗਾ ਤੇ ਇਹ ਹੋਰ ਤਪੇਗੀ। ਇਸ ਲਈ ਵਾਤਾਵਰਨ 'ਚ ਹੋ ਰਹੀਆਂ ਇਨ੍ਹਾਂ ਵੱਡੀਆਂ ਖ਼ਰਾਬੀਆਂ ਦੀ ਜ਼ਿੰਮਾ ਹੁਣ ਇਕ-ਦੂਜੇ 'ਤੇ ਥੋਪਣ ਦਾ ਸਮਾਂ ਨਹੀਂ ਹੈ। ਸਮੁੱਚੀ ਲੋਕਾਈ ਨੂੰ ਨਿੱਜ ਤੋਂ ਬਾਹਰ ਆ ਕੇ ਕੁਦਰਤ ਨੂੰ ਵਧਣ, ਫੁੱਲਣ ਤੇ ਮੌਲਣ ਦੇ ਮੌਕੇ ਦੇਣੇ ਪੈਣਗੇ, ਨਹੀਂ ਤਾਂ ਉਹ ਸਮਾਂ ਵੀ ਦੂਰ ਨਹੀਂ ਜਦੋਂ ਇਹ ਵਾਤਾਵਰਣ 'ਚ ਪੈਦਾ ਹੋ ਰਹੇ ਵਿਗਾੜ ਸਾਡੇ ਵੱਸੋਂ ਬਾਹਰ ਹੋ ਜਾਣਗੇ।

# ਵਾਤਾਵਰਨ 'ਚ ਕਿਉਂ ਛਾਈ ਧੁਆਂਖੀ ਧੁੰਦ

ਚੜ੍ਹਦਾ ਪੰਜਾਬ (ਆਬਾਦੀ 3.17 ਕਰੋੜ) ਅਤੇ ਲਹਿੰਦਾ ਪੰਜਾਬ (ਆਬਾਦੀ ਕਰੀਬ 13 ਕਰੋੜ) ਪਿਛਲੇ ਦਿਨੀਂ ਧੁਆਂਖੀ ਧੁੰਦ ਨਾਲ 'ਗੈਸ ਚੈਂਬਰ' ਬਣੇ ਰਹੇ। ਇਸ ਸ਼ਰਮਨਾਕ ਅਤੇ ਭਿਆਕਰ ਦਸ਼ਾ ਲਈ ਸਮੇਂ ਦੀਆਂ ਸੂਬਾਈ ਅਤੇ ਕੇਂਦਰੀ ਸਰਕਾਰਾਂ ਦੇ ਨਾਲ-ਨਾਲ ਖ਼ੁਦ ਪੰਜਾਬੀ ਜ਼ਿੰਮੇਵਾਰ ਹਨ। ਇਹ ਦੋਸ਼ ਅਸੀਂ ਨਹੀਂ, ਭਾਰਤ ਦੀ ਸੁਪਰੀਮ ਕੋਰਟ ਲਗਾ ਰਹੀ ਹੈ। ਉਸ ਦੇ ਦੋ ਵੱਖ-ਵੱਖ ਬੈਂਚਾਂ ਨੇ ਪੰਜਾਬ, ਹਰਿਆਣਾ, ਦਿੱਲੀ ਵਿੱਚ ਪ੍ਰਦੂਸ਼ਣ ਅਤੇ ਸਮੌਗ (ਧੁਆਂਖੀ ਧੁੰਦ) ਲਈ ਸਬੰਧਤ ਸੂਬਾਈ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ।

ਪ੍ਰਦੂਸ਼ਣ ਸਬੰਧੀ ਬਣਾਏ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪ੍ਰਦੂਸ਼ਤ ਪਟਾਕੇ ਬਣਾਉਣਾ, ਵੇਚਣਾ, ਚਲਾਉਣਾ ਜਾਰੀ ਹੈ। ਪਰਾਲੀ ਸਾੜਨ ਦਾ ਕੰਮ ਰਾਜ, ਅਫ਼ਸਰਸ਼ਾਹੀ ਅਤੇ ਲੋਕ ਨਹੀਂ ਰੋਕ ਰਹੇ। ਸੂਬੇ ਵਿੱਚ ਅਗਲੀ ਫ਼ਸਲ ਬੀਜਣ ਦੀ ਤਿਆਰੀ ਕਰ ਰਹੇ ਕਿਸਾਨ ਪਰਾਲੀ ਸੰਭਾਲਣ ਦੀ ਥਾਂ ਉਸ ਨੂੰ ਸਾੜ ਰਹੇ ਹਨ। ਫਲਸਰੂਪ ਧੁਆਂਖੀ ਧੁੰਦ ਦੀ ਮੋਟੀ ਚਾਦਰ ਨੇ ਸਾਹ ਲੈਣਾ ਔਖਾ ਕੀਤਾ ਹੋਇਆ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਬਠਿੰਡਾ ਵਿੱਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏਕਿਊਆਈ) 411 ਤੱਕ ਪੁੱਜ ਗਿਆ। ਮੰਡੀ ਗੋਬਿੰਦਗੜ੍ਹ ਵਿੱਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਸਭ ਤੋਂ ਮਾਰੂ 241, ਜਲੰਧਰ 217, ਲੁਧਿਆਣਾ 203 'ਤੇ ਪਹੁੰਚ ਗਿਆ। ਕਿਸਾਨਾਂ ਨੂੰ ਪਰਾਲੀ ਸੰਭਾਲ ਮਸ਼ੀਨਾਂ 'ਤੇ ਖ਼ਰਚਾ ਫ਼ਜ਼ੂਲ ਨਜ਼ਰ ਆਇਆ। ਸਥਿਤੀ ਇੰਨੀ ਬਦਤਰ ਹੈ ਕਿ ਹੁਣ ਤਾਂ ਸਿਰੋਂ ਪਾਣੀ ਲੰਘ ਚੁੱਕਾ ਹੈ। ਸਭ ਧਿਰਾਂ ਆਪਣਾ ਫ਼ਰਜ਼ ਸਮਝਦੇ ਹੋਏ ਪ੍ਰਦੂਸ਼ਣ ਮਹਾਮਾਰੀ ਰੋਕਣ ਲਈ ਅੱਗੇ ਆਉਣ।

ਇਸ ਨਾਲ ਚੜ੍ਹਦਾ ਅਤੇ ਲਹਿੰਦਾ ਪੰਜਾਬ ਮਿਲ ਕੇ ਨਜਿੱਠਣ, ਇਸ ਬਾਰੇ ਸਭ ਤੋਂ ਪਹਿਲਾ ਸੁਝਾਅ ਲਹਿੰਦੇ ਪੰਜਾਬ ਦੇ 13 ਕਰੋੜ ਪੰਜਾਬੀਆਂ ਦੀ ਮੁੱਖ ਮੰਤਰੀ ਬੀਬਾ ਮਰੀਅਮ ਨਵਾਜ਼ ਸ਼ਰੀਫ਼ ਵੱਲੋਂ ਆਇਆ ਸੀ। ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿੱਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਅਤਿ ਮਾਰੂ ਪੱਧਰ ਤੱਕ ਪੁੱਜ ਚੁੱਕਾ ਹੈ। ਬੱਚੇ, ਬੁੱਢਿਆਂ ਤੇ ਬਿਮਾਰਾਂ ਦਾ ਜਿਊਣਾ ਮੁਹਾਲ ਹੋ ਚੁੱਕਾ ਹੈ। ਮੇਉ ਹਸਪਤਾਲ ਲਾਹੌਰ ਵਿੱਚ 4000, ਜਿਨਾਹ ਹਸਪਤਾਲ ਵਿੱਚ 3500, ਸਰ ਗੰਗਾ ਰਾਮ ਹਸਪਤਾਲ ਵਿੱਚ 4500, ਚਿਲਡਰਨ ਹਸਪਤਾਲ ਵਿੱਚ 2000 ਤੋਂ ਵੱਧ ਮਰੀਜ਼ ਦਾਖ਼ਲ ਹੋਏ।

ਪੂਰਾ ਲਹਿੰਦਾ ਪੰਜਾਬ 'ਗੈਸ ਚੈਂਬਰ' ਬਣਿਆ ਰਿਹਾ । ਲਾਹੌਰ ਵਿੱਚ ਸਥਿਤੀ ਨਾਲ ਨਿਪਟਣ ਲਈ 'ਵਿਸ਼ੇਸ਼ ਵਾਰ ਰੂਮ' ਸਥਾਪਤ ਕੀਤਾ ਗਿਆ। ਮੁੱਖ ਮੰਤਰੀ ਨਹੀਂ ਜਾਣਦੇ ਕਿ ਸਥਿਤੀ ਏਨੀ ਭਿਅੰਕਰ ਹੈ ਕਿ ਭਾਰਤ ਦੇ ਉਪ ਰਾਸ਼ਟਰਪਤੀ ਜਗਦੀਸ਼ ਧਨਖੜ ਦਾ ਹਵਾਈ ਜਹਾਜ਼ ਆਦਮਪੁਰ ਨਹੀਂ ਉੱਤਰ ਸਕਿਆ ਜਿੱਥੋਂ ਉਨ੍ਹਾਂ ਲੁਧਿਆਣੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ 'ਜਲਵਾਯੂ ਪਰਿਵਰਤਨ ਅਤੇ ਊਰਜਾ ਤਬਦੀਲੀ ਸਨਮੁੱਖ ਐਗਰੀ ਫੂਡ ਸਿਸਟਮ ਵਿੱਚ ਪਰਿਵਰਤਨ' ਵਿਸ਼ੇ 'ਤੇ ਕੌਮਾਂਤਰੀ ਕਾਨਫੰਰਸ ਵਿੱਚ ਭਾਗ ਲੈਣਾ ਸੀ। ਉਨ੍ਹਾਂ ਨੂੰ ਐਮਰਜੈਂਸੀ ਅੰਮ੍ਰਿਤਸਰ ਉਤਰਨਾ ਪਿਆ ਅਤੇ ਪ੍ਰੋਗਰਾਮ ਮਨਸੂਖ ਕਰ ਕੇ ਵਾਪਸ ਦਿੱਲੀ ਪਰਤਣਾ ਪਿਆ।

ਪੂਰੇ ਪੰਜਾਬ ਵਿੱਚ ਹਰ ਸ਼ਹਿਰ, ਗਲੀ, ਪਿੰਡ ਵਿੱਚ ਗੰਦਗੀ ਫੈਲੀ ਹੋਈ ਹੈ। ਸਾਰੇ ਸ਼ਹਿਰ ਮਾਰੂ ਬਦਬੂ ਭਰੀਆਂ ਗੈਸਾਂ ਦੇ ਗਟਰਾਂ 'ਤੇ ਖੜ੍ਹੇ ਹਨ। ਡੇਂਗੂ, ਚਿਕਨਗੁਨੀਆ, ਸਾਹ ਦੇ ਰੋਗ, ਗੰਦੇ ਪੀਣ ਵਾਲੇ ਪਾਣੀ ਅਤੇ ਕੀਟਨਾਸ਼ਕਾਂ ਨਾਲ ਲਬਰੇਜ਼ ਸਬਜ਼ੀਆਂ, ਫ਼ਲਾਂ ਕਰਕੇ ਕੈਂਸਰ, ਅੰਤੜੀ ਰੋਗ ਤੋਂ ਅੱਧਾ ਪੰਜਾਬ ਗ੍ਰਸਤ ਹੈ। ਸਰਪੰਚ, ਪੰਚ, ਕੌਂਸਲਰ, ਮੇਅਰ, ਸਬੰਧਤ ਅਫ਼ਸਰਸ਼ਾਹੀ ਅਹੁਦੇ ਮਾਣ ਰਹੇ ਹਨ, ਭ੍ਰਿਸ਼ਟਾਚਾਰ, ਠੱਗੀਆਂ, ਜ਼ਾਅਲਸ਼ਾਜ਼ੀਆਂ ਵਿੱਚ ਗ੍ਰਸਤ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਸਵੱਛ ਭਾਰਤ' ਨੀਤੀ ਦਮ ਤੋੜ ਚੁੱਕੀ ਹੈ। ਸਾਂਸਦਾਂ ਵੱਲੋਂ ਸਵੱਛਤਾ ਅਤੇ ਵਿਕਾਸ ਲਈ ਅਪਣਾਏ ਪਿੰਡ ਮੂੰਹ ਚਿੜਾ ਰਹੇ ਹਨ। ਪੰਜਾਬ ਦੀ ਕਿਸਾਨੀ ਦੀ ਹਾਲਤ ਆਏ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ। ਕੇਂਦਰੀ ਖ਼ਰੀਦ ਏਜੰਸੀ ਫ਼ਸਲਾਂ ਖ਼ਰੀਦਣ ਤੋਂ ਪੈਰ ਪਿਛਾਂਹ ਖਿਸਕਾਉਂਦੀ ਜਾ ਰਹੀ ਹੈ। ਐਤਕੀਂ ਝੋਨੇ ਦੀ ਖ਼ਰੀਦ ਸਬੰਧੀ ਜੋ ਕਿਸਾਨੀ ਦੀ ਲੁੱਟ ਅਤੇ ਬਰਬਾਦੀ ਹੋਈ ਉਸ ਤੋਂ ਰੱਬ ਵੀ ਤੌਬਾ ਕਰਦਾ ਵਿਖਾਈ ਦਿੱਤਾ। ਪੰਦਰਾਂ-ਪੰਦਰਾਂ ਦਿਨ ਮੰਡੀਆਂ ਵਿੱਚ ਉਹ ਅਤੇ ਉਨ੍ਹਾਂ ਦਾ ਝੋਨਾ ਰੁਲਦੇ ਵੇਖੇ।





ਡੇਢ ਸੌ ਤੋਂ 500 ਰੁਪਏ ਪ੍ਰਤੀ ਕੁਇੰਟਲ ਘਾਟੇ ਵਿੱਚ ਝੋਨਾ ਵੇਚਣ ਲਈ ਮਜਬੂਰ ਹੋਣਾ ਪਿਆ। ਜੇ ਉਹ ਵਿਰੋਧ ਕਰਦੇ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੀਆਂ ਡਾਂਗਾਂ ਦਾ ਸ਼ਿਕਾਰ ਬਣਨਾ ਪੈਂਦਾ। ਗੁਆਂਢੀ ਹਰਿਆਣਾ ਵਿੱਚ ਮਿੰਟਾਂ-ਸਕਿੰਟਾਂ ਵਿੱਚ ਖ਼ਰੀਦ ਹੋਈ ਤੇ ਪੈਸੇ ਖਾਤਿਆਂ ਵਿੱਚ ਪਏ। ਡਬਲ ਇੰਜਨ ਸਰਕਾਰ ਜੋ ਸੀ। ਕਣਕ ਦੀ ਬਿਜਾਈ ਲੇਟ ਹੋਣ ਕਰ ਕੇ ਕਿਸਾਨਾਂ ਨੂੰ ਪਰਾਲੀ ਸਾੜਨੀ ਪਈ। ਕੇਂਦਰ ਤੇ ਰਾਜ ਸਰਕਾਰਾਂ ਨੇ ਬੇਲਰ ਮਸ਼ੀਨਾਂ ਮੁਹੱਈਆ ਨਹੀਂ ਕਰਵਾਈਆਂ। ਪੰਜਾਬ ਦੀ ਕਿਸਾਨੀ ਨਿਗਲਣ ਲਈ ਕੇਂਦਰ ਸਰਕਾਰ ਦੀ ਸ਼ਹਿ 'ਤੇ ਕਾਰਪੋਰੇਟ ਘਰਾਣੇ ਰਾਜ ਵਿੱਚ ਦੈਂਤਾਂ ਵਾਂਗ ਦਨਦਨਾ ਰਹੇ ਹਨ। 'ਆਪ' ਸਰਕਾਰ ਉਨ੍ਹਾਂ ਅੱਗੇ ਬੇਵੱਸ ਹੈ। ਯਾਦ ਰਹੇ, ਕਿਸਾਨੀ ਅੱਜ ਵੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ।

ਰਾਜ ਵਿੱਚ ਫੂਡ ਸਨਅਤ ਦਾ ਬੁਰਾ ਹਾਲ ਹੈ। ਇਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੀ ਹੈ। ਹੋਟਲਾਂ, ਢਾਬਿਆਂ, ਰੇਹੜੀਆਂ, ਮਠਿਆਈ, ਸੁੱਕੇ ਮੇਵੇ ਸਨਅਤ ਪੂਰੀ ਤਰ੍ਹਾਂ ਪ੍ਰਦੂਸ਼ਤ ਹਨ।

ਅਫ਼ਸਰਸ਼ਾਹੀ ਦੀ ਮਿਲੀਭੁਗਤ, ਸਰਕਾਰ ਦੀ ਬੇਧਿਆਨੀ ਅਤੇ ਲੋਕਾਂ ਦੀ ਬੇਸਮਝੀ ਕਰਕੇ ਪ੍ਰਦੂਸ਼ਤ ਫੂਡ ਸਨਅਤ ਪੰਜਾਬ ਦੀ ਸਿਹਤ ਬਰਬਾਦ ਕਰ ਰਹੀ ਹੈ। ਕਰੀਬ ਅੱਧੀ ਪੁਲਿਸ ਤਾਂ ਵੀਆਈਪੀ ਕਲਚਰ ਨੂੰ ਸੰਭਾਲਣ ਵਿਚ ਲੱਗੀ ਹੋਈ ਹੈ। ਥਾਣਿਆਂ ਵਿੱਚ ਅੱਧੀ ਨਫ਼ਰੀ ਵਿੱਚੋਂ ਅੱਧੀ ਸਰਕਾਰੀ, ਅਦਾਲਤੀ ਅਤੇ ਪ੍ਰਬੰਧਕੀ ਕੰਮਾਂ ਵਿੱਚ ਮਸਰੂਫ ਹੈ। ਫਿਰ 10-15 ਕਾਂਸਟੇਬਲ, ਏਐੱਸਆਈ. ਐੱਸਆਈ ਜਾਂ ਇੰਸਪੈਕਟਰ ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਦੀ ਵਿਕਰੀ, ਚੋਰੀਆਂ, ਫਿਰੌਤੀਆਂ 'ਤੇ ਕਾਬੂ ਕਿਵੇਂ ਪਾਉਣ ? ਇਨ੍ਹਾਂ ਨੂੰ ਵਾਹਨਾਂ, ਤਕਨੀਕ ਤੇ ਆਧੁਨਿਕ ਸਿਖਲਾਈ ਦੀ ਘਾਟ ਹੈ। ਉੱਪਰੋਂ ਨਿੱਤ ਦਿਨ ਦੇ ਧਰਨਿਆਂ-ਮੁਜ਼ਾਹਰਿਆਂ, ਘਿਰਾਓ ਆਦਿ ਨਾਲ ਨਜਿੱਠਣ, ਕੁੱਟ-ਕੁਟਾਪੇ ਲਈ ਭੁੱਖੇ ਢਿੱਡ ਤਿਆਰ ਰਹਿਣ ਕਰਕੇ ਸਥਿਤੀ ਬੇਕਾਬੂ ਹੋਈ ਪਈ ਹੈ। ਜੇਲ੍ਹਾਂ ਅਪਰਾਧ, ਫਿਰੌਤੀਆਂ, ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀਆਂ ਬੇਕਾਬੂ ਗੁਫਾਵਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ।

**(ਬਾਕੀ ਸਫ਼ਾ 31 'ਤੇ)**

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

**ਕਈ ਵਾਰ ਅਣਜਾਣੇ 'ਚ ਮਨੁੱਖ ਅਜਿਹੀ ਗ਼ਲਤੀ ਕਰ ਲੈਂਦਾ ਹੈ ਕਿ ਉਮਰ ਭਰ ਪਛਤਾਵਾ ਰਹਿੰਦਾ ਹੈ, ਅਜਿਹੀ ਮਜਬੂਰੀ ਨੂੰ ਪੇਸ਼ ਕਰਦੀ ਹੈ ਇਹ ਕਹਾਣੀ**



# 'ਸਿਖ਼ਰ ਦੁਪਹਿਰੇ ਡੁੱਬ ਗਏ ਸੂਰਜ'

**ਜਗਤਾਰ ਸਿੰਘ ਹਿੱਸੋਵਾਲ**

ਅਜੇ ਰੋਟੀ ਦੀ ਪਹਿਲੀ ਬੁਰਕੀ ਹੀ ਤੋੜੀ ਸੀ ਕਿ ਮੋਬਾਇਲ ਫੋਨ ਦੀ ਰਿੰਗ ਵੱਜਣ ਲੱਗੀ। ਇਸ ਤੋਂ ਪਹਿਲਾਂ ਕਿ ਮੈਂ ਫੋਨ ਚੁੱਕ ਕੇ ਦੇਖਦਾ ਕਿ ਪਤਨੀ ਦੀ ਰਸੋਈ 'ਚੋਂ ਆਵਾਜ਼ ਆਈ ,"ਹੁਣ ਮੋਬਾਇਲ ਨਾ ਚੁੱਕ ਕੇ ਬਹਿ ਜਾਇਓ। ਰੋਟੀ ਖਾ ਲੋ ਚੈਨ ਨਾਲ। ਪਰ ਮੇਰਾ ਰੋਟੀ ਖਾਂਦੇ ਦਾ ਵਾਰ- ਵਾਰ ਧਿਆਨ ਮੋਬਾਇਲ ਵੱਲ ਜਾ ਰਿਹਾ ਸੀ। ਸੋਚ ਰਿਹਾ ਸਾਂ ਕਿ ਕੋਈ ਜ਼ਰੂਰੀ ਫੋਨ ਨਾ ਹੋਵੇ। ਰੋਟੀ ਅਜੇ ਅੱਧ ਵਿਚਕਾਰ ਹੀ ਸੀ ਕਿ ਮੋਬਾਇਲ ਦੀ ਦੁਬਾਰਾ ਫਿਰ ਰਿੰਗ ਵੱਜੀ। ਮੈਂ ਰੋਟੀ ਛੱਡ ਕੇ ਮੋਬਾਇਲ ਚੁੱਕਿਆ। ਸਕਰੀਨ 'ਤੇ ਨਾਮਲੂਮ ਨੰਬਰ ਤੋਂ ਕਾਲ ਸੀ। ਸਤਿ ਸ੍ਰੀ ਅਕਾਲ ਸਰ ਜੀ। ਅੱਗੋਂ ਆਵਾਜ਼ ਆਈ।

ਹਾਂ ਜੀ ਦੱਸੋ। ਮੈਂ ਕਿਹਾ। ਜੀ ਤੁਸੀਂ ਮੁਨਸ਼ੀ ਜੀ ਬੋਲਦੇ ਹੋ ?" ਉਸਨੇ ਦੁਬਾਰਾ ਪੁੱਛਿਆ। ਦੱਸੋ ਕੀ ਗੱਲ ਆ...ਕੋਈ ਜ਼ਰੂਰੀ ਕੰਮ ਆ... ਜੋ ਏਸ ਟੈਮ ਫੋਨ ਕੀਤਾ। ਮੈਂ ਪੁੱਛਿਆ। ਜੀ ਮੇਰੇ ਪਾਸਪੋਰਟ ਦੀ ਇਨਕੁਆਰੀ ਆਈ ਹੈ। ਮੈਂ ਤੁਹਾਨੂੰ ਮਿਲ ਕੇ ਗੱਲ ਕਰਨੀ ਚਾਹੁੰਦਾ ਸੀ। ਕਿਸੇ ਨੇ ਦੱਸਿਆ ਸੀ ਕਿ ਮੁਨਸ਼ੀ ਜੀ ਬਹੁਤ ਚੰਗੇ ਨੇ ਤੂੰ ਮਿਲ ਕੇ ਗੱਲ ਕਰ ਲਵੀਂ। ਉਸ ਦੀ ਆਵਾਜ ਤੋਂ ਲੱਗ ਰਿਹਾ ਸੀ ਜਿਵੇਂ ਉਹ ਕੋਈ ਨੌਜਵਾਨ ਹੋਵੇ। ਟੈਮ ਵੀ ਦੇਖ ਲਿਆ ਕਰੋ ਸ੍ਰੀ ਮਾਨ ਜੀ। ਉਸਦੀ ਗੱਲ ਸੁਣ ਕੇ ਮੈਨੂੰ ਖਿੱਝ ਆਈ। ਜੀ ਮੈਂ ਕੱਲ੍ਹ.. ਤੁਹਾਨੂੰ ਮਿਲ ਸਕਦਾਂ ?" ਉਸਨੇ ਝਿਜਕਦੇ ਜਿਹੇ ਤਰਲਾ ਜਿਹਾ ਕੀਤਾ। ਇਸ ਵਿੱਚ ਮਿਲਣ ਦੀ ਕੀ ਗੱਲ ਆ ..ਮੈਂ ਤਾਂ ਰਿਪੋਰਟ ਕਰਨੀ ਆ ਰਿਕਾਰਡ ਪੜਤਾਲ ਦੇਖ ਕੇ ਕਰ ਦੇਣੀ ਆ।" ਮੈਂ ਸਪੱਸ਼ਟ ਕਰ ਕੇ ਫੋਨ ਬੰਦ ਕਰਨਾ ਚਾਹਿਆ। ਸਾਹਮਣੇ ਪਤਨੀ ਬੈਠੀ ਮੈਨੂੰ ਘੂਰ ਰਹੀ ਸੀ ਤੇ ਫੋਨ ਬੰਦ ਹੋਣ ਦਾ ਇੰਤਜ਼ਾਰ ਕਰ ਰਹੀ ਸੀ ਤਾਂ ਕਿ ਉਹ ਰੋਟੀ ਖੁਆ ਕੇ ਭਾਂਡੇ ਧੋ ਕੇ ਵਿਹਲੀ ਹੋਵੇ। ਸਰ ਜੀ! ਥੋੜ੍ਹੀ ਦਿੱਕਤ ਹੈ ਜੀ। ਮੈਂ ਮਿਲ ਕੇ ਦੱਸਣਾ ਚਾਹੁੰਦਾ ਹਾਂ ਜੀ ..ਪਲੀਜ਼ ਸਰ ਜੀ । ਉਸ ਨੇ ਦੁਬਾਰਾ ਫਿਰ ਬਹੁਤ ਹੀ ਨਿਮਰ ਭਾਵ ਵਿੱਚ ਤਰਲਾ ਜਿਹਾ ਕੀਤਾ।

ਕੋਈ ਨਾ ਕੱਲ੍ਹ ਆ ਜਾਵੀਂ ਥਾਣੇ। ਕਹਿ ਕੇ ਮੈਂ ਫੋਨ ਕੱਟ ਦਿੱਤਾ। ਪਤਨੀ ਬੋਲੀ ,"ਕਿਹੋ ਜਿਹੀ ਨੌਕਰੀ ਆ... ਲੋਕ ਰਾਤ ਨੂੰ ਵੀ ਚੈਨ ਨ੍ਹੀਂ ਲੈਣ ਦਿੰਦੇ। ਮੈਂ ਰੋਟੀ ਖਾ ਕੇ ਮੈਗਜ਼ੀਨ ਚੁੱਕ ਲਿਆ ਤਾਂ ਪਤਨੀ ਗੁੱਸੇ ਵਿੱਚ ਦੁੱਧ ਦਾ ਗਲਾਸ ਰੱਖਦੀ ਹੋਈ ਬੋਲੀ ,"ਅੱਧੀ ਰਾਤ ਹੋਈ ਪਈ ਏ ਦੁੱਧ ਪੀ ਲੋ ..ਮੈਂ ਵੀ ਡਿੱਗਾਂ ..ਤੜਕੇ ਦੀ ਉੱਠੀ ਆਂ। ਐਵੇਂ ਨਾ ਗੁੱਸੇ ਹੋਇਆ ਕਰ। ਐਨੇ ਸਾਲ ਹੋ' ਗੇ ਵਿਆਹ ਨੂੰ ...ਤੂੰ ਅਜੇ ਤੱਕ ਆਪਣਾ ਸੁਭਾਅ ਨ੍ਹੀ ਬਦਲਿਆ...ਤੂੰ ਕਿਉਂ ਨ੍ਹੀਂ ਸਮਝਦੀ ਕਿ ਤੂੰ ਇੱਕ ਪੁਲਿਸ ਮੁਲਾਜ਼ਮ ਦੀ ਘਰਵਾਲੀ ਏਂ ..ਨਾ ਕਿ ਕਿਸੇ ਮਾਸਟਰ ਦੀ। ਮੈਂ ਪਤਨੀ ਦੇ ਗੁੱਸੇ ਨੂੰ ਹਲਕੇ ਵਿੱਚ ਲੈਂਦਿਆਂ ਕਿਹਾ। ਕਿਉਂ ਪੁਲੀਸ ਵਾਲਿਆਂ ਦੀ ਕੋਈ ਪਰਸਨਲ ਲਾਈਫ ਨ੍ਹੀਂ ਹੁੰਦੀ। ਮਹਿਕਮਾ ਹੈ, ਘਰ ਵੀ ਮਹਿਕਮਾ ਤੇ ਬਾਹਰ ਵੀ ... ਆਪਣੀਆਂ ਟੈਨਸ਼ਨਾਂ ਥਾਣੇ ਹੀ ਛੱਡ ਕੇ ਆਇਆ ਕਰੋ... ਕਦੇ ਘਰ ਦੀ ਤੇ ਬੱਚਿਆਂ ਦੀ ਗੱਲ ਕਰ ਲਿਆ ਕਰੋ...ਉਨ੍ਹਾਂ ਬਾਰੇ ਸੋਚ ਲਿਆ ਕਰੋ ਕੁਝ। ਹੁਣ ਉਸ ਨੇ ਥੋੜ੍ਹੀ ਤਲਖੀ ਜਿਹੀ ਵਿੱਚ ਕਿਹਾ।

ਐਵੇਂ ਨਾ ਬੋਝ ਪਾਇਆ ਕਰ ਵਾਹਿਗੁਰੂ ਹੈ ਨਾ... ਆਪੇ ਸੋਚੂ ਸਾਡੇ ਬਾਰੇ ਤੇ ਬੱਚਿਆਂ ਬਾਰੇ। ਮੈਂ ਸਮਝਾਉਣ ਦੇ ਲਹਿਜੇ ਵਿੱਚ ਕਿਹਾ।

ਮੈਂ ਮੈਗਜ਼ੀਨ ਵਿੱਚੋਂ ਕੋਈ ਕਵਿਤਾ ਪੜ੍ਹਨੀ ਚਾਹੁੰਦਾ ਸੀ ਪਰ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਮੈਗਜ਼ੀਨ ਬੰਦ ਕਰਨ ਵਿੱਚ ਆਪਣੀ ਬਿਹਤਰੀ ਸਮਝੀ। ਦੂਜੇ ਦਿਨ ਕਰੀਬ 4 ਵਜੇ ਸ਼ਾਮ ਨੂੰ ਐੱਸ.ਪੀ. ਸਾਹਿਬ ਦੇ ਦਫ਼ਤਰ ਵਿੱਚ ਮੀਟਿੰਗ ਅਟੈਂਡ ਕਰ ਕੇ ਆਇਆ ਤਾਂ ਮੇਰੀ ਮੇਜ਼ ਦੇ ਸਾਹਮਣੇ ਕੁਰਸੀ 'ਤੇ ਇੱਕ ਸਰਦਾਰ ਨੌਜਵਾਨ ਬੈਠਾ ਸੀ। ਮੈਂ ਫਾਈਲ ਮੇਜ਼ 'ਤੇ ਰੱਖਦਿਆਂ ਦੁਬਾਰਾ ਇੱਕ ਵਾਰ ਫਿਰ ਉਸ ਨੌਜਵਾਨ ਨੂੰ ਚੰਗੀ ਤਰ੍ਹਾਂ ਦੇਖਿਆ। ਉਸ ਦੀ ਪੱਗ ਦਾ ਜੱਸੜ ਸਟਾਈਲ ..ਸੋਹਣੇ ਨੈਣ ਨਕਸ਼, ਕੱਟਵੀਂ ਦਾਹੜੀ, ਮੁੱਛਾਂ ਹਲਕੀਆਂ ਉਤਾਂਹ ਨੂੰ ਸਾਫ਼ ਰੰਗ ਪੂਰਾ ਪੰਜਾਬੀ ਨੌਜਵਾਨ ਸੀ। ਸਤਿ ਸ੍ਰੀ ਅਕਾਲ ਜੀ। ਉਸਨੇ ਕਿਹਾ। ਹਾਂ ਜੀ ਦੱਸੋ ? ਮੈਂ ਕੁਰਸੀ 'ਤੇ ਬੈਠਦੇ ਹੋਏ ਨੇ ਪੁੱਛਿਆ। ਉਸਦੇ ਬੋਲਣ ਤੋਂ ਪਹਿਲਾਂ ਹੀ ਮੇਰਾ ਸਹਾਇਕ ਬੋਲਿਆ, "ਉਸਤਾਦ ਜੀ, ਇਹ ਆਪਣੇ ਪਾਸਪੋਰਟ ਦੀ ਇਨਕੁਆਰੀ ਦੇ ਸਬੰਧ ਵਿੱਚ ਆਇਆ ਜੀ। ਅੱਛਾ ...ਅੱਛਾ ! ਮੈਂ ਹੈਰਾਨੀ ਨਾਲ ਕਿਹਾ। ਜੀ ਮੇਰੀ ਗੱਲ ਰਾਤ ਤੂੰ ਹੀ ਫੋਨ ਕੀਤਾ ਸੀ ?" ਮੈਨੂੰ ਸਮਝਣ ਵਿੱਚ ਦੇਰ ਨਾ ਲੱਗੀ ।

ਹਾਂ ਜੀ।" ਉਹ ਬੋਲਿਆ। ਹਾਂ ਜੀ ਦਿਆ ਲੱਗਦਿਆ...ਦਿਨੇ ਆ ਕੇ ਦੱਸ ਸਕਦਾ ਸੀ ...ਕੀ ਐਮਰਜੈਂਸੀ ਸੀ ?" ਮੈਂ ਆਪਣਾ ਰਾਤ ਵਾਲਾ ਗੁੱਸਾ ਲਾਹੁੰਦਿਆਂ ਕਿਹਾ। ਵੈਰੀ ਵੈਰੀ ਸੌਰੀ ਜੀ...ਦਰਅਸਲ ਜੀ...ਮੈ ਪ੍ਰੇਸ਼ਾਨੀ ਜਿਹੀ ਵਿੱਚ ਸੀ। ਉਹ ਸ਼ਰਮਿੰਦਾ ਜਿਹਾ ਹੁੰਦਾ ਬੋਲਿਆ। ਤਾਂ ਕੀ ਹੱਲ ਹੋ ਗਿਆ ਪ੍ਰੇਸ਼ਾਨੀ ਦਾ ਚੱਲ ਦੱਸ ਗੱਲ ਕੀ ਆ ?

ਮੈਂ ਪੁੱਛਿਆ।

ਜੀ ਮੇਰਾ ਨਾਮ ਯਾਦਵਿੰਦਰ ਸਿੰਘ ਹੈ ਜੀ ਮੈਂ ਹਰਬੰਸਪੁਰੇ ਰਹਿੰਦਾ ਜੀ। ਮੇਰੇ ਪਾਸਪੋਰਟ ਦੀ ਇਨਕੁਆਰੀ ਆ ਜੀ ਤੁਹਾਡੇ ਕੋਲ। ਉਹ ਬੋਲਿਆ। ਇਹ ਤਾਂ ਤੂੰ ਰਾਤ ਵੀ ਦੱਸ ਦਿੱਤਾ ਸੀ...ਮੈਂ ਰਿਕਾਰਡ ਦੇਖ ਕੇ ਆਪੇ ਰਿਪੋਰਟ ਕਰ ਦਿਆਂਗਾ ...ਤੁਸੀਂ ਜਾ ਸਕਦੇ ਹੋ। ਮੈਂ ਕਿਹਾ। ਏਨੇ ਵਿੱਚ ਮੈਨੂੰ ਸਰਕਾਰੀ ਨੰਬਰ 'ਤੇ ਇੱਕ ਫੋਨ ਆ ਗਿਆ। ਅਜੇ ਮੈਂ ਫੋਨ ਸੁਣਨ ਹੀ ਲੱਗਾ ਸੀ ਕਿ ਸਾਹਿਬ ਦੇ ਗੰਨਮੈਨ ਨੇ ਆ ਕੇ ਕਿਹਾ ਕਿ ਐੱਸ.ਐੱਚ.ਓ. ਸਾਹਿਬ ਨੇ ਬੁਲਾਇਆ। ਮੈਂ ਉਵੇਂ ਹੀ ਕੰਨ ਨੂੰ ਫੋਨ ਲਾ ਕੇ ਡਾਇਰੀ ਚੁੱਕ ਕੇ ਮੁੱਖ ਅਫਸਰ ਸਾਹਿਬ ਦੇ ਦਫ਼ਤਰ ਵੱਲ ਤੁਰ ਗਿਆ। ਜਦੋਂ ਮੈਂ ਸਾਹਿਬ ਦੇ ਦਫ਼ਤਰ ਤੋਂ ਵਾਪਸ ਆਇਆ ਤਾਂ ਉਹ ਨੌਜਵਾਨ ਮੁਨਸ਼ੀ ਦਫ਼ਤਰ ਦੇ ਬਾਹਰ ਖੜ੍ਹਾ ਸੀ। ਭਾਈ ਸਾਬ੍ਹ ..ਅਜੇ ਤੱਕ ਤੁਸੀਂ ਗਏ ਨ੍ਹੀਂ ! ਮੈਂ ਹੈਰਾਨੀ ਨਾਲ ਕਿਹਾ। ਜੀ ਮੇਰੀ ਗੱਲ ਸੁਣ ਲੈਂਦੇ ਜੀ ਇੱਕ ਵਾਰ ...ਦਰਅਸਲ ਪਿਛਲੀ ਵਾਰ ਮੇਰਾ ਪਾਸਪੋਰਟ ਰਿਜੈਕਟ ਹੋ ਗਿਆ ਸੀ। ਉਸਨੇ ਤਰਲਾ ਜਿਹਾ ਕੀਤਾ। ਇਸ ਵਾਰ ਮੈਨੂੰ ਉਹ ਇੱਕ ਮਜਬੂਰ ਜਿਹਾ ਨੌਜਵਾਨ ਲੱਗਿਆ ਪਰ ਉਸ ਦੇ ਪਹਿਰਾਵੇ ਅਤੇ ਉਸਦੀ ਸ਼ਕਲ ਸੂਰਤ ਤੋਂ ਨਹੀਂ ਲੱਗ ਰਿਹਾ ਸੀ ਕਿ ਉਸ ਵਿੱਚ ਕੋਈ ਕਮੀ ਹੋਵੇਗੀ। ਮੈਨੂੰ ਦਫ਼ਤਰ ਵੜ੍ਹਦਿਆਂ ਦੇਖ ਉਸਨੇ ਕਿਹਾ, ਜੀ ਇਕੱਲਿਆਂ ਗੱਲ ਕਰਨੀ ਸੀ, ਜੇ ਏਥੇ ਹੀ ਕਰ ਲੈਂਦੇ ਤਾਂ। ਮੈਂ ਦਫ਼ਤਰ ਦੇ ਬਾਹਰ ਹੀ ਡਿਊਟੀ ਅਫ਼ਸਰ ਦੀ ਖ਼ਾਲੀ ਪਈ ਕੁਰਸੀ 'ਤੇ ਬੈਠਦੇ ਨੇ ਕਿਹਾ,"ਹਾਂ ਦੱਸ ਯਾਰ ... ਰਾਤ ਦਾ ਦਿਮਾਗ਼ ਖਾਧਾ। ਜੀ, ਮੈਂ ਸੱਚਾਈ ਦੱਸ ਕੇ ਤੁਹਾਡੀ ਮਦਦ ਚਾਹੁੰਦਾ ਹਾਂ, ਮੈਨੂੰ ਕਿਸੇ ਨੇ ਦੱਸਿਆ ਕਿ ਤੁਸੀ ਬਹੁਤ ਭਲੇ ਬੰਦੇ ਹੋ। ਉਸ ਨੇ ਕਿਹਾ । ਉਸ ਨੇ ਹੁਣ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਆਪਣੀ ਗੱਲ ਨੂੰ ਅੱਗੇ ਤੋਰਦਿਆਂ ਕਿਹਾ,"ਮੈਂ ਇੱਕ ਆਈਲੈੱਟਸ ਸੈਂਟਰ ਵਿੱਚ ਬੱਚਿਆਂ ਨੂੰ ਕੋਚਿੰਗ ਦਿੰਦਾ ਹਾਂ। ਪਰ ਮੈਂ ਪਾਸਪੋਰਟ ਤੋਂ ਬਗ਼ੈਰ ਇਹ ਕੋਚਿੰਗ ਦੇਣ ਲਈ ਯੋਗ ਨਹੀਂ ਹਾਂ। ਇਸ ਕਰਕੇ ਪਾਸਪੋਰਟ ਬਣਾ ਰਿਹਾ ਹਾਂ। ਪਾਸਪੋਰਟ ਬਣਨ ਵਿੱਚ ਕੀ ਦਿੱਕਤ ਹੈ ? ਮੈਂ ਪੁੱਛਿਆ। ਮੇਰੇ 'ਤੇ ਕਤਲ ਦਾ ਮੁਕੱਦਮਾ ਦਰਜ ਹੈ, ਇਸ ਕਰਕੇ ਪਾਸਪੋਰਟ 'ਤੇ ਇਸ ਮੁਕੱਦਮੇ ਦੀ ਰਿਪੋਰਟ ਹੋ ਜਾਂਦੀ ਆ। ਉਸਨੇ ਸਹਿਜ ਹੀ ਦੱਸਿਆ। ਓ ਹੋ! ਤੇਰੇ 'ਤੇ !! ਇਹ ਕਿਵੇਂ ਹੋਇਆ ? ਇਹ ਗੱਲ ਸੁਣ ਕੇ ਮੈਂ ਆਵਾਕ ਰਹਿ ਗਿਆ। ਜੀ ਮੈਂ ਬਹੁਤ ਚੰਗੇ ਘਰੋਂ ਬਲੌਂਗ ਕਰਦਾ ਸੀ। ਮੇਰੇ ਪਿਤਾ ਜੀ ਯੂਨੀਵਰਸਿਟੀ ਵਿੱਚ ਸਰਵਿਸ ਕਰਦੇ ਸਨ। ਮੈਂ ਪਲਸ ਟੂ ਤੱਕ ਸੀ.ਬੀ.ਐੱਸ.ਈ. ਮੀਡੀਅਮ ਵਿੱਚ ਪੜ੍ਹਿਆ ਹਾਂ। ਮੈਂ ਪੜ੍ਹਨ ਨੂੰ ਤੇਜ਼ ਸੀ। ਮੈਂ ਉਦੋਂ ਬੀ.ਏ. ਸੈਕਿੰਡ ਵਿੱਚ ਪੜ੍ਹਦਾ ਸੀ ਖ਼ਾਲਸਾ ਕਾਲਜ। ਅਸੀਂ ਕਾਲਜ ਵਿੱਚ ਪੰਜ ਮੁੰਡੇ ਇਕੱਠੇ ਰਹਿੰਦੇ ਸੀ। ਇੰਜ ਕਹਿ ਲਵੋ ਕਿ ਜੁੰਡੀ ਦੇ ਯਾਰ ਸੀ। ਸਾਡਾ ਇੱਕ ਦੋਸਤ ਇੱਕ ਲੜਕੀ ਨੂੰ ਵਨ ਸਾਈਡ ਪਿਆਰ ਕਰਦਾ ਸੀ। ਇੱਕ ਦਿਨ ਉਸ ਨੇ ਉਸ ਲੜਕੀ ਨੂੰ ਕੰਟੀਨ ਵਿੱਚ ਕੁਝ ਬੋਲ ਦਿੱਤਾ। ਲੜਕੀ ਨੇ ਇੱਕ ਪ੍ਰੋਫੈਸਰ ਕੋਲ ਕੰਪਲੇਂਟ ਕਰ ਦਿੱਤੀ। ਉਹ ਪ੍ਰੋਫੈਸਰ ਬਹੁਤ ਖੜ ਦਿਮਾਗ਼ ਸੀ। ਉਸਨੇ ਸਾਡੇ ਦੋਸਤ ਦੀ ਕਲਾਸ ਵਿੱਚ ਕੁੜੀਆਂ ਦੇ ਸਾਹਮਣੇ ਬਹੁਤ ਬੇਜ਼ਤੀ ਕੀਤੀ। ਸਾਡਾ ਸਾਰਿਆਂ ਦਾ ਮੂਡ ਖਰਾਬ ਹੋ ਗਿਆ। ਅਸੀਂ ਉਸ ਨੂੰ ਕਾਲਜ ਤੋਂ ਵਾਪਸ ਪਰਤਦੇ ਨੂੰ ਘੱਟ ਆਵਾਜਾਈ ਵਾਲੇ ਰੋਡ 'ਤੇ ਘੇਰ ਲਿਆ... ਅਸੀਂ ਉਸਦੀ ਝਾੜ-ਝੰਬ ਹੀ ਕਰਨੀ ਚਾਹੁੰਦੇ ਸੀ ਤਾਂ ਕਿ ਆਪਣੇ ਦੋਸਤ ਦੀ ਬੇਜ਼ਤੀ ਦਾ ਬਦਲਾ ਲਿਆ ਜਾ ਸਕੇ। ਪਰ ਇਸ ਹੱਥੋਪਾਈ 'ਚ ਉਸਨੂੰ ਅਟੈਕ ਆ ਗਿਆ ਸੀ ਸ਼ਾਇਦ। ਉਹ ਡਿੱਗ ਪਿਆ ਅਸੀਂ ਡਰ ਗਏ ਤੇ ਉੱਥੋਂ ਭੱਜ ਗਏ। ਬਾਅਦ ਵਿੱਚ ਪਤਾ ਲੱਗਾ ਕਿ ਉਹ ਉੱਥੇ ਹੀ ਮਰ ਗਿਆ ਸੀ। ਅਸੀਂ ਅਜਿਹਾ ਨਹੀਂ ਸੀ ਕਰਨਾ। ਨਾ ਹੀਂ ਅਸੀਂ ਇਹ ਸੋਚਿਆ ਸੀ ਜਵਾਨੀ ਦੇ ਨਸ਼ੇ ਵਿੱਚ ਕੀਤੀ ਗ਼ਲਤੀ ਨਾਲ ਸਾਡੇ ਘਰਾਂ ਦੀਆਂ ਖ਼ੁਸ਼ੀਆਂ ਗ੍ਰਹਿਣੀਆਂ ਗਈਆਂ। ਸਾਡੇ 'ਤੇ ਉਹ ਮੁਕੱਦਮਾ ਚੱਲਦਾ ਹੈ। ਮੈਂ ਜੇਲ੍ਹ ਵਿੱਚ ਹੀ ਬੀ.ਏ. ਮੁਕੰਮਲ ਕੀਤੀ ਅਤੇ ਬਾਹਰ ਆ ਕੇ ਐੱਮ.ਏ.। ਜ਼ਿੰਦਗੀ ਪਛਤਾਵੇ ਤੋਂ ਬਗ਼ੈਰ ਕੁਝ ਨਹੀਂ ਰਹਿ ਗਈ। ਘਰ ਦਾ ਤਾਣਾ ਬਾਣਾ ਖਿਲਰ ਗਿਆ ਹੈ। ਮੰਮੀ ਡੈਡੀ ਮੇਰੇ ਭਵਿੱਖ ਨੂੰ ਦੇਖ ਕੇ ਝੂਰਦੇ ਰਹਿੰਦੇ ਹਨ। ਜਦੋਂ ਤੱਕ ਮੁਕੱਦਮਾ ਚੱਲਦਾ ਮੈਂ ਵਿਦੇਸ਼ ਨਹੀਂ ਜਾਣਾ। ਗੁਜ਼ਰ ਬਸਰ ਲਈ ਆਈਲੈੱਟਸ ਦੀ ਕੋਚਿੰਗ ਦਿੰਦਾ ਹਾਂ...ਪਰ ਇਹਦੇ ਲਈ ਪਾਸਪੋਰਟ ਜ਼ਰੂਰੀ ਹੈ। ਮੈਂ ਤੁਹਾਡੀ ਸੇਵਾ ਕਰਨ ਨੂੰ ਤਿਆਰ ਹਾਂ। ਦੱਸੋ ?" ਕਹਿੰਦੇ ਹੋਏ ਨੇ ਉਸ ਨੇ ਦੋਵੇਂ ਹੱਥ ਜੋੜੇ। ਉਸ ਦੀਆਂ ਅੱਖਾਂ ਹੰਝੂਆਂ ਨਾਲ ਭਿੱਜ ਗਈਆਂ। ਮੈਨੂੰ ਸੇਵਾ ਦੀ ਲੋੜ ਨਹੀਂ ਹੈ। ਮੈਂ ਸਮਝ ਸਕਦਾ ਹਾਂ ਤੇਰੀ ਹਾਲਤ ਨੂੰ ਪਰ ਸਿਆਣੇ ਪੁਲਿਸ ਅਫਸਰ ਕਹਿੰਦੇ ਹਨ ਕਿ ਕਦੇ ਦੂਜੇ ਦੀ ਕਬਰ ਵਿੱਚ ਲੱਤਾਂ ਨਹੀਂ ਪਾਈਦੀਆਂ। ਮੈਂ ਉਸ ਨੂੰ ਹੌਸਲਾ ਦੇਣ ਦੇ ਨਾਲ ਸਮਝਾਉਣਾ ਚਾਹਿਆ। ਸ਼ਾਮ ਨੂੰ ਮੈਂ ਉਸ ਦਾ ਪਾਸਪੋਰਟ ਫਾਰਮ ਕੱਢਿਆ। ਰਿਕਾਰਡ ਪੜਤਾਲ ਕਰਵਾਈ। ਉਸ 'ਤੇ ਸੱਚਮੁੱਚ ਹੀ ਮੁਕੱਦਮਾ ਦਰਜ ਸੀ। ਜਦੋਂ ਮੈਂ ਉਸ ਦੇ ਪਾਸਪੋਰਟ 'ਤੇ ਨਾ-ਮਨਜ਼ੂਰ ਵਾਲੇ ਖਾਨੇ ਵਿਚ ਮੁੱਖ ਅਫਸਰ ਸਾਹਿਬ ਦੇ ਦਸਤਖ਼ਤ ਕਰਵਾਏ ਤਾਂ ਯਾਦਵਿੰਦਰ ਸਿੰਘ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਮੈਨੂੰ ਅੰਦਰ ਤੱਕ ਰੁਆ ਗਈਆਂ ਸਨ। ਉਸ ਰਾਤ ਮੈਂ ਸਿਖ਼ਰ ਦੁਪਹਿਰੇ ਡੁੱਬੇ ਸੂਰਜਾਂ ਦਾ ਦਰਦ ਲੈ ਕੇ ਘਰ ਪਰਤਿਆ ਸੀ।

## ਮਿੰਨੀ ਕਹਾਣੀਆਂ

### ਤਾਰਿਆਂ ਦੀ ਚਾਦਰ

**ਜੈਸਮੀਨ ਕੌਰ ਸੰਧੂ**

ਕੁਝ ਦਿਨਾਂ ਤੋਂ ਮੌਸਮ 'ਚ ਥੋੜ੍ਹੀ ਤਬਦੀਲੀ ਆਈ ਸੀ। ਬੇਮੌਸਮੀ ਬਰਸਾਤ ਕਰਕੇ ਮੌਸਮ ਕੁਝ ਠੰਢਾ ਹੋ ਗਿਆ ਸੀ। ਬੇਅੰਤ ਨੂੰ ਇਹ ਬਦਲਦੀ ਰੁੱਤ ਤੇ ਤਿਉਹਾਰਾਂ ਦੇ ਦਿਨ ਬਹੁਤ ਪਸੰਦ ਨੇ। ਇਨ੍ਹਾਂ ਦਿਨਾਂ ਦੀ ਤਿੱਖੀ ਧੁੱਪ ਤੇ ਠੰਢੀ ਹਵਾ ਅਕਸਰ ਮਨ ਨੂੰ ਸਕੂਨ ਦਿੰਦੀ ਹੈ। ਬੜੇ ਹੀ ਰੌਣਕ ਭਰੇ ਦਿਨ ਨੇ ਜੋ ਬੇਅੰਤ ਨੂੰ ਇੱਕ ਅਨੋਖੀ ਊਰਜਾ ਦਿੰਦੇ ਨੇ। ਦਿਵਾਲੀ ਨੇੜੇ ਹੋਣ ਕਰਕੇ ਬੇਅੰਤ ਕਈ ਦਿਨਾਂ ਤੋਂ ਡੂੰਘੀ ਸਾਫ਼-ਸਫ਼ਾਈ ਵਿੱਚ ਮਸਰੂਫ਼ ਹੈ। ਉਸ ਨੇ ਘਰ ਦੀ ਹਰ ਇੱਕ ਚੀਜ਼ ਨੂੰ ਬੜੀ ਰੀਝ ਨਾਲ ਸਾਫ਼ ਕਰਕੇ ਸਜਾਇਆ ਹੈ। ਪਿਛਲੇ ਕਿੰਨੇ ਹੀ ਦਿਨਾਂ ਤੋਂ ਉਸ ਨੇ ਆਪਣੇ ਆਪ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ। ਅੱਜ ਕੰਮ ਕੁਝ ਘੱਟ ਹੋਣ ਕਰਕੇ, ਉਹ ਸ਼ਾਮ ਨੂੰ ਵਰਾਂਡੇ 'ਚ ਆਰਾਮ ਕਰਨ ਲਈ ਬੈਠ ਗਈ। ਅਚਾਨਕ ਬੇਅੰਤ ਦਾ ਧਿਆਨ ਅਕਾਸ਼ ਵੱਲ ਗਿਆ। ਅੱਜ ਆਕਾਸ਼ ਨੀਲਾ ਹੋਣ ਕਰਕੇ ਚੰਦ ਛੇਤੀ ਨਜ਼ਰੀਂ ਆਉਣ ਲੱਗ ਪਿਆ ਸੀ। ਬੇਅੰਤ ਨੂੰ ਅੱਜ ਆਪਣੀ ਸਿਹਤ ਵੀ ਨਾਸਾਜ਼ ਲੱਗ ਰਹੀ ਸੀ ਤੇ ਉਹ ਛੇਤੀ ਹੀ ਸੌਣ ਚਲੀ ਗਈ। ਉਸ ਦਾ ਧਿਆਨ ਪਤਾ ਨਹੀਂ ਕਿਉਂ ਚੰਦ ਵੱਲ ਹੀ ਜਾ ਰਿਹਾ ਸੀ। ਬੇਅੰਤ ਉੱਠੀ ਤੇ ਆਪਣਾ ਸਿਰਹਾਣਾ ਚੁੱਕ ਕੇ ਉੱਪਰ ਛੱਤ ਉੱਤੇ ਦੌੜੀ-ਦੌੜੀ ਗਈ। ਛੱਤ 'ਤੇ ਮੰਜਾ ਡਾਹਿਆ ਤੇ ਅੰਬਰ ਵੱਲ ਮੂੰਹ ਕਰਕੇ ਪੈ ਗਈ। ਉਸ ਨੂੰ ਚੰਦ ਅੱਜ ਜ਼ਿਆਦਾ ਸੋਹਣਾ ਲੱਗ ਰਿਹਾ ਸੀ ਤੇ ਉਹ ਟਿਕ-ਟਿਕੀ ਲਾ ਕੇ ਅੰਬਰ ਵੱਲ ਦੇਖਣ ਲੱਗੀ। ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਤਾਰਿਆਂ ਦੀ ਚਾਦਰ ਨੇ ਉਸ ਨੂੰ ਢੱਕ ਲਿਆ ਹੋਵੇ ਤੇ ਜਿਵੇਂ ਉਸ ਦੀ ਸਾਰੀ ਥਕਾਵਟ ਹੀ ਆਕਾਸ਼ ਵੱਲ ਉੱਡ ਗਈ ਹੋਵੇ। ਉਹ ਤਾਰਿਆਂ ਦੀ ਚਾਦਰ ਲਪੇਟ ਕੇ ਝੱਟ ਹੀ ਸੌਂ ਗਈ।

* * *

### ਚਾਹ ਪਾਣੀ

**ਕਮਲੇਸ਼ ਭਾਰਤੀ**

"ਸਰ.."

"ਹਾਂ, ਗੱਲ ਕੀ ਹੈ ?"

"ਸਰ, ਉਹ ਅਧਿਕਾਰੀ ਦਲਿਤ ਵਿਦਿਆਰਥੀਆਂ ਦਾ ਵਜ਼ੀਫ਼ਾ ਪਾਸ ਕਰਨ ਲਈ ਪ੍ਰਤੀ ਵਿਦਿਆਰਥੀ ਪੈਸੇ ਮੰਗ ਰਿਹਾ ਹੈ।"

"ਇਸ ਦੀ ਕੋਈ ਲੋੜ ਨਹੀਂ।"

"ਫਿਰ ਬਿੱਲ ਪਾਸ ਨਹੀਂ ਹੋਵੇਗਾ, ਜਨਾਬ!"

"ਨਾ ਹੋਵੇ। ਉਹਨੂੰ ਕਹੋ ਜੋ ਵੀ ਔਬਜੈਕਸ਼ਨ ਲਾਉਣਾ ਹੈ, ਲਾ ਦੇਵੇ!"

ਉਹ ਮੇਰਾ ਸੁਨੇਹਾ ਲੈ ਕੇ ਦਫ਼ਤਰ ਦੇ ਅੰਦਰ ਚਲਾ ਗਿਆ। ਕੁਝ ਪਲਾਂ ਬਾਅਦ ਵਾਪਸ ਆਇਆ।

"ਸਰ, ਉਹ ਕਹਿੰਦੇ ਹਨ, ਚਲੋ, ਪ੍ਰਤੀ ਵਿਦਿਆਰਥੀ ਨਾ ਸਹੀ, ਘੱਟੋ ਘੱਟ ਵਧੀਆ ਚਾਹ-ਪਾਣੀ ਜੋਗੇ ਪੈਸੇ ਹੀ ਦੇ ਦਿਓ।"

"ਕਹਿ ਦਿਓ ਕਿ ਛੇਤੀ ਪ੍ਰਬੰਧ ਕਰਕੇ ਦੱਸਦੇ ਹਾਂ।"

ਉਹ ਸੁਨੇਹਾ ਦੇ ਆਇਆ। ਫਿਰ ਮੈਂ ਉਸ ਨੂੰ ਆਪਣੀ ਬਾਈਕ ਦੇ ਪਿੱਛੇ ਬਿਠਾਇਆ ਅਤੇ ਆਪਣੀ ਜਾਣ-ਪਛਾਣ ਵਾਲੇ ਮਿੱਤਰ ਅਫਸਰ ਕੋਲ ਪਹੁੰਚ ਗਿਆ।

ਅਫਸਰ ਨੇ ਮੇਰਾ ਸੁਆਗਤ ਕੀਤਾ ਅਤੇ ਚਾਹ-ਪਾਣੀ ਲਈ ਪੁੱਛਿਆ ਤਾਂ ਮੈਂ ਕਿਹਾ ਕਿ ਮੈਂ ਚਾਹ-ਪਾਣੀ ਤਾਂ ਜ਼ਰੂਰ ਪੀਵਾਂਗਾ, ਪਰ ਪਹਿਲਾਂ ਆਪਣੇ ਅਧਿਕਾਰੀ ਨੂੰ ਵੀ ਬੁਲਾ ਲਓ।

"ਕਿਉਂ ?"

"ਕਿਉਂਕਿ ਉਨ੍ਹਾਂ ਨੇ ਮੈਨੂੰ ਚਾਹ-ਪਾਣੀ ਪਿਆਉਣ ਲਈ ਕਿਹਾ ਹੈ। ਸੋਚਿਆ, ਜਦੋਂ ਤੁਸੀਂ ਮੈਨੂੰ ਪੀਣ ਲਈ ਬੁਲਾਉਗੇ, ਮੈਂ ਉਨ੍ਹਾਂ ਨੂੰ ਵੀ ਪਿਲਾ ਦੇਵਾਂਗਾ! ਮੇਰੇ ਕੋਲ ਇੰਨੇ ਪੈਸੇ ਕਿੱਥੇ ਹਨ ਕਿ ਦਲਿਤ ਵਿਦਿਆਰਥੀਆਂ ਦੇ ਪੈਸੇ ਕੱਟ ਕੇ ਅਫਸਰ ਨੂੰ ਚਾਹ ਪਿਆ ਸਕਾਂ ?"

ਉਹ ਮਿੱਤਰ ਅਫਸਰ ਬਹੁਤ ਹੱਸੇ ਅਤੇ ਸਾਰਾ ਮਾਮਲਾ ਸਮਝ ਗਏ। ਤੁਰੰਤ ਉਸ ਅਧਿਕਾਰੀ ਨੂੰ ਫੋਨ ਕਰਕੇ ਬੁਲਾ ਲਿਆ। ਉਹ ਮੈਨੂੰ ਤਾਂ ਪਛਾਣਦਾ ਨਹੀਂ ਸੀ, ਪਰ ਕਲਰਕ ਨੂੰ ਦੇਖ ਕੇ ਕੁਝ ਹੈਰਾਨ ਹੋਇਆ।

"ਹਾਂ ਬਈ, ਇਹ ਪ੍ਰਿੰਸੀਪਲ ਸਾਹਿਬ ਚਾਹ-ਪਾਣੀ ਪਿਆਉਣ ਮੇਰੇ ਕੋਲ ਆਏ ਹਨ! ਦੱਸ, ਚਾਹ ਮੰਗਵਾਵਾਂ ?"

ਅਧਿਕਾਰੀ ਹੱਥ ਜੋੜ ਕੇ ਖੜ੍ਹਾ ਸੀ, "ਨਹੀਂ ਸਰ! ਚਾਹ ਤੋਂ ਬਿਨਾਂ ਹੀ ਠੀਕ ਹਾਂ।"

"ਫਿਰ ਦਫ਼ਤਰ ਜਾ ਕੇ ਇਨ੍ਹਾਂ ਨੂੰ ਚਾਹ-ਪਾਣੀ ਪਿਆਓ ਅਤੇ ਇਨ੍ਹਾਂ ਦੇ ਬਿੱਲ ਪਾਸ ਕਰ ਦਿਓ।"

ਅਧਿਕਾਰੀ ਸ਼ਰਮ ਨਾਲ ਪਾਣੀ-ਪਾਣੀ ਹੋ ਗਿਆ ਤੇ ਸਿਰ ਝੁਕਾ ਕੇ ਬਾਹਰ ਚਲਾ ਗਿਆ।

*******

### ਰਾਜਨੀਤੀ

**ਗੁਰਸੇਵਕ ਸਿੰਘ ਭੰਗਾਲੀ**

"ਹੋਰ ਸੁਣਾ ਬੰਤਾ ਸਿਹਾਂ ?" ਖੇਤੋਂ ਮੁੜਦੇ ਬੰਤਾ ਸਿੰਘ ਨੂੰ ਨਾਜਰ ਸਿੰਘ ਨੇ ਪੁੱਛਿਆ।

"ਬਸ ਸਭ ਅਕਾਲ ਪੁਰਖ ਦੀ ਕਿਰਪਾ ਹੈ।" ਬੰਤਾ ਸਿੰਘ ਨੇ ਮੋੜਵਾਂ ਉੱਤਰ ਦਿੱਤਾ।

"ਪਰ ਬੰਤਾ ਸਿਹਾਂ ਮੈਂ ਸੁਣਿਆ ਕਿ ਤੇਰੇ ਦੋਵੇਂ ਮੁੰਡੇ ਵੋਟਾਂ ਵਿੱਚ ਇੱਕ ਦੂਜੇ ਦੇ ਵਿਰੁੱਧ ਉਮੀਦਵਾਰ ਖੜ੍ਹੇ ਨੇ ? ਵੇਖ ਲੈ ਬੰਤਾ ਸਿਹਾਂ, ਰਾਜਨੀਤੀ ਭਰਾ ਨੂੰ ਭਰਾ ਦੇ ਵਿਰੁੱਧ ਖੜ੍ਹਾ ਕਰ ਦਿੰਦੀ ਹੈ।"

"ਓ ਨਹੀਂ ਨਾਜਰ ਸਿਹਾਂ ਇਹ ਤਾਂ ਮੈਂ ਹੀ ਸਲਾਹ ਦਿੱਤੀ ਸੀ ਦੋਵਾਂ ਮੁੰਡਿਆਂ ਨੂੰ। ਮੈਂ ਆਖਿਆ ਜੇ ਦੋਵੇਂ ਜਣੇ ਦੋਵਾਂ ਪਾਰਟੀਆਂ ਵੱਲੋਂ ਉਮੀਦਵਾਰ ਖਲੋ ਜਾਵੋ ਤਾਂ ਇੱਕ ਦੀ ਜਿੱਤ ਤਾਂ ਯਕੀਨੀ ਹੈ ਮਤਲਬ ਸੀਟ ਆਪਣੇ ਹੀ ਘਰ ਰਹੇਗੀ। ਭਾਈ ਰਾਜਨੀਤੀ ਇਸੇ ਨੂੰ ਤਾਂ ਕਹਿੰਦੇ ਨੇ।"ਬੰਤਾ ਸਿੰਘ ਨੇ ਡੂੰਘਾ ਰਮਜ਼ ਭਰਪੂਰ ਉੱਤਰ ਦਿੱਤਾ ਅਤੇ ਤੁਰ ਪਿਆ।




## ਦੂਜਿਆਂ ਦੇ ਲਈ ਜਿਊਣਾ ਸਿੱਖੋ
ਓਮਕਾਰ ਸੂਦ ਬਹੋਨਾ



ਹੱਸਣਾ ਅਤੇ ਹਸਾਉਣਾ ਸਿੱਖੋ।
ਦਿਲ ਵਿੱਚ ਪਿਆਰ ਵਧਾਉਣਾ ਸਿੱਖੋ।
ਮਾਰੋ ਗੋਲੀ ਨਫ਼ਰਤ ਤਾਈਂ
ਪਿਆਰ ਦਾ ਬੂਟਾ ਲਾਉਣਾ ਸਿੱਖੋ।
ਆਸਾਂ ਦਾ ਇੱਕ ਮਹਿਲ ਬਣਾਓ
ਸਬਰ ਸਿਦਕ ਨਾਲ ਜਿਊਣਾ ਸਿੱਖੋ।
ਹੱਸਦੇ ਹੱਸਦੇ ਕੰਮ ਕੋਈ ਵੀ
ਪੂਰਾ ਕਰ ਵਿਖਾਉਣਾ ਸਿੱਖੋ।
ਛੱਡ ਦਿਓ ਸਭ ਰੋਣਾ-ਧੋਣਾ
ਹੱਸ ਕੇ ਵਕਤ ਲੰਘਾਉਣਾ ਸਿੱਖੋ।
ਜੋ ਹੋਣਾ ਹੈ ਹੋ ਕੇ ਰਹਿਣਾ
ਬਸ ਢੋਲੇ ਦੀਆਂ ਲਾਉਣਾ ਸਿੱਖੋ।
ਸੱਚ ਦੇ ਪਾਂਧੀ ਬਣ ਕੇ ਜੀਵੋ
ਸੱਚ ਲਈ ਸੀਸ ਕਟਾਉਣਾ ਸਿੱਖੋ।
ਆਫ਼ਤ ਆਈ ਤਾਂ ਵੀ ਮਿੱਤਰੋ
ਸੁੱਤਿਆਂ ਤਾਈਂ ਜਗਾਉਣਾ ਸਿੱਖੋ।
ਨਿੱਜ ਲਈ ਤਾਂ ਸਾਰੇ ਜਿਉਂਦੇ
ਦੂਜਿਆਂ ਦੇ ਲਈ ਜਿਊਣਾ ਸਿੱਖੋ।
ਵੱਡਿਆਂ ਦਾ ਸਨਮਾਨ ਕਰਨ ਲਈ
ਬਹੋਨੇ ਜ਼ਰਾ ਨਿਉਣਾ ਸਿੱਖੋ।

## ਗ਼ਜ਼ਲ
ਅਮਨ ਦਾਤੇਵਾਸੀਆ



ਆ ਵੇ ਲੋਕਾ ਵੇਖ ਲੋਕਾਈ
ਚਾਰੇ ਪਾਸੇ ਹਾਲ-ਦੁਹਾਈ।
ਬੰਜਰ ਧਰਤੀ, ਪਾਣੀ ਡੂੰਘੇ
ਰਸਾਇਣਾਂ ਨੇ ਧਾਕ ਜਮਾਈ।
ਨਸ਼ਿਆਂ ਦੀ ਹੁਣ ਤੂਤੀ ਬੋਲੇ
ਚਿੱਟੇ ਨੇ ਤਾਂ ਸੁਰਤ ਭਲਾਈ।
ਕੌਲ-ਫੁੱਲ ਲਈ ਹੱਲਾ-ਗੁੱਲਾ
ਲੱਛਮੀ ਵੇਲੇ ਚੁੱਪ ਵਰਤਾਈ।
ਖਾਣਾ-ਦਾਣਾ ਵੀ ਜ਼ਹਿਰੀਲਾ
ਪ੍ਰਦੂਸ਼ਣ ਨੇ ਜਾਨ ਸੁਕਾਈ।
ਖੇਤੀ ਬਣਗੀ ਮਹਿੰਗਾ ਸੌਦਾ
ਪੱਲੇ ਪੈਂਦੀ ਵੱਟ-ਵਟਾਈ।
ਮਹਿੰਗਾਈ ਦੇ ਅੱਥਰੇ ਘੋੜੇ ਨੇ ਤਾਂ
ਕਿਰਤੀ ਦੀ ਹੈ ਸੁਰਤ ਭਲਾਈ।
ਮਿਹਨਤ ਏਥੇ ਕੌਡੀ ਵਿਕਦੀ
ਟੁੰਬਦੀ ਤਾਂ ਹੀ ਧਰਤ-ਪਰਾਈ।
ਜੇਬ ਗਰਮ ਦੀ ਰੀਤ ਅਵੱਲੀ
ਵਧਦੀ ਜਾਏ ਭ੍ਰਿਸ਼ਟ ਕਮਾਈ।
ਖ਼ਾਲਸ ਸ਼ਬਦ ਕੰਨਾਂ ਨੂੰ ਤਰਸੇ
ਮਿਲਾਵਟ ਨੇ ਜੋ ਹੱਦ ਮੁਕਾਈ।
ਕੈਂਸਰ ਅਜ਼ਗਰ ਬੰਦੇ-ਖਾਣਾ
ਖਾਈ ਜਾਵੇ ਕਿਰਤ-ਕਮਾਈ।
ਜਿੰਦ ਵਿਆਜੂ ਹਰ ਪਲ ਸੋਚ
ਕਰੀਏ ਕਿੱਦਾਂ ਮੂਲ ਚੁਕਾਈ।
'ਅਮਨ' ਜੀ ਕਦੇ ਨਾ ਰਹਿੰਦੀ
ਜਿਹੜੀ ਬਾਤ ਬੁੱਲ੍ਹਾਂ 'ਤੇ ਆਈ।

## ਮਲਾਲ
ਰਾਕੇਸ਼ ਕੁਮਾਰ

ਉਸ ਦਾ ਮਸ਼ਹੂਰ ਹੋਣਾ ਇੱਕ ਸੁਆਲ ਹੈ
ਤੇਰਾ ਚੁੱਪ ਰਹਿਣਾ ਉਸ ਤੋਂ ਵੱਧ ਕਮਾਲ ਹੈ।
ਹਰ ਰੰਗ ਦਾ ਜੋਬਨ ਆਪੇ ਢਲ ਜਾਵੇਗਾ
ਕਿਸ ਗੱਲ ਦਾ ਵਕਤ ਉੱਤੇ ਮਲਾਲ ਹੈ।
ਆਪਣੀ ਮਿੱਟੀ ਉੱਤੇ ਕੁਝ ਕਰਕੇ ਵਿਖਾ
ਪਰਵਾਸੀ ਹੋ ਕਰਦਾ ਰੁਜ਼ਗਾਰ ਦੀ ਭਾਲ ਹੈ।
ਉਡਾ ਕੇ ਦੌਲਤ ਜ਼ਰੂਰਤਮੰਦਾਂ 'ਤੇ ਉਹ
ਰੂਹ ਆਪਣੀ ਨੂੰ ਕਰਦਾ ਮਾਲਾਮਾਲ ਹੈ।
ਕਦਮਾਂ ਲਈ ਥਾਂ ਬਣਾਉਣੀ ਔਖੀ ਹੁੰਦੀ
ਭੀੜ ਵਿੱਚ ਨਾ ਕਰਦਾ ਕੋਈ ਖ਼ਿਆਲ ਹੈ।
ਪਲ ਵਿੱਚ ਹੀ ਬਦਲ ਜਾਂਦਾ ਹੈ 'ਰਾਕੇਸ਼'
ਇਨਸਾਨਾਂ ਵਰਗਾ ਮੌਸਮਾਂ ਦਾ ਹਾਲ ਹੈ।

## ਗ਼ਜ਼ਲ
ਅੰਮ੍ਰਿਤਪਾਲ ਸਿੰਘ ਸੰਧੂ

ਤੇਰੇ ਇਸ ਸ਼ਹਿਰ ਵਿੱਚ ਉਂਝ ਮੈਂ ਜ਼ਿਆਦਾ ਘਰ ਨਹੀਂ ਦੇਖੇ
ਜੋ ਦੇਖੇ ਨੇ ਉਨ੍ਹਾਂ ਵਿੱਚ ਵੀ ਝਰੋਖੇ ਦਰ ਨਹੀਂ ਦੇਖੇ
ਬਿਨਾਂ ਜੜ੍ਹ ਤੋਂ ਖੜ੍ਹੇ ਰੁੱਖ ਨੇ ਇਸੇ ਲਈ ਛਾਂ ਨਹੀਂ ਖਬਰੇ
ਜੋ ਪੰਛੀ ਆਲ੍ਹਣੇ ਵਿੱਚ ਨੇ ਉਨ੍ਹਾਂ ਦੇ ਪਰ ਨਹੀਂ ਦੇਖੇ
ਬੜੀ ਸਹਿਮੀ ਹਵਾ ਚਲਦੀ ਹਰ ਇੱਕ ਝੋਂਕਾ ਜਿਵੇਂ ਨਾਬਰ
ਮੈਂ ਹਾਉਕਾ ਕੀ ਲਵਾਂ ਪੂਰੇ ਕਦੇ ਸਾਹ ਭਰ ਨਹੀਂ ਦੇਖੇ
ਕਦੇ ਸੁਪਨੇ 'ਚ ਕੰਡੇ ਨੇ ਕਦੇ ਰੇਤਾ ਕਦੇ 'ਨ੍ਹੇਰੀ
ਨਾ ਪਾਣੀ ਰੁੱਖ ਲਹਿਰ ਮੋਤੀ ਕਦੇ ਸਾਗਰ ਨਹੀਂ ਦੇਖੇ
ਹਮੇਸ਼ਾ ਠੀਕ ਹਾਂ ਕਿ ਨਹੀਂ ਤੇਰੇ ਉੱਤਰ ਛੁਪਾ ਲੈਂਦੇ
ਮਿਲੇ ਜਿੰਨੇ ਤੇਰੇ ਐਪਰ ਮੈਂ ਓਨੇ ਪਰ ਨਹੀਂ ਦੇਖੇ
ਕਲੀ ਡਰਦੀ ਡਰੇ ਭੌਰੇ ਬਹਾਰਾਂ ਤੇ ਖ਼ਿਜ਼ਾਵਾਂ ਵੀ
ਮੈਂ ਐਨੇ ਦੂਰ ਤੱਕ ਪਸਰੇ ਕਿਤੇ ਵੀ ਡਰ ਨਹੀਂ ਦੇਖੇ

## ਅੱਜ ਦਾ ਯੁੱਗ
ਪ੍ਰਸ਼ੋਤਮ ਪੱਤੋ




ਸਾਰੇ ਪਾਸੇ ਹੀ ਇੱਥੇ ਹਨੇਰਾ ਹੈ
ਮੇਰੀ ਸੋਚ 'ਚ ਸੁਰਖ ਸਵੇਰਾ ਹੈ।
ਕਹਿਣ ਨੂੰ ਸਾਰੇ ਹੀ ਉਂਝ ਤੇਰੇ ਨੇ
ਕੋਈ ਨਾ ਮਿੱਤਰਾ ਤੇਰਾ ਨਾ ਮੇਰਾ ਹੈ।
ਸਨਮਾਨਾਂ ਦੀ ਲੋਈ ਦੇ ਅੰਦਰ
ਚਾਪਲੂਸੀ ਦਾ ਵੱਡਾ ਘੇਰਾ ਹੈ।
ਗਿੱਦੜ ਵਰਗਾ ਦਿਲ ਰੱਖਦਾ ਏ
ਉਂਝ ਕਹਿਣ ਨੂੰ ਨਾਂ ਸ਼ੇਰਾ ਹੈ।
ਸੋਚ ਖੁੰਢੀ ਨੂੰ ਕੀ ਆਖਾਂ ਯਾਰੋ ?
ਤਿੱਖਾ ਕਰਦ ਜੇਹਾ ਨਾ ਜੇਰਾ ਹੈ।
ਲੋਕਾਂ ਨੂੰ ਲੜਾਉਣ ਦੀ ਖਾਤਰ
ਹਰ ਇੱਕ ਪਿੰਡ ਵਿੱਚ ਡੇਰਾ ਹੈ।
ਪਾਪ ਰੋਜ਼ ਵਧਦੇ ਹੀ ਜਾਂਦੇ ਨੇ
ਲੁੱਚਿਆਂ ਦਾ ਚੁਫੇਰੇ ਤੋਰਾ ਫੇਰਾ ਹੈ।
ਅੰਧਵਿਸ਼ਵਾਸੀ ਦਾ ਜਾਲ ਵਿਛਾ ਕੇ
ਸਾਧ-ਨੇਤਾ ਚੋਵਣ ਨਵਾਂ ਲਵੇਰਾ ਹੈ।
'ਪੱਤੋ' ਨੇ ਆਸਾਂ ਦੀ ਤੰਦ ਛੱਡੀ ਨਾ
ਉਹਦੀ ਸੋਚ ਦਾ ਪੰਧ ਲੰਮੇਰਾ ਹੈ।

## ਗ਼ਜ਼ਲ
ਜਗਤਾਰ ਸਕਰੌਦੀ

ਕਿਹੜੇ ਬੁਰੇ ਵਕਤ ਖੌਰੇ ਦੁਆਵਾਂ ਭੇਜ ਹੋ ਗਈਆਂ।
ਦੀਵੇ ਬੁਝਣ ਜੋ ਲੱਗੇ ਨੇ ਹਵਾਵਾਂ ਤੇਜ਼ ਹੋ ਗਈਆਂ।
ਬਹੁਤ ਭੱਜਿਆ ਮੈਂ ਕਿ ਵਕਤ ਦੇ ਨਾਲ ਰਲ ਜਾਵਾਂ,
ਜਿੰਨਾ ਤੇਜ਼ ਭੱਜਿਆ ਇਹ ਰਾਹਵਾਂ ਤੇਜ਼ ਹੋ ਗਈਆਂ।
ਸੁਪਨੇ 'ਚ ਵੇਖਿਆ ਰਾਤੀਂ ਮੈਂ ਜਦ ਪੰਜਾਬ ਨੂੰ,
ਘਬਰਾ ਕੇ ਉੱਠ ਬੈਠਿਆ ਸਾਹਵਾਂ ਤੇਜ਼ ਹੋ ਗਈਆਂ।
ਉਨ੍ਹਾਂ ਦੇਖ ਲਿਆ ਮੈਨੂੰ ਕੱਲ੍ਹ ਗਲੀ ਚੋਂ ਲੰਘਦੇ,
ਨਜ਼ਰਅੰਦਾਜ ਵੀ ਕੀਤਾ ਨਿਗਾਵਾਂ ਤੇਜ਼ ਹੋ ਗਈਆਂ।
ਅੰਦਰ ਹੱਕ ਮੰਗਣ ਵਾਲੇ ਬਾਹਰ ਨੇ ਲੁੱਟਣ ਵਾਲੇ,
ਉਂਝ ਸੁਣਨ 'ਚ ਸੁਣੀਦਾ ਸਜ਼ਾਵਾਂ ਤੇਜ਼ ਹੋ ਗਈਆਂ।
ਰਾਂਝੇ ਜਿਸਮਾਂ ਦੇ ਭੁੱਖੇ ਤੇ ਹੀਰਾਂ ਦੀ ਦੌੜ ਦੌਲਤਾਂ,
ਅੱਜਕੱਲ੍ਹ ਇਸ਼ਕ ਦੇ ਕਿੱਸੇ ਵਫ਼ਾਵਾਂ ਤੇਜ਼ ਹੋ ਗਈਆਂ।
ਸ਼ਬਦਾਂ ਨਾਲ ਬਣਾਕੇ ਰੱਖ 'ਜਗਤਾਰ' ਜੇ ਤੂੰ ਸ਼ਾਇਰ,
ਸੁਣ ਸ਼ਾਇਰਾ ਗ਼ਜ਼ਲਾਂ ਤੇ ਕਵਿਤਾਵਾਂ ਤੇਜ਼ ਹੋ ਗਈਆਂ।

## ਤੇਰੀ ਯਾਦ ਦੇ ਦੁਆਰੇ
ਹਰਸਿਮਰਤ ਸਿੰਘ

ਰੋਜ਼ ਚੱਲਦਾ ਹਾਂ
ਰੁਕਦਾ ਹਾਂ
ਥੱਕਦਾ ਹਾਂ
ਆਖਿਰ ਪਹੁੰਚ ਜਾਂਦਾ ਹਾਂ
ਤੇਰੀ ਯਾਦ ਦੇ ਦੁਆਰੇ।
ਮਨ ਏ ਕਮਲਾ
ਹੈ ਦੁਬਿਧਾ ਅੰਦਰ
ਸੋਚਦਾ ਏ
ਮਰੇ ਘੁਟ-ਘੁਟ
ਜਾਂ ਪੀਵੇ ਹੰਝੂ ਖਾਰੇ।
ਯਾਦ ਤੇਰੀ ਏ
ਰਹਿਮ ਤੋਂ ਹੀਣੀ
ਰੱਤ ਦੀ ਪਿਆਸੀ
ਕਰਦੀ ਜ਼ੁਲਮ ਏ
ਸੂਲੀ ਗ਼ਮਾਂ ਦੀ ਚਾੜ੍ਹੇ।
ਤੇਰੀ ਮੂਰਤ
ਬੜੀ ਖ਼ੂਬਸੂਰਤ
ਆ ਕੇ ਵਿੱਚ ਸੁਫ਼ਨਿਆਂ
ਅਗਨ ਬਲਦੇ ਦਿਲ ਦੀ
ਕੁਝ ਪਲ ਲਈ ਠਾਰੇ।
ਰੁੱਤ ਵਿਛੋੜੇ ਵਾਲੀ
ਆਈ ਏ
ਦਿਲ ਦੀ ਸੁਹਲ ਧਰਤ 'ਤੇ
ਪਾਲੇ ਫੁੱਲ ਅਰਮਾਨਾਂ ਨਾਲ
ਇੱਕ ਨਿਮਖ ਵਿੱਚ ਝਾੜੇ।
ਤੇਰੇ ਬਾਅਦ
ਹਰ ਇੱਕ ਰਾਤ
ਬਿਤਾਈ ਕਿਵੇਂ



ਕੋਈ ਨਾ ਜਾਣਦਾ
ਗਵਾਹ ਨੇ ਅੰਬਰ ਦੇ ਤਾਰੇ।
ਤੇਰੇ ਸਿਵੇ ਦੀ ਰਾਖ਼ ਵਾਂਙ
ਸੁਲਗ ਰਿਹਾ ਏ ਦਿਲ
ਦਿਨ ਢਲੇ
ਸ਼ਾਮ ਪਈ 'ਤੇ
ਮਨ ਤੈਨੂੰ
ਰੂਹ ਤੇਰੇ ਪਿਆਰ ਨੂੰ ਪੁਕਾਰੇ।
ਰੋਜ਼ ਚੱਲਦਾ ਹਾਂ
ਰੁਕਦਾ ਹਾਂ
ਥੱਕਦਾ ਹਾਂ
ਆਖਿਰ ਪਹੁੰਚ ਜਾਂਦਾ ਹਾਂ
ਤੇਰੀ ਯਾਦ ਦੇ ਦੁਆਰੇ।
ਮਨ ਹੈ ਕਮਲਾ
ਹੈ ਦੁਬਿਧਾ ਅੰਦਰ
ਸੋਚਦਾ ਹੈ
ਮਰੇ ਘੁਟ-ਘੁਟ
ਜਾਂ ਪੀਵੇ ਹੰਝੂ ਖਾਰੇ।

## ਉਦਾਸ ਖ਼ਾਮੋਸ਼ੀ
ਮੋਹਨ ਸ਼ਰਮਾ

ਤੇਰੇ ਘਰ ਤੋਂ ਮੇਰੇ ਘਰ ਤਕ
ਦਸ ਕੋਹ ਦਾ ਪੈਂਡਾ
ਤੈਅ ਕਰਦਿਆਂ
ਇੰਝ ਲੱਗਦਾ ਸੀ
ਜਿਵੇਂ ਖੇਤ ਗੇੜਾ ਮਾਰਕੇ ਲਹਿਰਾਉਂਦੀ
ਫ਼ਸਲ ਨੂੰ ਵੇਖਕੇ ਖ਼ੁਸ਼ੀ ਵਿੱਚ ਖੀਵਾ
ਹੋਇਆ ਹੋਵਾਂ।
ਜਿਵੇਂ ਕਿਸੇ ਪਵਿੱਤਰ ਥਾਂ 'ਤੇ
ਸਿਜਦਾ ਕਰਨ ਲਈ ਮਨ ਕਾਹਲਾ ਹੋਵੇ।
ਜਾਂ ਜਿਵੇਂ ਕਿਸੇ ਹੁਸੀਨ ਵਾਦੀ ਦੀ
ਪਰਿਕਰਮਾ ਕਰਨ ਜਾ ਰਿਹਾ ਹੋਵਾਂ।
ਸੱਚੀਂ ਇਹ ਦਸ ਕੋਹ ਦਾ
ਪੈਦਲ ਸਫ਼ਰ
ਦਸ ਫਰਲਾਂਗ ਵਾਂਗ
ਲੱਗਦਾ ਸੀ।
ਅਤੇ ਉਤਸ਼ਾਹਿਤ ਪੈਰਾਂ ਨੂੰ
'ਔਹ ਦਿਖਦੀ ਕੁਲੀ ਯਾਰ ਦੀ'
ਵਾਂਗ ਲੱਗਦਾ ਸੀ।
ਵਾਪਸੀ 'ਤੇ ਵੀ ਮੇਰਾ ਆਪਾ
ਤੇਰੇ ਤਸੱਵਰ ਨਾਲ
ਗੱਲਾਂ ਕਰਦਿਆਂ
ਬੜਾ ਸੁਖਾਵਾਂ ਪੈਂਡਾ
ਤੈਅ ਕਰਦਾ ਸੀ।
ਘਰ ਆਇਆਂ ਜਦੋਂ
ਮਾਂ ਪੁੱਛਦੀ
"ਕਿੱਥੋਂ ਆਇਐਂ ਪੁੱਤ ?"
ਤਾਂ ਮੈਂ ਸੱਚ ਵਰਗਾ
ਝੂਠ ਬੋਲਦਾ ਸੀ
"ਮੰਦਰ ਮੱਥਾ ਟੇਕ ਕੇ
ਆਇਆਂ ਮਾਂ!"



ਪਰ ਹੁਣ ਸਮੇਂ ਦੀ ਹਨੇਰੀ
ਬੜਾ ਕੁਝ ਹੂੰਝ ਕੇ
ਲੈ ਗਈ ਹੈ।
ਤੇਰੇ ਨਾਲ ਕਿਸੇ ਬੇਗਾਨੇ ਦਾ
ਨਾਂ ਜੁੜ ਗਿਆ ਹੈ
ਹੁਣ ਤੇਰੇ ਪਿੰਡ ਵੱਲ
ਜਾਣ ਨੂੰ ਵੱਢੀ ਰੂਹ ਨਹੀਂ ਕਰਦੀ।
ਤਿੱਖੀ ਧੁੱਪ ਵੀ ਰੜਕਦੀ ਹੈ।
ਅਤੇ ਵਾਟ ਵੀ
ਬਹੁਤ ਲੰਮੀ ਲੱਗਦੀ ਹੈ।
ਮਾਂ ਕਦੇ ਕਦੇ ਪੁੱਛ ਲੈਂਦੀ ਹੈ
"ਤੂੰ ਮੰਦਰ ਜਾਣਾ ਕਿਉਂ ਛੱਡ ਦਿੱਤਾ ?"
ਮੈਂ ਕੁਝ ਨਹੀਂ ਬੋਲਦਾ
ਮਾਂ ਵੀ ਮੈਥੋਂ ਦੁਬਾਰਾ ਨਹੀਂ ਪੁੱਛਦੀ
ਸ਼ਾਇਦ ਦੇਖ ਕੇ ਮੇਰੇ ਚਿਹਰੇ 'ਤੇ
ਪਸਰੀ ਖ਼ਾਮੋਸ਼ ਉਦਾਸੀ ਨੂੰ

# ਭਾਰਤ ਨੇ ਲਗਾਤਾਰ ਦੂਜੀ ਵਾਰ ਜਿੱਤਿਆ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦਾ ਖ਼ਿਤਾਬ, ਫ਼ਾਈਨਲ ’ਚ ਚੀਨ ਨੂੰ 1-0 ਨਾਲ ਹਰਾਇਆ

ਮਹਿਲਾ ਏਸ਼ੀਅਨ ਚੈਂਪੀਅਨਸ ਟਰਾਫੀ ਦੀ ਮੌਜੂਦਾ ਚੈਂਪੀਅਨ ਭਾਰਤੀ ਮਹਿਲਾ ਹਾਕੀ ਟੀਮ ਨੇ ਆਪਣੇ ਖਿਤਾਬ ਦਾ ਬਚਾਅ ਕਰਦੇ ਹੋਏ ਲਗਾਤਾਰ ਦੂਜੀ ਵਾਰ ਖਿਤਾਬ ਜਿੱਤ ਲਿਆ ਹੈ। ਇਸ ਦੇ ਨਾਲ ਹੀ ਤੀਜੀ ਵਾਰ ਟੂਰਨਾਮੈਂਟ ਦਾ ਫਾਈਨਲ ਖੇਡਣ ਵਾਲੀ ਚੀਨ ਦੀ ਟੀਮ ਇੱਕ ਵਾਰ ਫਿਰ ਖਾਲੀ ਹੱਥ ਰਹੀ। ਭਾਰਤੀ ਹਾਕੀ ਟੀਮ ਨੇ ਚੀਨ ਨੂੰ 1-0 ਨਾਲ ਹਰਾਇਆ। ਇਹ ਟੂਰਨਾਮੈਂਟ ਬਿਹਾਰ ਦੇ ਰਾਹਗੀਰ ਹਾਕੀ ਸਟੇਡੀਅਮ ਵਿੱਚ ਖੇਡਿਆ ਗਿਆ। ਭਾਰਤੀ ਟੀਮ ਟੂਰਨਾਮੈਂਟ ਵਿੱਚ ਇੱਕ ਵੀ ਮੈਚ ਨਹੀਂ ਹਾਰੀ।




ਚੀਨ ਨੇ ਪਹਿਲੀ ਤਿਮਾਹੀ ਵਿੱਚ ਹਮਲਾਵਰ ਸ਼ੁਰੂਆਤ ਕੀਤੀ। ਹਾਲਾਂਕਿ, ਜਲਦੀ ਹੀ ਭਾਰਤੀ ਟੀਮ ਨੇ ਹਮਲਾਵਰ ਸਥਿਤੀ ਲੈ ਲਈ। ਲੀਗ ਪੜਾਅ ਦੀਆਂ ਗਲਤੀਆਂ ਤੋਂ ਸਬਕ ਲੈਂਦਿਆਂ ਚੀਨ ਨੇ ਵੱਖਰੀ ਰਣਨੀਤੀ ਤਿਆਰ ਕੀਤੀ। ਭਾਰਤ ਨੇ ਚੀਨ ਦੇ ਡੀ ਵਿੱਚ ਦਾਖਲ ਹੋਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋਇਆ। ਪਹਿਲਾ ਕੁਆਰਟਰ ਗੋਲ ਰਹਿਤ ਸਮਾਪਤ ਹੋਇਆ। ਚੀਨ ਨੇ ਦੂਜੀ ਤਿਮਾਹੀ ਵਿੱਚ ਹਮਲਾ ਕੀਤਾ। ਹਾਲਾਂਕਿ ਭਾਰਤੀ ਡਿਫੈਂਸ ਨੇ ਮੂੰਹਤੋੜ ਜਵਾਬ ਦਿੱਤਾ।

**ਚੀਨ ਨੇ ਆਪਣਾ ਪਹਿਲਾ ਮੌਕਾ ਗੁਆਇਆ**

ਚੀਨ ਨੇ 18ਵੇਂ ਮਿੰਟ ਵਿੱਚ ਸਰਕਲ ਵਿੱਚ ਦਾਖਲ ਹੋ ਕੇ ਆਪਣਾ ਪਹਿਲਾ ਪੈਨਲਟੀ ਕਾਰਨਰ ਜਿੱਤਿਆ। ਜ਼ੁਏਲਿੰਗ ਜ਼ੇਂਗ ਨੇ ਡਰੈਗਫਲਿਕ ਲਈ ਪਰ ਭਾਰਤੀ ਡਿਫੈਂਸ ਨੇ ਉਸ ਨੂੰ ਰੋਕ ਦਿੱਤਾ ਅਤੇ ਉਸ ਨੂੰ ਰੀਬਾਉਂਡ ’ਤੇ ਇੱਕ ਹੋਰ ਮੌਕਾ ਮਿਲਿਆ, ਪਰ ਇਸ ਵਾਰ ਗੋਲਕੀਪਰ ਬਿਚੂ ਦੇਵੀ ਨੇ ਡਾਈਵਿੰਗ ਕੀਤੀ। ਭਾਰਤੀ ਗੋਲਕੀਪਰ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। 19ਵੇਂ ਮਿੰਟ ਵਿੱਚ ਡੇਂਗ ਕਿਉਚਾਨ ਨੂੰ ਪੀਲਾ ਕਾਰਡ ਮਿਲਿਆ ਅਤੇ ਭਾਰਤ ਨੇ ਆਪਣਾ ਪਹਿਲਾ ਪੈਨਲਟੀ ਕਾਰਨਰ ਜਿੱਤ ਲਿਆ।

ਹਾਲਾਂਕਿ ਦੀਪਿਕਾ ਇਸ ਦਾ ਫਾਇਦਾ ਨਹੀਂ ਉਠਾ ਸਕੀ। ਇਸ ਤੋਂ ਬਾਅਦ ਭਾਰਤ ਨੂੰ ਤਿੰਨ ਬੈਕ-ਟੂ-ਬੈਕ ਪੈਨਲਟੀ ਕਾਰਨਰ ਮਿਲੇ, ਪਰ ਇੱਕ ਦਾ ਵੀ ਫਾਇਦਾ ਨਹੀਂ ਉਠਾ ਸਕਿਆ। ਭਾਰਤ ਅਤੇ ਚੀਨ ਅੱਧੇ ਸਮੇਂ ਤੱਕ ਇੱਕ ਵੀ ਗੋਲ ਨਹੀਂ ਕਰ ਸਕੇ ਅਤੇ ਸਕੋਰ ਜ਼ੀਰੋ ਰਿਹਾ। ਭਾਰਤ ਲਈ ਪਹਿਲਾ ਗੋਲ 31ਵੇਂ ਮਿੰਟ ਵਿੱਚ ਹੋਇਆ। ਸਲੀਮਾ ਟੇਟੇ ਨੇ ਸ਼ਾਨਦਾਰ ਟੀਕਾ ਲਗਾਇਆ ਅਤੇ ਦੀਪਿਕਾ ਨੇ ਧੀਰਜ ਦਿਖਾਉਂਦੇ ਹੋਏ ਸ਼ਾਨਦਾਰ ਗੋਲ ਕੀਤਾ।

**ਲਗਾਤਾਰ ਦੂਜੀ ਵਾਰ ਖਿਤਾਬ ਜਿੱਤਿਆ**

ਭਾਰਤ ਦੀ ਸਟਾਰ ਦੀਪਿਕਾ ਨੂੰ 41ਵੇਂ ਮਿੰਟ ਵਿੱਚ ਪੈਨਲਟੀ ਸਟਰੋਕ ਮਿਲਿਆ। ਹਾਲਾਂਕਿ ਚੀਨੀ ਗੋਲਕੀਪਰ ਲੀ ਟਿੰਗ ਨੇ ਕੁਝ ਸ਼ਾਨਦਾਰ ਬਚਾਅ ਕਰਕੇ ਭਾਰਤ ਨੂੰ 2-0 ਦੀ ਬੜ੍ਹਤ ਲੈਣ ਤੋਂ ਰੋਕਿਆ। ਸਟ੍ਰੋਕ ਗੁਆਉਣ ਤੋਂ ਬਾਅਦ ਦੀਪਿਕਾ ਨਿਰਾਸ਼ ਨਜ਼ਰ ਆਈ। ਭਾਰਤ ਨੂੰ 48ਵੇਂ ਮਿੰਟ ਵਿੱਚ ਇੱਕ ਹੋਰ ਪੈਨਲਟੀ ਕਾਰਨਰ ਮਿਲਿਆ। ਭਾਰਤ ਫਿਰ ਅਸਫਲ ਰਿਹਾ। ਸਲੀਮਾ ਨੇ ਟੀਕਾ ਲਗਾਇਆ ਅਤੇ ਸੁਸ਼ੀਲਾ ਗੋਲ ਕਰਨ ਤੋਂ ਖੁੰਝ ਗਈ। ਇਸ ਤੋਂ ਬਾਅਦ ਕੋਈ ਗੋਲ ਨਹੀਂ ਹੋਇਆ ਅਤੇ ਭਾਰਤ ਨੇ ਲਗਾਤਾਰ ਦੂਜੀ ਵਾਰ ਖਿਤਾਬ ’ਤੇ ਕਬਜ਼ਾ ਕੀਤਾ।

**ਜਾਪਾਨ ਦੀ ਟੀਮ ਤੀਜੇ ਸਥਾਨ ’ਤੇ ਰਹੀ**

ਤੀਜੇ ਸਥਾਨ ਲਈ ਖੇਡੇ ਗਏ ਮੈਚ ਵਿੱਚ ਜਾਪਾਨ ਨੇ ਮਲੇਸ਼ੀਆ ਨੂੰ ਹਰਾ ਦਿੱਤਾ। ਦੋ ਵਾਰ ਦੀ ਚੈਂਪੀਅਨ ਟੀਮ ਜਾਪਾਨ ਨੇ ਮਲੇਸ਼ੀਆ ਨੂੰ 4-1 ਨਾਲ ਹਰਾਇਆ। ਇਸ ਤਰ੍ਹਾਂ ਜਾਪਾਨ ਤੀਜੇ, ਮਲੇਸ਼ੀਆ ਚੌਥੇ, ਕੋਰੀਆ ਪੰਜਵੇਂ ਅਤੇ ਥਾਈਲੈਂਡ ਛੇਵੇਂ ਸਥਾਨ ’ਤੇ ਰਿਹਾ। ਮੈਚ ਵਿੱਚ ਜਾਪਾਨ ਨੂੰ ਅੱਠ ਅਤੇ ਮਲੇਸ਼ੀਆ ਨੂੰ ਦੋ ਪੈਨਲਟੀ ਕਾਰਨਰ ਮਿਲੇ। ਜਾਪਾਨ ਨੇ ਪੈਨਲਟੀ ਕਾਰਨਰ ਤੋਂ ਦੋ ਗੋਲ ਕੀਤੇ। ਮੈਚ ਵਿੱਚ ਮੈਦਾਨ ਤੋਂ ਤਿੰਨ ਗੋਲ ਕੀਤੇ ਗਏ। ਇਸ ਵਿੱਚ ਦੋ ਜਪਾਨ ਨੇ ਅਤੇ ਇੱਕ ਮਲੇਸ਼ੀਆ ਨੇ ਕੀਤਾ।


**ਆਈ.ਪੀ.ਐਲ. ਨਿਲਾਮੀ -2025**

# ਪੰਤ ਤੇ ਅਈਅਰ ਲਈ ਲੱਗੀ ਰਿਕਾਰਡ ਬੋਲੀ

## ਪੰਜਾਬ ਕਿੰਗਜ਼ ਨੇ ਅਰਸ਼ਦੀਪ ਸਿੰਘ ਨੂੰ 18 ਕਰੋੜ ਰੁਪਏ ’ਚ ਖ਼ਰੀਦਿਆ

ਜੇਦਾਹ (ਸਾਊਦੀ ਅਰਬ)/ ਏ.ਟੀ.ਨਿਊਜ਼ : ਭਾਰਤੀ ਵਿਕਟਕੀਪਰ ਬੱਲੇਬਾਜ਼ ਰਿਸ਼ਭ ਪੰਤ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੇ ਸਭ ਤੋਂ ਮਹਿੰਗੇ ਖਿਡਾਰੀ ਬਣ ਗਏ ਹਨ, ਜਿਨ੍ਹਾਂ ਨੂੰ ਲਖਨਊ ਸੁਪਰ ਜਾਇੰਟਸ ਨੇ ‘ਮੈਗਾ ਨਿਲਾਮੀ’ ’ਚ 27 ਕਰੋੜ ਰੁਪਏ ’ਚ ਖਰੀਦਿਆ ਜਦਕਿ ਕੇ.ਕੇ.ਆਰ. ਦੇ ਕਪਤਾਨ ਸ਼੍ਰੇਅਸ ਅਈਅਰ 26.75 ਕਰੋੜ ਰੁਪਏ ’ਚ ਪੰਜਾਬ ਕਿੰਗਜ਼ ਨਾਲ ਜੁੜ ਗਏ।





ਪੰਤ ਲਈ ਸਨਰਾਈਜ਼ਰਜ਼ ਹੈਦਰਾਬਾਦ ਅਤੇ ਲਖਨਊ ਵਿਚਾਲੇ ਸਖਤ ਮੁਕਾਬਲਾ ਸੀ। ਦਿੱਲੀ ਕੈਪੀਟਲਜ਼ ਨੇ ਪਹਿਲਾਂ 20.75 ਕਰੋੜ ਰੁਪਏ ’ਚ ਰਾਈਟ-ਟੂ-ਮੈਚ ਦੀ ਵਰਤੋਂ ਕੀਤੀ ਪਰ ਜਦੋਂ ਲਖਨਊ ਨੇ 27 ਕਰੋੜ ਰੁਪਏ ਦੀ ਆਖਰੀ ਬੋਲੀ ਲਗਾਈ ਤਾਂ ਦਿੱਲੀ ਦੀ ਟੀਮ ਪਿੱਛੇ ਹਟ ਗਈ।

ਅਈਅਰ ਨੂੰ ਪੰਜਾਬ ਕਿੰਗਜ਼ ਨੇ 26.75 ਕਰੋੜ ਰੁਪਏ ’ਚ ਖਰੀਦਿਆ। ਦਿੱਲੀ ਕੈਪੀਟਲਜ਼ ਅਤੇ ਪੰਜਾਬ ਵਿਚਾਲੇ ਲੰਮੇ ਸਮੇਂ ਤੋਂ ਮੁਕਾਬਲਾ ਚੱਲ ਰਿਹਾ ਸੀ ਪਰ ਅੰਤ ਵਿੱਚ ਪੰਜਾਬ ਜਿੱਤ ਗਿਆ। ਅਈਅਰ ਨੇ ਆਸਟਰੇਲੀਆ ਦੇ ਤੇਜ਼ ਗੇਂਦਬਾਜ਼ ਮਿਸ਼ੇਲ ਸਟਾਰਕ ਦਾ ਰਿਕਾਰਡ ਤੋੜਿਆ, ਜਿਨ੍ਹਾਂ ਨੂੰ ਕੇ.ਕੇ.ਆਰ. ਨੇ ਪਿਛਲੀ ਨਿਲਾਮੀ ’ਚ 24.75 ਕਰੋੜ ਰੁਪਏ ’ਚ ਖਰੀਦਿਆ ਸੀ। ਸਟਾਰਕ ਨੂੰ ਦਿੱਲੀ ਕੈਪੀਟਲਜ਼ ਨੇ 11.75 ਕਰੋੜ ਰੁਪਏ ’ਚ ਖਰੀਦਿਆ।

ਅਈਅਰ ਅਤੇ ਪੰਤ ਦੋਹਾਂ ਨੇ ਪਿਛਲੇ ਕੁੱਝ ਸਾਲਾਂ ’ਚ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਪਰ ਜ਼ਬਰਦਸਤ ਹਿੰਮਤ ਨਾਲ ਵਾਪਸੀ ਕੀਤੀ। ਪੰਤ ਦਸੰਬਰ 2022 ਵਿੱਚ ਭਿਆਨਕ ਕਾਰ ਹਾਦਸੇ ਤੋਂ ਬਾਅਦ ਸਫਲ ਵਾਪਸੀ ਕਰਨ ਵਿੱਚ ਕਾਮਯਾਬ ਰਹੇ, ਜਦਕਿ ਅਈਅਰ ਨੇ ਬੀ.ਸੀ.ਸੀ.ਆਈ. ਦੇ ਕੇਂਦਰੀ ਇਕਰਾਰਨਾਮੇ ਤੋਂ ਬਾਹਰ ਕੀਤੇ ਜਾਣ ਦੀ ਨਿਰਾਸ਼ਾ ਨੂੰ ਦੂਰ ਕਰਦਿਆਂ ਕੇ.ਕੇ.ਆਰ. ਨੂੰ ਤੀਜਾ ਆਈ.ਪੀ.ਐਲ. ਖਿਤਾਬ ਦਿਵਾਇਆ।

ਅਈਅਰ ਅਤੇ ਪੰਤ ਦੇ 14 ਮਾਰਚ ਤੋਂ ਸ਼ੁਰੂ ਹੋਣ ਵਾਲੇ ਆਈ.ਪੀ.ਐਲ. 2025 ਸੀਜ਼ਨ ’ਚ ਅਪਣੀਆਂ-ਅਪਣੀਆਂ ਟੀਮਾਂ ਦੀ ਅਗਵਾਈ ਕਰਨ ਦੀ ਉਮੀਦ ਹੈ। ਪੰਜਾਬ ਕਿੰਗਜ਼ ਦੇ ਨਵੇਂ ਕੋਚ ਰਿਕੀ ਪੋਂਟਿੰਗ ਨੇ ਕਿਹਾ, “ਮੈਂ ਅਜੇ ਤਕ ਕਪਤਾਨੀ ਬਾਰੇ ਸ਼੍ਰੇਅਸ ਨਾਲ ਗੱਲ ਨਹੀਂ ਕੀਤੀ ਹੈ। ਮੈਂ ਨਿਲਾਮੀ ਤੋਂ ਪਹਿਲਾਂ ਉਸ ਨੂੰ ਫ਼ੋਨ ਕੀਤਾ ਸੀ ਪਰ ਉਸ ਨੇ ਨਹੀਂ ਚੁਕਿਆ। ਉਹ ਆਈ.ਪੀ.ਐਲ. ਕ੍ਰਿਕਟ ’ਚ ਇੱਕ ਸਫਲ ਕਪਤਾਨ ਰਿਹਾ ਹੈ ਅਤੇ ਉਸ ਨਾਲ ਦੁਬਾਰਾ ਕੰਮ ਕਰਨਾ ਪਸੰਦ ਕਰੇਗਾ।”

ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਪੰਜਾਬ ਨੇ ਰਾਈਟ-ਟੂ-ਮੈਚ ਕਾਰਡ ਦੀ ਵਰਤੋਂ ਕਰ ਕੇ 18 ਕਰੋੜ ਰੁਪਏ ’ਚ ਖਰੀਦਿਆ। ਸਨਰਾਈਜ਼ਰਜ਼ ਹੈਦਰਾਬਾਦ ਨੇ ਆਖਰੀ ਵਾਰ 18 ਕਰੋੜ ਰੁਪਏ ਦੀ ਬੋਲੀ ਲਗਾਈ ਸੀ, ਜਿਸ ਦੀ ਬਰਾਬਰੀ ਪੰਜਾਬ ਨੇ ਆਰ.ਟੀ.ਐਮ. ਰਾਹੀਂ ਕੀਤੀ ਸੀ। ਚੇਨਈ ਸੁਪਰ ਕਿੰਗਜ਼ ਨੇ ਅਰਸ਼ਦੀਪ ’ਤੇ ਪਹਿਲੀ ਬੋਲੀ ਲਗਾਈ ਸੀ, ਜੋ 2 ਕਰੋੜ ਰੁਪਏ ਦੇ ਬੇਸ ਪ੍ਰਾਈਸ ’ਤੇ




ਨਿਲਾਮੀ ’ਚ ਦਾਖਲ ਹੋਣ ਵਾਲੇ ਪਹਿਲੇ ਖਿਡਾਰੀ ਸਨ।

ਲੈਗ ਸਪਿਨਰ ਯੁਜਵੇਂਦਰ ਚਾਹਲ ਨੂੰ ਪੰਜਾਬ ਕਿੰਗਜ਼ ਨੇ 18 ਕਰੋੜ ਰੁਪਏ ’ਚ ਖਰੀਦਿਆ। ਉਥੇ ਹੀ ਰਾਇਲ ਚੈਲੇਂਜਰਜ਼ ਬੈਂਗਲੁਰੂ ਦੇ ਲਿਆਮ ਲਿਵਿੰਗਸਟੋਨ ਨੇ 8.75 ਕਰੋੜ ਰੁਪਏ ਖਰਚ ਕੀਤੇ।

ਭਾਰਤ ਦੇ ਸਟਾਰ ਖਿਡਾਰੀਆਂ ’ਚ ਕੇ.ਐਲ. ਰਾਹੁਲ ਨੂੰ ਦਿੱਲੀ ਕੈਪੀਟਲਜ਼ ਨੇ 14 ਕਰੋੜ ਰੁਪਏ ’ਚ ਖਰੀਦਿਆ। ਦਿੱਲੀ ਨੇ ਬੋਲੀ ਮੈਚ ’ਚ ਚੇਨਈ ਸੁਪਰ ਕਿੰਗਜ਼ ਨੂੰ ਹਰਾਇਆ। ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਨੂੰ ਗੁਜਰਾਤ ਟਾਈਟਨਜ਼ ਨੇ 12.25 ਕਰੋੜ ਰੁਪਏ ’ਚ ਖਰੀਦਿਆ। ਫਿੱਟਨੈੱਸ ਸਮੱਸਿਆਵਾਂ ਕਾਰਨ ਕੁੱਝ ਸਮੇਂ ਤੋਂ ਭਾਰਤੀ ਟੀਮ ਤੋਂ ਬਾਹਰ ਚੱਲ ਰਹੇ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੂੰ ਸਨਰਾਈਜ਼ਰਜ਼ ਹੈਦਰਾਬਾਦ ਨੇ 10 ਕਰੋੜ ਰੁਪਏ ’ਚ ਖਰੀਦਿਆ।

ਦਖਣੀ ਅਫਰੀਕਾ ਦੇ ਤੇਜ਼ ਗੇਂਦਬਾਜ਼ ਕੈਗਿਸੋ ਰਬਾਡਾ ਨੂੰ ਗੁਜਰਾਤ ਟਾਈਟਨਜ਼ ਨੇ 10.75 ਕਰੋੜ ਰੁਪਏ ਅਤੇ ਇੰਗਲੈਂਡ ਦੇ ਵਿਕਟਕੀਪਰ ਬੱਲੇਬਾਜ਼ ਜੋਸ ਬਟਲਰ ਨੂੰ 15.75 ਕਰੋੜ ਰੁਪਏ ’ਚ ਖਰੀਦਿਆ। ਲਖਨਊ ਸੁਪਰ ਜਾਇੰਟਸ ਨੇ ਦਖਣੀ ਅਫਰੀਕਾ ਦੇ ਬੱਲੇਬਾਜ਼ ਡੇਵਿਸ ਮਿਲਰ ਨੂੰ 7.5 ਕਰੋੜ ਰੁਪਏ ’ਚ ਖਰੀਦਿਆ।

ਪਹਿਲੇ ਦੋ ਸੈੱਟਾਂ ’ਚ 12 ਖਿਡਾਰੀ ਵੇਚੇ ਗਏ ਹਨ ਜਦਕਿ ਚੇਨਈ ਸੁਪਰ ਕਿੰਗਜ਼, ਕੋਲਕਾਤਾ ਨਾਈਟ ਰਾਈਡਰਜ਼, ਰਾਜਸਥਾਨ ਰਾਇਲਜ਼ ਅਤੇ ਮੁੰਬਈ ਇੰਡੀਅਨਜ਼ ਨੇ ਅਜੇ ਤਕ ਕਿਸੇ ਨੂੰ ਨਹੀਂ ਖਰੀਦਿਆ ਹੈ। ਇਹ ਦੂਜੀ ਵਾਰ ਹੈ ਜਦੋਂ ਆਈ.ਪੀ.ਐਲ. ਦੀ ਨਿਲਾਮੀ ਵਿਦੇਸ਼ ’ਚ ਹੋ ਰਹੀ ਹੈ। ਇਹ ਨਿਲਾਮੀ ਪਿਛਲੇ ਸਾਲ ਦੁਬਈ ’ਚ ਹੋਈ ਸੀ।

ਅਰਸ਼ਦੀਪ ਸਿੰਘ ’ਤੇ ਆਈ.ਪੀ.ਐਲ. 2025 ਦੀ ਨਿਲਾਮੀ ਵਿੱਚ ਭਾਰੀ ਰਕਮਾਂ ਦੀ ਵਰਖਾ ਹੋਈ ਹੈ। ਅਰਸ਼ਦੀਪ ਸਿੰਘ ਨੂੰ ਪੰਜਾਬ ਕਿੰਗਜ਼ ਨੇ 18 ਕਰੋੜ ਰੁਪਏ ਵਿੱਚ ਖਰੀਦਿਆ। ਕਈ ਟੀਮਾਂ ਨੇ ਅਰਸ਼ਦੀਪ ਸਿੰਘ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ, ਉਸ ਦੀ ਅੰਤਿਮ ਬੋਲੀ 15 ਕਰੋੜ 75 ਲੱਖ ਰੁਪਏ ਸੀ। ਸਨਰਾਈਜ਼ਰਜ਼ ਹੈਦਰਾਬਾਦ ਉਸ ਨੂੰ ਖਰੀਦਣਾ ਚਾਹੁੰਦਾ ਸੀ ਪਰ ਅੰਤ ਵਿੱਚ ਪੰਜਾਬ ਨੇ ਉਸ ’ਤੇ ਆਰ.ਟੀ.ਐਮ. ਇਸ ਤੋਂ ਬਾਅਦ ਹੈਦਰਾਬਾਦ ਨੇ ਅਰਸ਼ਦੀਪ ਦੀ ਅੰਤਿਮ ਕੀਮਤ 18 ਕਰੋੜ ਰੁਪਏ ਰੱਖੀ ਅਤੇ ਪੰਜਾਬ ਨੇ ਅਰਸ਼ਦੀਪ ਨੂੰ ਇਹ ਕੀਮਤ ਦੇਣ ਲਈ ਸਹਿਮਤੀ ਪ੍ਰਗਟਾਈ। ਅਰਸ਼ਦੀਪ ਸਿੰਘ ਦੀ ਮੂਲ ਕੀਮਤ 2 ਕਰੋੜ ਸੀ ਅਤੇ ਚੇਨਈ ਨੇ ਉਸ ਨੂੰ ਖਰੀਦਣ ਲਈ ਪਹਿਲੀ ਬੋਲੀ ਲਗਾਈ ਸੀ।

(ਬਾਕੀ ਸਫ਼ਾ 31 ’ਤੇ)

## ਸ਼ਾਨਦਾਰ ਗੇਂਦਬਾਜ਼ ਹੈ ਅਰਸ਼ਦੀਪ



ਇਸ ਖਿਡਾਰੀ ਨੂੰ ਮੌਜੂਦਾ ਦੌਰ ’ਚ ਟੀਮ ਇੰਡੀਆ ਦੀ ਟੀ-20 ਬ੍ਰਿਗੇਡ ਦਾ ਸਭ ਤੋਂ ਮਹੱਤਵਪੂਰਨ ਖਿਡਾਰੀ ਮੰਨਿਆ ਜਾਂਦਾ ਹੈ। ਅਰਸ਼ਦੀਪ ਨੇ ਟੀ-20 ਕ੍ਰਿਕੇਟ ’ਚ ਵਿਕਟਾਂ ਦੀ ਝੜੀ ਲਗਾ ਦਿੱਤੀ ਹੈ। ਇਸ ਖਿਡਾਰੀ ਨੇ 60 ਟੀ-20 ਅੰਤਰਰਾਸ਼ਟਰੀ ਮੈਚਾਂ ’ਚ 95 ਵਿਕਟਾਂ ਲਈਆਂ ਹਨ। ਅਰਸ਼ਦੀਪ ਸਿੰਘ ਦੀ ਖਾਸ ਗੱਲ ਇਹ ਹੈ ਕਿ ਇਹ ਖਿਡਾਰੀ ਪਾਵਰਪਲੇ ਦੇ ਨਾਲ-ਨਾਲ ਡੈਥ ਓਵਰਾਂ ’ਚ ਵੀ ਵਿਕਟਾਂ ਲੈਣ ਦੀ ਤਾਕਤ ਰੱਖਦਾ ਹੈ। ਇੰਨੀਆਂ ਖੂਬੀਆਂ ਹੋਣ ਦੇ ਬਾਵਜੂਦ ਪੰਜਾਬ ਕਿੰਗਜ਼ ਨੇ ਇਸ ਖਿਡਾਰੀ ਨੂੰ ਬਰਕਰਾਰ ਨਹੀਂ ਰੱਖਿਆ।

ਅਰਸ਼ਦੀਪ ਸਿੰਘ ਨੇ 2019 ’ਚ ਪੰਜਾਬ ਕਿੰਗਜ਼ ਲਈ ਡੈਬਿਊ ਕੀਤਾ ਸੀ ਅਤੇ 2024 ਤੱਕ ਉਸ ਨੇ ਪੰਜਾਬ ਲਈ 65 ਮੈਚ ਖੇਡੇ ਹਨ, ਜਿਸ ਵਿੱਚ ਉਸ ਦੇ ਨਾਂ 76 ਵਿਕਟਾਂ ਹਨ। ਇਸ ਦੌਰਾਨ ਉਹ ਇੱਕ ਮੈਚ ਵਿੱਚ ਪੰਜ ਅਤੇ ਦੋ ਮੈਚਾਂ ਵਿੱਚ ਚਾਰ ਵਿਕਟਾਂ ਲੈਣ ਵਿੱਚ ਕਾਮਯਾਬ ਰਿਹਾ। ਹਾਲਾਂਕਿ ਅਰਸ਼ਦੀਪ ਸਿੰਘ ਦਾ ਇਕਾਨਮੀ ਰੇਟ ਕਾਫੀ ਉੱਚਾ ਰਿਹਾ ਹੈ। ਉਹ ਪ੍ਰਤੀ ਓਵਰ 9 ਦੌੜਾਂ ਦਿੰਦਾ ਹੈ ਪਰ ਹੁਣ ਇਹ ਖਿਡਾਰੀ ਇੱਕ ਵੱਖਰੇ ਪੱਧਰ ’ਤੇ ਹੈ ਅਤੇ ਇਸੇ ਕਾਰਨ ਉਸ ਨੂੰ ਆਈ.ਪੀ.ਐਲ. 2025 ਵਿੱਚ ਵੱਡੀ ਰਕਮ ਮਿਲੀ ਹੈ।

# ਪਰਵਾਸ ਜ਼ਿੰਦਗੀ ਦਾ ਕੌੜਾ ਸੱਚ ਬਿਆਨਦੀ ਫ਼ਿਲਮ 'ਵੱਡਾ ਘਰ'

ਹਰਜਿੰਦਰ ਸਿੰਘ ਜਵੰਦਾ



ਕਾਮੇਡੀ ਅਤੇ ਮਨੋਰੰਜਨ ਦੀਆਂ ਫ਼ਿਲਮਾਂ ਤੋਂ ਬਾਅਦ ਪੰਜਾਬੀ ਸਿਨਮੇ ਨੇ ਹੁਣ ਸਮਾਜਿਕ ਕਦਰਾਂ - ਕੀਮਤਾਂ ਦੀ ਗੱਲ ਕਰਦੀਆਂ, ਪੰਜਾਬ ਦੇ ਹੱਡੀਂ ਰਚੀਆਂ ਕਹਾਣੀਆਂ ਪਰਦੇ 'ਤੇ ਵਿਖਾਉਣ ਦਾ ਜਿਗਰਾ ਕੀਤਾ ਹੈ। ਵਰਿਹਦ ਦੇ ਸਮਿਆਂ ਦਾ ਪੰਜਾਬੀ ਸਿਨਮਾ ਪਿੰਡ ਦੀਆਂ ਸੱਥਾਂ ਅਤੇ ਖੇਤਾਂ ਦੀਆਂ ਵੱਟਾਂ ਤੱਕ ਸੀਮਤ ਸੀ ਜਦ ਕਿ ਅੱਜ ਦੇ ਸਿਨਮੇ ਨੇ ਸੱਤ ਸੁੰਮਦਰੋਂ ਪਾਰ ਬੈਠੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਕੈਸ਼ ਕੀਤਾ ਹੈ।

ਜਸਵੀਰ ਗੁਣਾਚੌਰੀਆ ਪੰਜਾਬੀ ਦਾ ਇੱਕ ਨਾਮਵਰ ਗੀਤਕਾਰ ਹੈ ਜਿਸ ਨੇ ਆਪਣੇ ਗੀਤਾਂ ਨਾਲ ਪੰਜਾਬ ਦੀਆਂ ਫ਼ਿਜ਼ਾਵਾਂ ਵਿੱਚ ਸੰਗੀਤਕ ਮਾਹੌਲ ਸਿਰਜਿਆ ਹੈ। ਗੀਤਕਾਰੀ ਤੋਂ ਫ਼ਿਲਮਕਾਰੀ ਵੱਲ ਕਦਮ ਵਧਾਉਂਦੇ ਉਸਨੇ ਪੰਜਾਬੀਆਂ ਦੇ ਬਹੁਤ ਨੇੜੇ ਹੋ ਕੇ ਇੱਕ ਫ਼ਿਲਮ ਲਿਖੀ ਹੈ 'ਵੱਡਾ ਘਰ', ਜਿਸ ਨੂੰ ਕਿ ਉਸਨੇ ਬੜੀ ਸੰਜੀਦਗੀ ਨਾਲ ਬਾਹਰ ਬੈਠੇ ਹਰ ਪੰਜਾਬੀ ਦਾ ਦੁੱਖ ਸੁੱਖ, ਭਾਵਨਾਵਾਂ ਬਿਆਨਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਜਦੋਂ ਵੱਡੇ ਘਰਾਂ ਦੀ ਗੱਲ ਹੁੰਦੀ ਹੈ ਤਾਂ ਦੁਆਬੇ ਦੇ ਉਹਨਾਂ ਆਲੀਸ਼ਾਨ ਮਹਿਲ ਨੁਮਾ ਵੱਡੇ ਘਰਾਂ ਦਾ ਖਿਆਲ ਆਉਂਦਾ ਹੈ ਜੋ ਕਿ ਸਦੀਆਂ ਤੋਂ ਜਿੰਦਰੇ ਲੱਗੇ ਮਹਿਜ ਇੱਕ ਸ਼ੋਅ ਪੀਸ ਬਣ ਕੇ ਰਹਿ ਗਏ ਹਨ। ਇਹਨਾਂ ਘਰਾਂ ਨੂੰ ਉਸਾਰਨ ਵਾਲੇ ਅਤੇ ਇਹਨਾਂ 'ਚ ਵਸਣ ਦੀ ਚਾਹਤ ਰੱਖਣ ਵਾਲੇ ਲੋਕ ਕਈ ਸਾਲਾਂ ਤੋਂ ਆਪਣੇ ਪਰਿਵਾਰਾਂ ਸਮੇਤ ਵਿਦੇਸ਼ਾਂ ਵਿੱਚ ਸਖਤ ਕਮਾਈਆਂ ਕਰਨ ਵਿੱਚ ਰੁੱਝੇ ਹੋਏ ਹਨ। ਇਹਨਾਂ ਵੱਡੇ ਘਰਾਂ ਨੂੰ ਲੱਗੇ ਜੰਗਾਲ ਖਾਦੇ ਜਿੰਦਰੇ ਅਤੇ ਘਰਾਂ ਵਿੱਚ ਉੱਗੇ ਘਾਹ ਆਪਣੇ ਆਪ ਵਿੱਚ ਬਹੁਤ ਕੁਝ ਬਿਆਨਦੇ ਹਨ। ਜਸਬੀਰ ਗੁਣਾਚੌਰੀਆਂ ਨੇ ਇਹਨਾਂ ਗੱਲਾਂ ਨੂੰ ਛੁਹਦਿਆਂ ਇਸ ਫ਼ਿਲਮ ਦੀ ਸਿਰਜਨਾ ਕੀਤੀ ਹੈ ਤਾਂ ਕਿ ਪੰਜਾਬ ਦੀ ਵਿਦੇਸ਼ਾਂ ਵੱਲ ਭੱਜ ਰਹੀ ਜਵਾਨੀ ਨੂੰ ਕਿਸੇ ਤਰੀਕੇ ਨਾਲ ਸਮਝਾਇਆ ਜਾ ਸਕੇ, ਉਹਨਾਂ ਨੂੰ ਰੋਕਿਆ ਜਾ ਸਕੇ।



ਰੋਬੀ ਐਂਡ ਲਾਡੀ ਫ਼ਿਲਮ ਪ੍ਰੋਡਕਸ਼ਨ ਲਿਮਿਟਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਿਟਡ ਦੀ ਪੇਸ਼ਕਸ਼ 13 ਦਸੰਬਰ ਨੂੰ ਰਿਲੀਜ਼ ਹੋ ਰਹੀ ਫ਼ਿਲਮ 'ਵੱਡਾ ਘਰ' ਇਸਦੇ ਸਿਰਲੇਖ ਵਾਂਗ ਹੀ ਵੱਡੇ ਘਰ-ਪਰਿਵਾਰ ਦੇ ਗੂੜੇ ਰਿਸ਼ਤਿਆਂ ਦੀ ਅਹਿਮੀਅਤ ਇਸ ਵਿਚਲੀ ਅਣ-ਬਣ, ਫ਼ਿਕਰ, ਸੰਘਰਸ਼ ਅਤੇ ਵਿਚਾਰ-ਧਾਰਾਵਾਂ ਦੇ ਫ਼ਰਕ ਅਤੇ ਪੰਜਾਬ ਦੇ ਮੁੱਖ ਮੁੱਦੇ ਵਿਖਾ ਕੇ ਪੇਸ਼ ਕਰੇਗੀ। ਘਰ ਉਸ ਵਿੱਚ ਵਸਦੇ ਲੋਕਾਂ ਨਾਲ ਹੀ ਬਣਦਾ ਹੈ, ਨਹੀਂ ਤਾਂ ਖ਼ਾਲੀ ਘਰ ਦੀਆਂ ਕੰਧਾਂ ਵੀ ਇੱਕ ਪਲ ਤੋਂ ਬਾਅਦ ਗੱਲਾਂ ਕਰਨੀਆਂ ਬੰਦ ਕਰ ਦਿੰਦੀਆਂ ਨੇ। ਇਹ ਫ਼ਿਲਮ ਜਿੱਥੇ ਦਰਸ਼ਕਾਂ ਨੂੰ ਇੱਕ ਚੰਗਾ ਸਮਾਜਿਕ ਮੈਸੇਜ ਦਿੰਦੀ ਹੈ ਉੱਥੇ ਅੱਜ ਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਹਿਣ, ਬਜੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਦਿੰਦੀ, ਪਰਿਵਾਰਾਂ ਸਮੇਤ ਦੇਖਣ ਵਾਲੀ ਫ਼ਿਲਮ ਹੈ।

ਰੋਬੀ ਐਂਡ ਲਾਡੀ ਫ਼ਿਲਮ ਪ੍ਰੋਡਕਸ਼ਨ ਲਿਮਿਟਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਿਟਡ ਦੀ ਪੇਸ਼ਕਸ਼ ਇਸ ਫ਼ਿਲਮ ਵੱਡਾ ਘਰ ਨੂੰ ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਜਿੰਦਰ ਸਿੰਘ ਕੰਵਲ (ਰੌਬ ਕੰਵਲ) ਅਤੇ ਜਸਵੀਰ ਗੁਣਾਚੌਰੀਆ ਨੇ ਬਣਾਇਆ ਹੈ। ਕਮਲਜੀਤ ਸਿੰਘ ਅਤੇ ਗੋਲਡੀ ਢਿੱਲੋਂ ਵਲੋਂ ਡਾਇਰੈਕਟ ਕੀਤੀ ਇਸ ਫ਼ਿਲਮ ਵਿੱਚ ਜੋਬਨ ਪ੍ਰੀਤ, ਮੈਂਡੀ



ਤੱਖਰ, ਰਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ ਵੀ ਜਸਬੀਰ ਗੁਣਾਚੌਰੀਆ ਨੇ ਹੀ ਲਿਖੇ ਹਨ, ਜਿੰਨ੍ਹਾਂ ਨੂੰ ਨਛੱਤਰ ਗਿੱਲ, ਸੋਨੂੰ ਕੱਕੜ, ਮਾਸਟਰ ਸਲੀਮ, ਕੰਵਰ ਗਰੇਵਾਲ, ਗੁਰਸ਼ਬਦ, ਸੁਨਿਧੀ ਚੋਹਾਨ, ਜੀ ਖਾਨ ਅਤੇ ਅਫ਼ਸਾਨਾ ਖਾਨ ਨੇ ਪਲੇਅ ਬੈਕ ਗਾਇਆ ਹੈ। ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਨਿਰਮਾਤਾ ਤੇ ਡਿਸਟਰੀਬਿਊਟਰ ਲਵਪ੍ਰੀਤ ਸੰਧੂ ਲੱਕੀ ਦੀ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਵਲੋਂ ਸੰਸਾਰ ਭਰ ਵਿਚ 13 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਆਮ ਪੰਜਾਬੀ ਸਿਨੇਮੇ ਤੋਂ ਹਟ ਕੇ ਬਣੀ ਇਹ ਫ਼ਿਲਮ 'ਵੱਡਾ ਘਰ' ਤੋਂ ਪੰਜਾਬੀ ਸਿਨੇਮੇ ਦੀ ਮੀਲ ਪੱਥਰ ਸਾਬਿਤ ਹੋਵੇਗੀ।

## ਸੰਯੁਕਤ ਰਾਸ਼ਟਰ ਨੇ ਪੰਜਾਬੀ ਰੈਪਰ ਸ਼ੁਭ ਨੂੰ ਚੁਣਿਆ ਕਲਾਈਮੇਟ ਐਡਵਾਈਜ਼ਰੀ ਦਾ ਗਲੋਬਲ ਬ੍ਰਾਂਡ ਅੰਬੈਸਡਰ

ਪੰਜਾਬੀ ਰੈਪਰ ਸ਼ੁਭ ਨੂੰ ਸੰਯੁਕਤ ਰਾਸ਼ਟਰ ਨੇ ਕਲਾਈਮੇਟ ਐਡਵਾਈਜ਼ਰੀ ਦਾ ਗਲੋਬਲ ਬ੍ਰਾਂਡ ਅੰਬੈਸਡਰ ਚੁਣਿਆ ਹੈ। ਜਾਣਕਾਰੀ ਮੁਤਾਬਕ ਇਹ ਐਲਾਨ ਬਾਕੂ ਅਜ਼ਰਬੈਜਾਨ ਵਿੱਚ ਕਰਵਾਈ ਗਈ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ਸੀਓਪੀ29 ਵਿੱਚ ਕੀਤੀ ਗਈ ਹੈ।



ਸ਼ੁਭ ਦੀ ਲੋਕਪ੍ਰਿਯਤਾ, ਸੰਗੀਤ ਤੇ ਫੈਨ ਫਾਲਵਿੰਗ ਨੂੰ ਦੇਖਦਿਆਂ ਇਹ ਫੈਸਲਾ ਲਿਆ ਗਿਆ ਹੈ। ਇਹ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਸ਼ੁਭ ਨੇ ਕਿਹਾ ਹੁਣ ਉਨ੍ਹਾਂ ਦੀ ਸਮਾਜ ਵਿੱਚ ਭੂਮਿਕਾ ਹੋਰ ਅਹਿਮ ਹੋ ਗਈ ਹੈ।

ਉਹ ਇਸ ਭੂਮਿਕਾ ਦੀ ਵਰਤੋਂ ਸਮਾਜ ਵਿੱਚ ਜਲਵਾਯੂ ਬਦਲਾਅ 'ਤੇ ਜਾਗਰੂਕਤਾ ਵਿੱਚ ਕਰਨਗੇ। ਇਸ ਧਰਤੀ 'ਤੇ ਰਹਿਣ ਵਾਲੇ ਸਾਰੇ ਜੀਵਾਂ ਲਈ ਇਸਨੂੰ ਜਲਵਾਯੂ ਮੰਡਲ ਨੂੰ ਹੋਰ ਸੋਹਣਾ ਬਣਾਉਣ ਵਿੱਚ ਆਪਣਾ ਗਿਆਨ ਵੰਡਣ ਦੀ ਵੀ ਕੋਸ਼ਿਸ਼ ਕਰਨਗੇ।

## ਸਾਡੇ ਦਿਲਾਂ ਦੇ ਬਨੇਰਿਆਂ 'ਤੇ ਬੈਠਾ 'ਘੁੱਗੀ'



ਰਜਨੀ ਭਗਾਣੀਆ

ਗੁਰਪ੍ਰੀਤ ਘੁੱਗੀ ਉਰਫ਼ ਗੁਰਪ੍ਰੀਤ ਸਿੰਘ ਵੜੈਚ ਪੰਜਾਬੀ ਫ਼ਿਲਮ ਇੰਡਸਟਰੀ ਦਾ ਅਜਿਹਾ ਕਲਾਕਾਰ ਹੈ ਜਿਸ ਦੇ ਬਿਨਾਂ ਫ਼ਿਲਮ ਮੁਕੰਮਲ ਨਹੀਂ ਮੰਨੀ ਜਾਂਦੀ। ਉਸ ਨੂੰ ਦੇਖਣਾ ਦਰਸ਼ਕਾਂ ਦੀ ਆਦਤ ਜਿਹੀ ਬਣ ਚੁੱਕੀ ਹੈ। ਉਨ੍ਹਾਂ ਨੂੰ ਉਹ ਆਪਣਾ-ਆਪਣਾ ਲੱਗਦਾ ਹੈ। ਜਦੋਂ ਦਰਸ਼ਕਾਂ ਵਿੱਚ ਕਿਸੇ ਕਲਾਕਾਰ ਪ੍ਰਤੀ ਅਜਿਹੀ ਚਾਹਤ ਪੈਦਾ ਹੋ ਜਾਵੇ ਤਾਂ ਅਜਿਹੇ ਕਲਾਕਾਰ ਨੂੰ ਸੰਪੂਰਨ ਹੋਣ ਦਾ ਦਰਜਾ ਮਿਲ ਜਾਂਦਾ ਹੈ। ਗੁਰਪ੍ਰੀਤ ਘੁੱਗੀ ਨੇ ਇਹ ਮੁਕਾਮ ਇੱਕ ਦਿਨ ਵਿੱਚ ਹਾਸਲ ਨਹੀਂ ਕੀਤਾ, ਬਲਕਿ ਇਸ ਦੇ ਪਿੱਛੇ ਉਸ ਵੱਲੋਂ ਸਾਲਾਂਬੱਧੀ ਕੀਤੀ ਗਈ ਸਾਧਨਾ ਹੈ। ਕਾਮੇਡੀ ਅਤੇ ਅਦਾਕਾਰੀ ਪ੍ਰਤੀ ਆਪਣੇ ਜਨੂੰਨ ਕਾਰਨ ਉਹ ਲਗਾਤਾਰ ਇਸ ਖੇਤਰ ਵਿੱਚ ਅੱਗੇ ਵਧਦਾ ਗਿਆ। ਬੇਸ਼ੱਕ ਅਦਾਕਾਰੀ ਦੇ ਨਾਲ ਉਸ ਨੇ ਰਾਜਨੀਤੀ ਵਿੱਚ ਕਿਸਮਤ ਅਜ਼ਮਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਇਹ ਉਸ ਨੂੰ ਰਾਸ ਨਹੀਂ ਆਈ।

ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਰੱਖਣ ਵਾਲੇ ਗੁਰਪ੍ਰੀਤ ਦੇ ਪਰਿਵਾਰ ਵਿੱਚ ਪਹਿਲਾਂ ਕਿਸੇ ਦਾ ਇਸ ਖੇਤਰ ਨਾਲ ਕੋਈ ਸਬੰਧ ਨਹੀਂ ਸੀ। ਘਰ ਦਾ ਗੁਜ਼ਾਰਾ ਚਲਾਉਣ ਲਈ ਕਿਸੇ ਸਮੇਂ ਉਸ ਨੇ ਸਬ ਤਹਿਸੀਲ ਅੱਗੇ ਲੋਕਾਂ ਦੇ ਬਿਆਨ ਵੀ ਟਾਈਪ ਕੀਤੇ, ਪਰ ਸਖ਼ਤ ਮਿਹਨਤ ਵਿੱਚ ਰੁੱਝੇ ਹੋਣ ਦੇ ਬਾਵਜੂਦ ਉਸ ਨੇ ਅਦਾਕਾਰੀ ਦੀ ਚਿਣਗ ਨੂੰ ਕਦੇ ਮੱਧਮ ਨਹੀਂ ਪੈਣ ਦਿੱਤਾ। ਆਪਣੀ ਕਲਾ ਪ੍ਰਤੀ ਦ੍ਰਿੜ ਵਿਸ਼ਵਾਸ ਦੇ ਚੱਲਦਿਆਂ ਹੀ ਉਸ ਨੇ ਦੋਆਬਾ ਕਾਲਜ, ਜਲੰਧਰ ਦੇ ਪ੍ਰਿੰਸੀਪਲ ਨੂੰ ਬਿਨਾਂ ਫ਼ੀਸ ਦਿੱਤੇ ਕਾਲਜ ਵਿੱਚ ਦਾਖ਼ਲਾ ਦੇਣ ਲਈ ਬੇਨਤੀ ਕਰ ਦਿੱਤੀ। ਹੋਇਆ ਇਸ ਤਰ੍ਹਾਂ ਕਿ ਉਸ ਨੇ ਸਰਕਾਰੀ ਸਕੂਲ ਤੋਂ ਦਸਵੀਂ ਜਮਾਤ ਤਾਂ ਪਾਸ ਕਰ ਲਈ, ਪਰ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਕਾਲਜ ਨਾ ਜਾ ਸਕਿਆ। ਉਸ ਨੇ ਗਿਆਰਵੀਂ ਜਮਾਤ ਪ੍ਰਾਈਵੇਟ ਤੌਰ 'ਤੇ ਕਰ ਲਈ। ਲੋਕਾਂ ਦੇ ਬਿਆਨ ਟਾਈਪ ਕਰਦਿਆਂ ਉਸ ਅੰਦਰ ਅਦਾਕਾਰੀ ਦਾ ਸ਼ੌਕ ਵਲਵਲੇ ਲੈ ਰਿਹਾ ਸੀ, ਪਰ ਉਹ ਕਾਲਜ ਦੀ ਫ਼ੀਸ ਦੇਣ ਦੇ ਸਮਰੱਥ ਨਹੀਂ ਸੀ। ਇਸ ਲਈ ਉਸ ਨੇ ਦੋਆਬਾ ਕਾਲਜ ਦੇ ਪ੍ਰਿੰਸੀਪਲ ਅੱਗੇ ਫ਼ੀਸ ਮੁਆਫ਼ ਕਰਨ ਦੀ ਫ਼ਰਿਆਦ ਕੀਤੀ। ਪ੍ਰਿੰਸੀਪਲ ਨੇ ਕਿਹਾ ਕਿ ਇਹ ਸਹੂਲਤ ਤਾਂ ਸਿਰਫ਼



ਉਨ੍ਹਾਂ ਵਿਦਿਆਰਥੀਆਂ ਲਈ ਹੁੰਦੀ ਹੈ ਜਿਨ੍ਹਾਂ ਦੀ ਕੋਈ ਪ੍ਰਾਪਤੀ ਹੋਵੇ। ਉਸ ਸਮੇਂ ਗੁਰਪ੍ਰੀਤ ਨੇ ਪ੍ਰਿੰਸੀਪਲ ਨੂੰ ਕਿਹਾ ਕਿ ਜਿਸ ਨੂੰ ਪ੍ਰਾਪਤੀ ਹਾਸਲ ਹੋਣ ਵਾਲੀ ਹੋਵੇ, ਕੀ ਤੁਸੀਂ ਉਸ ਦੀ ਫ਼ੀਸ ਮੁਆਫ਼ ਨਹੀਂ ਕਰ ਸਕਦੇ। ਪ੍ਰਿੰਸੀਪਲ ਉਸ ਦੀ ਆਤਮਵਿਸ਼ਵਾਸ ਨਾਲ ਭਰਪੂਰ ਇਹ ਗੱਲ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਤੋਂ ਥੋੜ੍ਹੀ ਜਿਹੀ ਫ਼ੀਸ ਲੈ ਕੇ ਬਾਕੀ ਸਭ ਮੁਆਫ਼ ਕਰ ਦਿੱਤੀ। ਪ੍ਰਿੰਸੀਪਲ ਨੇ ਉਸ ਨੂੰ ਕਾਲਜ ਦੇ ਯੁਵਕ ਮੇਲਿਆਂ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਲਈ ਹੱਲਾਸ਼ੇਰੀ ਦਿੱਤੀ। ਇੱਥੋਂ ਹੀ ਉਸ ਦਾ ਕਾਮੇਡੀ ਅਤੇ ਅਦਾਕਾਰੀ ਦਾ ਲੰਬਾ ਸਫ਼ਰ ਸ਼ੁਰੂ ਹੋਇਆ ਜਿਸ ਨੇ ਉਸ ਨੂੰ ਗੁਰਪ੍ਰੀਤ ਸਿੰਘ ਵੜੈਚ ਤੋਂ ਗੁਰਪ੍ਰੀਤ ਘੁੱਗੀ ਬਣਾ ਦਿੱਤਾ। ਉਹ ਘੁੱਗੀ ਜੋ ਅੱਜ ਸਾਰੇ ਪੰਜਾਬੀਆਂ ਦੇ ਦਿਲਾਂ ਦੇ ਬਨੇਰਿਆਂ 'ਤੇ ਬੈਠਾ ਹੈ।

ਸ਼ੁਰੂਆਤ ਵਿੱਚ ਉਸ ਨੇ ਆਲ ਇੰਡੀਆ ਰੇਡੀਓ 'ਤੇ ਕੈਜ਼ੂਅਲ ਅਨਾਊਂਸਰ ਵਜੋਂ ਨੌਕਰੀ ਵੀ ਕੀਤੀ। ਉਸ ਦੇ ਉਸਤਾਦ ਸਨ ਚਾਚਾ ਰੌਣਕੀ ਰਾਮ (ਬਲਵਿੰਦਰ ਵਿੱਕੀ) ਤੇ ਅਸ਼ਵਨੀ ਭਰਦਵਾਜ, ਜਿਨ੍ਹਾਂ ਤੋਂ ਉਸ ਨੇ ਬਹੁਤ ਕੁਝ ਸਿੱਖਿਆ। 1990 ਵਿੱਚ ਉਸ ਨੇ ਥੀਏਟਰ ਕੀਤਾ, ਫਿਰ ਦੂਰਦਰਸ਼ਨ 'ਤੇ ਕੰਮ ਮਿਲਣਾ ਸ਼ੁਰੂ ਹੋਇਆ। ਉਸ ਨੂੰ ਪਛਾਣ ਚਾਚਾ ਰੌਣਕੀ ਰਾਮ ਦੇ ਸ਼ੋਅ 'ਰੌਣਕ ਮੇਲਾ' (ਦੂਰਦਰਸ਼ਨ) ਤੋਂ ਮਿਲੀ ਜੋ ਉਸ ਸਮੇਂ ਬਹੁਤ ਹਿੱਟ ਸ਼ੋਅ ਸੀ। ਚਾਚਾ ਰੌਣਕੀ ਰਾਮ ਨੇ ਹੀ ਉਸ ਦਾ ਨਾਂ 'ਘੁੱਗੀ' ਰੱਖਿਆ। ਇਸ ਦੇ ਬਾਅਦ ਜਲੰਧਰ ਦੂਰਦਰਸ਼ਨ ਕੇਂਦਰ ਦੇ ਲੜੀਵਾਰ 'ਲੋਰੀ' ਵਿੱਚ ਉਸ ਵੱਲੋਂ ਨਿਭਾਏ ਮੰਦਬੁੱਧੀ ਬੱਚੇ ਦੇ ਕਿਰਦਾਰ ਨੂੰ ਦਰਸ਼ਕਾਂ ਨੇ ਬਹੁਤ ਪਿਆਰ ਦਿੱਤਾ। ਉਸ ਤੋਂ ਬਾਅਦ ਉਸ ਨੇ 'ਪਰਛਾਵੇਂ', 'ਘੁੱਗੀ ਔਨ ਲਾਈਨ' ਅਤੇ 'ਘੁੱਗੀ ਐਕਸਪ੍ਰੈੱਸ' ਵਰਗੇ ਸ਼ੋਅ'ਜ਼ ਨਾਲ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ।

ਇਸ ਤੋਂ ਬਾਅਦ ਗੁਰਪ੍ਰੀਤ ਘੁੱਗੀ ਦਾ ਬਤੌਰ ਕਾਮੇਡੀਅਨ ਸਫ਼ਰ ਸ਼ੁਰੂ ਹੋਇਆ ਜਿਸ ਵਿੱਚ 'ਤੇਰਾ ਤੇ ਘੁੱਗੀ ਦੇ' (2002), 'ਘੁੱਗੀ ਜੰਕਸ਼ਨ', 'ਘੁੱਗੀ ਦੇ ਬੱਚੇ' (2003), 'ਘੁੱਗੀ ਦਾ ਵਿਆਹ', 'ਘੁੱਗੀ ਛੂ ਮੰਤਰ' (2004), 'ਤਮਾਸ਼ਾ ਘੁੱਗੀ ਦਾ' ਅਤੇ ਹੋਰ ਬਹੁਤ ਸਾਰੀਆਂ ਐਲਬਮਾਂ ਸਰੋਤਿਆਂ ਅੱਗੇ ਆਈਆਂ ਜਿਨ੍ਹਾਂ ਵਿੱਚ ਘੁੱਗੀ ਦੀ ਕਾਮੇਡੀ ਨੂੰ ਦਰਸ਼ਕਾਂ ਵਿੱਚ ਬਹੁਤ ਮਕਬੂਲੀਅਤ ਮਿਲੀ



ਅਤੇ ਉਸ ਨੇ ਕਾਮੇਡੀ ਨੂੰ ਇੱਕ ਨਵੀਂ ਪਛਾਣ ਦਿੱਤੀ। ਆਪਣੀ ਮਿਹਨਤ ਸਦਕਾ ਜਦੋਂ ਗੁਰਪ੍ਰੀਤ ਘੁੱਗੀ ਨੂੰ ਕਾਮੇਡੀ ਕੈਸੇਟਾਂ ਵਿੱਚ ਸਫ਼ਲਤਾ ਪ੍ਰਾਪਤ ਹੋਈ ਤਾਂ ਉਸ ਲਈ ਫ਼ਿਲਮਾਂ ਦੇ ਦੁਆਰ ਵੀ ਖੁੱਲ੍ਹ ਗਏ। 'ਜੀ ਆਇਆਂ ਨੂੰ' (2002) ਉਸ ਦੀ ਪਹਿਲੀ ਫ਼ਿਲਮ ਰਹੀ, ਜਿਸ ਵਿੱਚ ਉਸ ਨੇ ਟਰੈਵਲ ਏਜੰਟ ਦੀ ਭੂਮਿਕਾ ਨਿਭਾਈ। ਦਰਸ਼ਕਾਂ ਨੇ ਇਸ ਨੂੰ ਭਰਪੂਰ ਹੁੰਗਾਰਾ ਦਿੱਤਾ। ਉਸ ਤੋਂ ਬਾਅਦ ਘੁੱਗੀ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਪਿੰਡ ਦੀ ਕੁੜੀ' (2003), 'ਅਸਾਂ ਨੂੰ ਮਾਣ ਵਤਨਾਂ ਦਾ' (2004), 'ਨਲਾਇਕ', 'ਜੀਜਾ ਜੀ', 'ਦਿਲ ਆਪਣਾ ਪੰਜਾਬੀ', 'ਹਮ ਕੋ ਦੀਵਾਨਾ ਕਰ ਗਏ' (ਹਿੰਦੀ), 'ਯਾਰਾਂ ਨਾਲ ਬਹਾਰਾਂ' (2005), 'ਇੱਕ ਜਿੰਦ ਇੱਕ ਜਾਨ', 'ਰੱਬ ਨੇ ਬਣਾਈਆਂ ਜੋੜੀਆਂ' (2006), 'ਮਿੱਟੀ ਵਾਜਾਂ ਮਾਰਦੀ', 'ਨਮਸਤੇ ਲੰਡਨ' (ਹਿੰਦੀ) (2007), 'ਸਿੰਘ ਇਜ਼ ਕਿੰਗ' (ਹਿੰਦੀ), 'ਖਿਲਾੜੀ 786' (ਹਿੰਦੀ), 'ਸਿੰਘ ਇਜ਼ ਬਲਿੰਗ' (ਹਿੰਦੀ) ਅਤੇ 'ਅਰਦਾਸ' ਆਦਿ ਅਨੇਕਾਂ ਪੰਜਾਬੀ ਤੇ ਹਿੰਦੀ ਫ਼ਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਤੇ ਦਰਸ਼ਕਾਂ ਦਾ ਦਿਲ ਜਿੱਤਿਆ।

ਗੁਰਪ੍ਰੀਤ ਘੁੱਗੀ ਹੁਣ ਬਤੌਰ ਨਿਰਮਾਤਾ ਵੀ ਸਾਹਮਣੇ ਆ ਗਿਆ ਹੈ। ਉਸ ਨੇ ਪਹਿਲਾਂ ਅਦਾਕਾਰ ਅਕਸ਼ੈ ਕੁਮਾਰ ਨਾਲ ਮਿਲ ਕੇ 'ਭਾਜੀ ਇਨ ਪ੍ਰੌਬਲਮ' (2013) ਫ਼ਿਲਮ ਪੇਸ਼ ਕੀਤੀ ਸੀ। ਆਉਣ ਵਾਲੇ ਸਮੇਂ ਵਿੱਚ ਉਸ ਦੀਆਂ ਨਿਰਮਾਤਾ ਵਜੋਂ ਹੋਰ ਵੀ ਫ਼ਿਲਮਾਂ ਦੇਖਣ ਨੂੰ ਮਿਲਣਗੀਆਂ। ਘੁੱਗੀ ਦੇ ਬਤੌਰ ਕਾਮੇਡੀਅਨ ਅਤੇ ਅਦਾਕਾਰੀ ਦੇ ਸਫ਼ਰ ਨੂੰ ਦੇਖਦੇ ਹੋਏ ਕਹਿ ਸਕਦੇ ਹਾਂ ਕਿ ਉਹ ਪੰਜਾਬੀ ਸਿਨੇਮਾ ਦਾ ਇੱਕ ਖ਼ੂਬਸੂਰਤ ਸਤੰਭ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਨਵੇਂ ਕਲਾਕਾਰਾਂ ਨੂੰ ਵੀ ਕੁਝ ਸਿੱਖਣ ਤੇ ਕਰਨ ਦਾ ਮੌਕਾ ਮਿਲ ਰਿਹਾ ਹੈ। ਗੁਰਪ੍ਰੀਤ ਘੁੱਗੀ ਧਰਤੀ ਨਾਲ ਜੁੜਿਆ ਤੇ ਬਹੁਤ ਹੀ ਮਿਲਾਪੜੇ ਸੁਭਾਅ ਦਾ ਮਾਲਕ ਹੈ।

## ਫ਼ਤਿਹਗੜ੍ਹ ਸਾਹਿਬ ਦੇ ਮਲਕੀਤ ਸਿੰਘ ਨੇ

ਅਤੇ ਵਿਸ਼ਵਾਸ ਨਾਲ ਅੱਗੇ ਵਧਿਆ। 19 ਮਈ ਨੂੰ ਉਹ ਸਵੇਰੇ 7.30 ਵਜੇ ਆਖ਼ਰੀ ਪੜਾਅ ਲਈ ਰਵਾਨਾ ਹੋਏ ਅਤੇ ਸਵੇਰੇ 8.37 ਵਜੇ ਉਨ੍ਹਾਂ ਨੇ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ। ਇਸ ਤੋਂ ਬਾਅਦ ਉਹ 21 ਮਈ ਨੂੰ ਸੁਰੱਖਿਅਤ ਬੇਸ ਕੈਂਪ ਪਰਤ ਆਏ।

ਮਲਕੀਤ ਸਿੰਘ ਦਾ ਕਹਿਣਾ ਹੈ ਕਿ ਸ਼ਡਿਊਲ ਮੁਤਾਬਕ ਉਨ੍ਹਾਂ ਨੇ 17 ਮਈ ਨੂੰ ਵਾਪਸ ਆਉਣਾ ਸੀ ਪਰ ਖ਼ਰਾਬ ਮੌਸਮ ਕਾਰਨ 5 ਦਿਨ ਦੀ ਦੇਰੀ ਹੋਈ। ਉਹ ਆਪਣੀ ਕਾਮਯਾਬੀ ਦਾ ਸਿਹਰਾ ਵਾਹਿਗੁਰੂ ਨੂੰ ਦਿੰਦੇ ਹਨ।

## ਸੌਦਾ ਸਾਧ ਵਰਗੇ ਕਈ ਹੋਰ

ਧਿਆਨ ਵਿੱਚ ਰੱਖਦਿਆਂ ਬੰਦ ਨਹੀਂ ਕੀਤਾ ਗਿਆ ਸੀ। 2010 ਦੌਰਾਨ ਪੁਲਿਸ ਨੇ ਧਰਮ ਪ੍ਰਚਾਰਕ ਨਿਤਿਆਨੰਦ ਸਵਾਮੀ ਨੂੰ ਹਿਮਾਚਲ ਪ੍ਰਦੇਸ ਤੋਂ ਗ੍ਰਿਫ਼ਤਾਰ ਕੀਤਾ। ਉਨ੍ਹਾਂ ਖ਼ਿਲਾਫ਼ ਧੋਖਾਧੜੀ ਤੇ ਅਸ਼ਲੀਲਤਾ ਦੇ ਮਾਮਲੇ ਦਰਜ ਸਨ। ਉਨ੍ਹਾਂ ਦੀ ਕਥਿਤ ਸੈਕਸ ਸੀ ਡੀ ਸਾਹਮਣੇ ਆਈ ਸੀ। ਜਿਸ ਨੂੰ ਫ਼ੋਰੈਂਸਿਕ ਲੈਬ ਦੀ ਜਾਂਚ ਵਿੱਚ ਸਹੀ ਠਹਿਰਾਇਆ ਗਿਆ ਸੀ। ਪੁਲਿਸ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਿਤਿਆਨੰਦ ਨੇ ਦੁਨੀਆਂ ਭਰ ਵਿੱਚ ਫੈਲੇ ਆਪਣੇ ਮਿਸ਼ਨ ਦੇ ਸਾਰੇ ਅਹੁਦਿਆਂ ਨੂੰ ਛੱਡ ਦਿੱਤਾ ਸੀ।

ਨਿਤਿਆਨੰਦ ਨੇ ਪੁਲਿਸ ਜਾਂਚ ਰੋਕੇ ਜਾਣ ਲਈ ਅਦਾਲਤ ਵਿੱਚ ਅਪੀਲ ਵੀ ਕੀਤੀ ਸੀ ਪਰ ਕਰਨਾਟਕ ਹਾਈ ਕੋਰਟ ਨੇ ਉਨ੍ਹਾਂ ਦੀ ਇਹ ਅਪੀਲ ਖਾਰਜ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਨਿਤਿਆਨੰਦ ਨੂੰ ਬਾਅਦ ਵਿੱਚ ਜ਼ਮਾਨਤ ਮਿਲ ਗਈ ਸੀ।

ਹਰਿਆਣਾ ਦੇ ਫਤਿਹਾਬਾਦ ਵਿੱਚ 120 ਔਰਤਾਂ ਨੂੰ ਨਸ਼ੀਲੀ ਚਾਹ ਪਿਲਾ ਕੇ ਬਲਾਤਕਾਰ ਕਰਨ ਵਾਲੇ ਬਦਨਾਮ ਜਲੇਬੀ ਬਾਬਾ ਉਰਫ ਅਮਰਪੁਰੀ ਨੂੰ ਅਦਾਲਤ ਨੇ ਜਨਵਰੀ 2023 ਨੂੰ ਸਜ਼ਾ ਸੁਣਾਈ ਸੀ। ਬਾਬੇ ਨੂੰ ਪੋਕਸੋ ਐਕਟ ਦੀ ਧਾਰਾ 6 ਦੇ ਤਹਿਤ ਦੋ ਵਾਰ ਨਾਬਾਲਗ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿੱਚ 14 ਸਾਲ ਦੀ ਕੈਦ ਹੋਈ ਸੀ। ਦੂਜੇ ਪਾਸੇ ਔਰਤਾਂ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਆਈ.ਪੀ.ਸੀ. ਦੀ ਧਾਰਾ 376ਸੀ ਤਹਿਤ 7-7 ਸਾਲ ਅਤੇ ਆਈ.ਟੀ. ਐਕਟ ਦੀ ਧਾਰਾ 67-ਏ ਤਹਿਤ 5 ਸਾਲ ਦੀ ਕੈਦ ਹੋਈ ਸੀ। ਜਦੋਂ ਪੁਲਿਸ ਨੇ ਉਸ ਨੂੰ ਫੜਿਆ ਤਾਂ ਉਸ ਦੇ ਕਬਜ਼ੇ 'ਚੋਂ 120 ਵੀਡੀਓਜ਼ ਬਰਾਮਦ ਹੋਈਆਂ, ਜਿਸ 'ਚ ਉਹ ਔਰਤਾਂ ਨਾਲ ਸਰੀਰਕ ਸਬੰਧ ਬਣਾਉਂਦਾ ਨਜ਼ਰ ਆ ਰਿਹਾ ਸੀ।

***

## ਕੈਨੇਡਾ ਵਿੱਚ ਪੱਕੇ ਹੋਣ ਦਾ ਐੱਲ.ਐੱਮ.ਆਈ.ਏ.

ਬਗੈਰ ਲਾਇਸੈਂਸ ਤੋਂ ਕੰਮ ਕਰ ਰਹੇ ਇਮੀਗ੍ਰੇਸ਼ਨ ਸਲਾਹਕਾਰ ਇਸ ਦਾ ਸਭ ਤੋਂ ਵੱਧ ਫ਼ਾਇਦਾ ਉਠਾ ਰਹੇ ਹਨ ਅਤੇ ਪੰਜਾਬੀ ਨੌਜਵਾਨਾਂ ਨੂੰ ਐੱਲ.ਐੱਮ.ਆਈ.ਏ. ਰਾਹੀਂ ਪੱਕੇ ਕਰਵਾਉਣ ਦਾ ਲਾਰਾ ਲਾਇਆ ਜਾਂਦਾ ਹੈ।

ਇਮੀਗ੍ਰੇਸ਼ਨ ਬਾਬਤ ਹੋ ਰਹੇ ਨਿੱਤ ਦਿਨ ਘਪਲਿਆਂ ਨੂੰ ਰੋਕਣ ਦੇ ਇਰਾਦੇ ਨਾਲ ਓਂਟਾਰੀਓ ਸਰਕਾਰ ਨੇ ਇਕ ਨਵੀਂ ਪਹਿਲਕਦਮੀ ਕਰਦਿਆਂ, ਸ਼ੋਸ਼ਣ ਕਰਨ ਵਾਲੇ ਇਮੀਗ੍ਰੇਸ਼ਨ ਕੰਸਲਟੈਂਟਸ 'ਤੇ ਸ਼ਿਕੰਜਾ ਕਸਣ ਲਈ ਇੱਕ ਬਿੱਲ ਲਿਆਉਣ ਦੀ ਤਜਵੀਜ਼ ਰੱਖੀ ਹੈ। ਇਸ ਵਿੱਚ ਇਮੀਗ੍ਰੇਸ਼ਨ ਕੰਸਲਟੈਂਟਸ, ਰੁਜ਼ਗਾਰਦਾਤਾਵਾਂ ਅਤੇ ਪ੍ਰੋਗਰਾਮ ਲਈ ਅਰਜ਼ੀ ਦੇਣ ਵਾਲੇ ਬਿਨੈਕਾਰਾਂ ਵਿਚਕਾਰ ਵਧੇਰੇ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਲੋੜ 'ਤੇ ਜ਼ੋਰ ਦਿੱਤਾ ਜਾਣਾ ਹੈ ਸਰਕਾਰ, ਕੰਸਲਟੈਂਟਸ ਅਤੇ ਬਿਨੈਕਾਰਾਂ ਵਿਚਕਾਰ ਲਿਖਤੀ ਇਕਰਾਰਨਾਮਾ ਕਰਨ ਦੀ ਲੋੜ, ਕੰਸਲਟੈਂਟਸ ਨੂੰ ਉਨ੍ਹਾਂ ਦੀ ਰਜਿਸਟਰੇਸ਼ਨ ਜਾਂ ਲਾਇਸੈਂਸ ਦਾ ਸਬੂਤ ਦੇਣ, ਬਿਨੈਕਾਰਾਂ ਨੂੰ ਆਪਣੀ ਫਾਈਲ ਤੱਕ ਵਧੇਰੇ ਪਹੁੰਚ ਜਿਹੇ ਕਰਾਰ ਲੈ ਕੇ ਆਉਣ 'ਤੇ ਵਿਚਾਰ ਕਰ ਰਹੀ ਹੈ।

***

## ਜ਼ਿਮਨੀ ਚੋਣਾਂ: ਸਿੱਖ ਚਿਹਰਿਆਂ ਦੇ ਬਾਵਜੂਦ

ਇਸ ਇਲਾਕੇ ਵਿੱਚ 'ਆਪ' ਦੇ ਆਗੂ ਪਾਰਟੀ ਨੂੰ ਤਿੰਨ ਸੀਟਾਂ 'ਤੇ ਮਿਲੀ ਜਿੱਤ ਲਈ ਕਿਤੇ ਵੀ ਖ਼ੁਸ਼ੀਆਂ ਮਨਾਉਂਦੇ ਨਹੀਂ ਵਿਖਾਈ ਦਿੱਤੇ। ਮਾਨਸਾ ਜ਼ਿਲ੍ਹੇ ਦੇ ਤਿੰਨੋਂ ਵਿਧਾਇਕਾਂ ਦੀ ਬਰਨਾਲਾ ਵਿੱਚ ਪਾਰਟੀ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ ਜਿਤਾਉਣ ਲਈ ਵਿਸ਼ੇਸ਼ ਡਿਊਟੀ ਲੱਗੀ ਹੋਈ ਸੀ ਪਰ 'ਆਪ' ਦੇ ਬਾਗ਼ੀ ਉਮੀਦਵਾਰ ਗੁਰਦੀਪ ਬਾਠ ਵੱਲੋਂ 16,899 ਵੋਟਾਂ ਹਾਸਲ ਕਰਨ ਕਾਰਨ 'ਆਪ' ਦਾ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ, ਕਾਂਗਰਸ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ 2157 ਵੋਟਾਂ ਦੇ ਅੰਤਰ ਨਾਲ ਹਾਰ ਗਏ ਹਨ। ਦੂਜੇ ਪਾਸੇ ਕਾਂਗਰਸ ਨੂੰ ਭਾਵੇਂ ਗਿੱਦੜਬਾਹਾ ਸਣੇ ਡੇਰਾ ਬਾਬਾ ਨਾਨਕ ਤੋਂ ਮੁੜ ਜਿੱਤਣ ਦੀ ਵੱਡੀ ਉਮੀਦ ਸੀ, ਪਰ ਆਮ ਆਦਮੀ ਪਾਰਟੀ ਵੱਲੋਂ ਲਾਈ ਗਈ ਸੰਨ੍ਹ ਕਾਰਨ ਕਾਂਗਰਸੀਆਂ ਦੇ ਹੌਸਲੇ ਪਸਤ ਵਿਖਾਈ ਦਿੱਤੇ। ਕਾਂਗਰਸ ਦੇ ਸੀਨੀਅਰ ਨੇਤਾ ਅਜੀਤਇੰਦਰ ਸਿੰਘ ਮੋਫ਼ਰ ਨੇ ਦੱਸਿਆ ਕਿ ਪਾਰਟੀ ਨੇ ਪੰਜਾਬ ਵਿੱਚ ਤਿੰਨ ਸੀਟਾਂ ਗਿੱਦੜਬਾਹਾ, ਬਰਨਾਲਾ ਅਤੇ ਡੇਰਾ ਬਾਬਾ ਨਾਨਕ ਤੋਂ ਜਿੱਤ ਯਕੀਨੀ ਮੰਨੀ ਹੋਈ ਸੀ ਪਰ ਹਾਰ ਨੇ ਆਗੂਆਂ ਨੂੰ ਨਿਰਾਸ਼ ਕਰ ਦਿੱਤਾ ਹੈ।

***

## ਜ਼ਿਮਨੀ ਚੋਣਾਂ: ਪੰਜਾਬ 'ਚ 'ਆਪ' ਤਿੰਨ ਤੇ

ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ 2,157 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤ ਲਈ ਹੈ। ਕਾਲਾ ਢਿੱਲੋਂ ਨੂੰ 28,254 ਅਤੇ 'ਆਪ' ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ 26,097 ਵੋਟਾਂ ਹਾਸਲ ਹੋਈਆਂ ਹਨ। ਇਸ ਹਲਕੇ ਤੋਂ ਭਾਜਪਾ ਦੇ ਕੇਵਲ ਸਿੰਘ ਢਿੱਲੋਂ ਨੂੰ 17,958 ਵੋਟਾਂ ਮਿਲੀਆਂ ਜਦੋਂ ਕਿ ਬਾਗ਼ੀ ਉਮੀਦਵਾਰ ਗੁਰਦੀਪ ਸਿੰਘ ਬਾਠ 16,899 ਵੋਟਾਂ ਲੈਣ ਵਿੱਚ ਸਫ਼ਲ ਰਹੇ।

'ਆਪ' ਨੇ ਮਾਝੇ ਅਤੇ ਦੁਆਬੇ ਵਿੱਚ ਆਪਣੀ ਇੱਕ-ਇੱਕ ਸੀਟ ਦਾ ਵਾਧਾ ਕਰ ਲਿਆ ਹੈ। 'ਆਪ' ਦੀ ਇਸ ਜਿੱਤ ਦਾ ਅਸਰ ਆਗਾਮੀ ਨਗਰ ਨਿਗਮ ਚੋਣਾਂ ਅਤੇ ਦਿੱਲੀ ਵਿਧਾਨ ਸਭਾ ਚੋਣਾਂ 'ਤੇ ਵੀ ਪਵੇਗਾ। ਜਿਵੇਂ ਹੀ ਨਤੀਜੇ ਆਏ ਤਾਂ ਉਮੀਦਵਾਰਾਂ ਨੇ ਆਪੋ-ਆਪਣੇ ਵਰਕਰਾਂ ਨਾਲ ਜੇਤੂ ਜਲੂਸ ਕੱਢੇ। ਹਲਕਾ ਗਿੱਦੜਬਾਹਾ ਵਿੱਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਿਸੇ ਤੀਜੀ ਧਿਰ ਦਾ ਖਾਤਾ ਖੁੱਲ੍ਹਿਆ ਹੈ। ਦੋ ਵਾਰ ਹਾਰ ਦੇਖਣ ਤੋਂ ਬਾਅਦ ਅਕਾਲੀ ਦਲ ਦਾ ਗੜ੍ਹ ਸਮਝੇ ਜਾਂਦੇ ਗਿੱਦੜਬਾਹਾ 'ਚ 'ਆਪ' ਨੇ ਪਹਿਲੀ ਵਾਰ ਜਿੱਤ ਹਾਸਲ ਕੀਤੀ ਹੈ। ਇਸ ਹਲਕੇ ਤੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਅਤੇ ਮਨਪ੍ਰੀਤ ਸਿੰਘ ਬਾਦਲ ਚਾਰ ਵਾਰ ਜੇਤੂ ਰਹੇ ਹਨ। ਮਰਹੂਮ ਹਰਚਰਨ ਸਿੰਘ ਬਰਾੜ ਨੇ ਵੀ ਇਸ ਹਲਕੇ ਤੋਂ ਚੋਣ ਜਿੱਤੀ ਸੀ। ਡੇਰਾ ਬਾਬਾ ਨਾਨਕ ਕਾਂਗਰਸ ਦਾ ਗੜ੍ਹ ਰਿਹਾ ਹੈ ਜਿੱਥੋਂ ਚਾਰ ਵਾਰ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਅਤੇ ਦੋ ਵਾਰ ਉਨ੍ਹਾਂ ਦੇ ਪਿਤਾ ਸੰਤੋਖ ਸਿੰਘ ਰੰਧਾਵਾ ਚੋਣ ਜਿੱਤ ਚੁੱਕੇ ਹਨ। ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਨੇ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਨੂੰ ਹਰਾਇਆ ਹੈ। ਬਰਨਾਲਾ ਹਲਕੇ 'ਚ ਪਹਿਲਾਂ ਅੱਠ ਵਾਰ ਅਕਾਲੀ ਦਲ ਅਤੇ ਪੰਜ ਵਾਰ ਕਾਂਗਰਸ ਚੋਣ ਜਿੱਤ ਚੁੱਕੀ ਹੈ। ਕਾਂਗਰਸ ਨੇ ਬਰਨਾਲਾ ਦੀ ਜ਼ਿਮਨੀ ਚੋਣ ਜਿੱਤ ਕੇ ਸਾਲ 1965 ਵਿੱਚ ਹੋਈ ਜ਼ਿਮਨੀ ਚੋਣ ਦੀ ਜਿੱਤ ਦਾ ਇਤਿਹਾਸ ਦੁਹਰਾ ਦਿੱਤਾ ਹੈ। ਜ਼ਿਮਨੀ ਚੋਣਾਂ ਵਿੱਚ ਦੋ ਨਵੇਂ ਚਿਹਰੇ ਡਾ. ਇਸ਼ਾਂਕ ਕੁਮਾਰ ਅਤੇ ਬਰਨਾਲਾ ਤੋਂ ਕੁਲਦੀਪ ਸਿੰਘ ਕਾਲਾ ਢਿੱਲੋਂ ਚੋਣ ਜਿੱਤੇ ਹਨ। ਚੋਣ ਜਿੱਤਣ ਵਾਲਿਆਂ ਵਿਚ ਦੋ ਟਰਾਂਸਪੋਰਟਰ ਹਨ ਜਿਨ੍ਹਾਂ 'ਚ ਡਿੰਪੀ ਢਿੱਲੋਂ ਅਤੇ ਕਾਲਾ ਢਿੱਲੋਂ ਦਾ ਨਾਮ ਸ਼ਾਮਲ ਹੈ। ਬਰਨਾਲਾ ਹਲਕੇ ਵਿੱਚ 'ਆਪ' ਦੀ ਹਾਰ ਲਈ ਬਾਗ਼ੀ ਉਮੀਦਵਾਰ ਗੁਰਦੀਪ ਸਿੰਘ ਬਾਠ ਜ਼ਿੰਮੇਵਾਰ ਸਮਝਿਆ ਜਾ ਰਿਹਾ ਹੈ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਲਈ ਬਰਨਾਲਾ ਸੀਟ ਤੋਂ 'ਆਪ' ਦੀ ਹਾਰ ਵੱਡਾ ਸਿਆਸੀ ਝਟਕਾ ਹੈ ਕਿਉਂਕਿ ਪਾਰਟੀ ਤਰਫ਼ੋਂ ਉਨ੍ਹਾਂ ਦੇ ਨੇੜਲੇ ਨੂੰ ਟਿਕਟ ਦਿੱਤੀ ਗਈ ਸੀ।

***

## ਕਿਹੋ ਜਿਹਾ ਹੋਵੇਗਾ ਸਿੱਖ ਸਿਆਸਤ ਦਾ ਭਵਿੱਖ ?

ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਸਿੱਖਾਂ ਵਲੋਂ ਵੱਡਾ ਹੁੰਗਾਰਾ ਭਰਿਆ ਗਿਆ ਸੀ ਅਤੇ ਪੰਜਾਬ ਦੇ ਬਹੁਗਿਣਤੀ ਸਿੱਖਾਂ ਦੀਆਂ ਵੋਟਾਂ ਆਮ ਆਦਮੀ ਪਾਰਟੀ ਨੂੰ ਪੈਣ ਕਾਰਨ ਆਮ ਆਦਮੀ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ ਸੀ। ਆਮ ਆਦਮੀ ਪਾਰਟੀ ਵੱਲੋਂ ਵੀ ਅਕਾਲੀ ਦਲ ਬਾਦਲ ਤੋਂ ਦੂਰ ਹੋਈਆਂ ਪੰਥਕ ਵੋਟਾਂ ਆਪਣੇ ਵੱਲ ਖਿੱਚਣ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀਆਂ ਦੋ ਲੋਕ ਸਭਾ ਸੀਟਾਂ ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਦੋ ਗਰਮ ਦਲੀ ਸਿੱਖ ਆਗੂ ਭਾਈ ਸਰਬਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਲੋਕ ਸਭਾ ਚੋਣਾਂ ਜਿੱਤ ਗਏ, ਜਿਸ ਕਾਰਨ ਪੰਜਾਬ ਦੀ ਸਿੱਖ ਸਿਆਸਤ ਦਾ ਮੁਹਾਂਦਰਾ ਕੁਝ ਹੱਦ ਤਕ ਬਦਲ ਗਿਆ। ਇਸ ਦੇ ਬਾਵਜੂਦ ਗਰਮ ਦਲੀ ਆਗੂ ਵੀ ਪੰਜਾਬ ਦੇ ਵੱਡੀ ਗਿਣਤੀ ਸਿੱਖਾਂ ਨੂੰ ਆਪਣੇ ਨਾਲ ਤੋਰਨ ਵਿੱਚ ਅਜੇ ਤੱਕ ਸਫਲ ਨਹੀਂ ਹੋਏ। ਸਾਬਕਾ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੂੰ ਵੀ ਗਰਮ ਦਲੀ ਸਿੱਖ ਆਗੂ ਕਿਹਾ ਜਾਂਦਾ ਹੈ। ਉਹ ਵੀ ਪੰਜਾਬ ਦੀ ਸਿਆਸਤ ਵਿੱਚ ਆਪਣੀ ਪਾਰਟੀ ਸਮੇਤ ਸਰਗਰਮ ਹਨ। ਪੰਜਾਬ ਦੀ ਸਿੱਖ ਸਿਆਸਤ ਵਿੱਚ ਕਾਫ਼ੀ ਸਮਾਂ ਸ੍ਰ. ਮਾਨ ਦਾ ਦਬਦਬਾ ਰਿਹਾ ਹੈ। ਇਸ ਦੇ ਬਾਵਜੂਦ ਇਸ ਸਮੇਂ ਉਹ ਵੀ ਪੰਜਾਬ ਦੇ ਵੱਡੀ ਗਿਣਤੀ ਸਿੱਖਾਂ ਨੂੰ ਕੋਈ ਠੋਸ ਪੰਥਕ ਪ੍ਰੋਗਰਾਮ ਦੇਣ ਵਿੱਚ ਕਾਮਯਾਬ ਨਹੀਂ ਹੋਏ।

ਆਮ ਸਿੱਖਾਂ ਨੂੰ ਪੰਜਾਬ ਦੀ ਸਿੱਖ ਸਿਆਸਤ ਵਿੱਚ ਇਸ ਸਮੇਂ ਖਾਲੀਪਣ ਜਿਹਾ ਮਹਿਸੂਸ ਹੁੰਦਾ ਹੈ। ਪੰਜਾਬ ਦੇ ਵੱਡੀ ਗਿਣਤੀ ਸਿੱਖਾਂ ਨੂੰ ਸਮਝ ਨਹੀਂ ਆ ਰਹੀ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਅਸਲੀ ਪਾਰਟੀ ਕਿਹੜੀ ਹੈ ? ਭਾਵੇਂ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਸਿੱਖਾਂ ਦੀਆਂ ਵੋਟਾਂ ਲੈਣ ਲਈ ਆਪਣੇ ਆਪ ਨੂੰ ਸਿੱਖਾਂ ਦੀਆਂ ਹਮਾਇਤੀ ਹੋਣ ਦਾ ਦਿਖਾਵਾ ਕਰ ਰਹੀਆਂ ਹਨ ਪਰ ਸਿੱਖਾਂ ਦੀ ਅਸਲੀ ਨੁਮਾਇੰਦਗੀ ਵਾਲੀ ਪੰਥਕ ਪਾਰਟੀ ਦਾ ਵਜੂਦ ਅਜੇ ਵੀ ਸਿੱਖਾਂ ਨੂੰ ਦਿਖਾਈ ਨਹੀਂ ਦੇ ਰਿਹਾ। ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਦਾ ਅਧਿਐਨ ਕਰਨ ਤੋਂ ਬਾਅਦ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਸਿੱਖ ਅਜੇ ਵੀ ਸਿੱਖਾਂ ਦੀ ਅਸਲੀ ਸਿਆਸੀ ਨੁਮਾਇੰਦਗੀ ਵਾਲੀ ਸਿਆਸੀ ਪਾਰਟੀ ਦੀ ਭਾਲ ਵਿੱਚ ਹਨ। ਇਸ ਤਰ੍ਹਾਂ ਪੰਜਾਬ ਦੀ ਸਿੱਖ ਸਿਆਸਤ ਦਾ ਭਵਿੱਖ ਕਿਹੋ ਜਿਹਾ ਹੋਵੇਗਾ ? ਇਸ ਬਾਰੇ ਅਜੇ ਕੁਝ ਕਹਿਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੋਵੇਗੀ।

ਹੁਣ ਸਭ ਦੀਆਂ ਨਜ਼ਰਾਂ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕਤਰਤਾ ਵੱਲ ਲੱਗੀਆਂ ਹੋਈਆਂ ਹਨ। ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਜਥੇਦਾਰ ਸਾਹਿਬਾਨ ਦਾ ਅਕਾਲੀ ਦਲ ਸਬੰਧੀ ਫੈਸਲਾ ਅਕਾਲੀ ਦਲ ਵਿੱਚ ਨਵੀਂ ਜਾਨ ਵੀ ਪਾ ਸਕਦਾ ਹੈ ਅਤੇ ਅਕਾਲੀ ਦਲ ਦਾ ਪੁਰਾਤਨ ਪੰਥਕ ਰੂਪ ਬਹਾਲ ਹੋ ਸਕਦਾ ਹੈ।

***

## ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਗੱਠਜੋੜ

ਇਸਦਾ ਮਤਲਬ ਹੈ ਕਿ ਕੰਪਨੀ ਕੋਲ ਕੁੱਲ ਜਾਇਦਾਦ ਦੇ 20.10% 'ਤੇ ਕਰਜ਼ਾ ਹੈ। ਸਰਕਾਰੀ ਬੈਂਕਾਂ ਦਾ ਬਕਾਇਆ ਕਰਜ਼ਾ ਕੁੱਲ ਕਰਜ਼ੇ ਦਾ 15% ਬਣਦਾ ਹੈ। ਅਡਾਨੀ ਦੀਆਂ ਕੰਪਨੀਆਂ ਦੀ ਬੈਲੇਂਸ ਸ਼ੀਟ ਮੁਤਾਬਕ ਅਡਾਨੀ ਗਰੁੱਪ ਕੋਲ 59,791 ਕਰੋੜ ਰੁਪਏ ਦੀ ਨਕਦੀ ਹੈ। ਇਸ ਅਨੁਸਾਰ, ਇਸ ਸਮੂਹ ਦੀਆਂ ਕੁੱਲ ਦੇਣਦਾਰੀਆਂ 1.81 ਲੱਖ ਕਰੋੜ ਰੁਪਏ ਹਨ। ਇਨ੍ਹਾਂ ਕੰਪਨੀਆਂ ਦਾ ਨਕਦ ਬਕਾਇਆ ਕੁੱਲ ਕਰਜ਼ੇ ਦਾ 24.77% ਹੈ। ਇਹ 30 ਮਹੀਨਿਆਂ ਲਈ ਕਰਜ਼ੇ ਦੀ ਅਦਾਇਗੀ ਕਰਨ ਲਈ ਕਾਫੀ ਹੈ। ਇਸ ਲਿਹਾਜ਼ ਨਾਲ ਅਡਾਨੀ ਗਰੁੱਪ ਨੂੰ ਕਰਜ਼ਾ ਦੇਣ ਵਾਲੇ ਬੈਂਕਾਂ ਲਈ ਤੁਰੰਤ ਕੋਈ ਖਤਰਾ ਨਹੀਂ ਹੈ।

ਅਡਾਨੀ ਗਰੁੱਪ 'ਤੇ ਭਾਰਤੀ ਬੈਂਕਾਂ ਅਤੇ ਸੰਸਥਾਵਾਂ ਦਾ 88,100 ਕਰੋੜ ਰੁਪਏ ਬਕਾਇਆ ਹੈ। ਇਹ ਇਸ ਕਾਰਪੋਰੇਟ ਸਮੂਹ 'ਤੇ ਕੁੱਲ ਕਰਜ਼ੇ ਦਾ 36% ਹੈ। ਇਸ ਵਿੱਚੋਂ 75,877 ਕਰੋੜ ਰੁਪਏ ਟਰਮ ਲੋਨ ਹੈ, ਜਦੋਂ ਕਿ 12,233 ਰੁਪਏ ਵਰਕਿੰਗ ਕੈਪੀਟਲ ਲੋਨ ਹੈ। ਅਡਾਨੀ ਗਰੁੱਪ ਦੀਆਂ ਕੰਪਨੀਆਂ 'ਤੇ ਕੁੱਲ ਕਰਜ਼ੇ 'ਚ ਇੰਟਰਨੈਸ਼ਨਲ ਕੈਪੀਟਲ ਮਾਰਕਿਟ ਦਾ ਸਭ ਤੋਂ ਵੱਡਾ ਹਿੱਸਾ 29 ਫੀਸਦੀ ਹੈ, ਜੋ ਬਾਂਡਾਂ ਰਾਹੀਂ ਉਠਾਇਆ ਗਿਆ ਹੈ। ਜਿਸ ਨੂੰ ਲੈ ਕੇ ਅਮਰੀਕੀ ਰੈਗੂਲੇਟਰ ਨੇ ਸਖਤੀ ਦਿਖਾਈ ਹੈ।

***

## ਦਿੱਲੀ ਦੇ ਗੁਰਦੁਆਰਾ ਸਾਹਿਬ

ਉਸ ਸਮੇਂ ਦਿੱਲੀ ਵਿੱਚ ਅਫਵਾਹ ਫੈਲ ਗਈ ਕਿ ਗੁਰੂ ਸਾਹਿਬ ਜੀ ਨੇ ਇੱਕ ਮਰੇ ਹੋਏ ਹਾਥੀ ਨੂੰ ਜਿੰਦਾ ਕੀਤਾ ਹੈ। ਸੁਲਤਾਨ ਸਿਕੰਦਰ ਸ਼ਾਹ ਲੋਧੀ ਨੂੰ ਗੁਰੂ ਸਾਹਿਬ ਬਾਰੇ ਪਤਾ ਲੱਗਾ ਕਿ ਉਹਨਾਂ ਦੀ ਹਿੰਦੂ ਅਤੇ ਮੁਸਲਮਾਨਾਂ ਵਿੱਚ ਬੜੀ ਪ੍ਰਸੰਸਾ ਹੈ। ਸੁਲਤਾਨ ਦਾ ਇੱਕ ਹਾਥੀ ਮਰ ਗਿਆ। ਉਸ ਨੇ ਗੁਰੂ ਸਾਹਿਬ ਜੀ ਨੂੰ ਬੁਲਾਇਆ ਅਤੇ ਹਾਥੀ ਜਿੰਦਾ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਕਿਹਾ ਕਿ ਇਹ ਸਭ ਕੁਝ ਪਰਮਾਤਮਾ ਦੇ ਵੱਸ ਵਿੱਚ ਹੈ। ਸੁਲਤਾਨ ਨੇ ਗੁਰੂ ਸਾਹਿਬ ਨੂੰ ਕੈਦ ਕਰ ਲਿਆ। ਕੈਦੀਆਂ ਨੇ ਸੁਲਤਾਨ ਨੂੰ ਦਸਿਆ ਕਿ ਗੁਰੂ ਸਾਹਿਬ ਜੀ ਦਾ ਅਧਿਆਤਮਕ ਪ੍ਰਭਾਵ ਹੈ ਅਤੇ ਉਹਨਾਂ ਦਾ ਲੋਕਾਂ ਵਿੱਚ ਬੜਾ ਸਤਿਕਾਰ ਹੈ।

ਉਸ ਸਮੇਂ 3 ਜੁਲਾਈ 1505 ਨੂੰ ਦਿੱਲੀ ਵਿੱਚ ਵੱਡਾ ਭੂਚਾਲ ਆਇਆ। ਜਿਸ ਨੇ ਦਿੱਲੀ ਨੂੰ ਹਿਲਾ ਕੇ ਰੱਖ ਦਿੱਤਾ। ਲੋਕਾਂ ਨੇ ਕਿਆਸ ਕੀਤਾ ਕਿ ਬਾਦਸ਼ਾਹ ਵੱਲੋਂ ਕੈਦ ਕੀਤੇ ਫਕੀਰ ਨਾਨਕ ਕਰਕੇ ਹੋਇਆ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਜੀ ਦੇ ਕਹਿਣ 'ਤੇ ਬਾਦਸ਼ਾਹ ਨੇ ਹੋਰ ਵੀ ਬੇਦੋਸ਼ੇ ਕੈਦੀ ਰਿਹਾਅ ਕੀਤੇ।

ਹੁਣ ਇਸ ਗੁਰਦੁਆਰੇ ਦਾ ਬੜੀ ਤੇਜੀ ਨਾਲ ਵਿਕਾਸ ਹੋ ਰਿਹਾ ਹੈ। ਇਸ ਦਾ ਇੱਕ ਪ੍ਰਭਾਵ ਸ਼ਾਲੀ ਮੁਗਲ ਸ਼ੈਲੀ ਦਾ ਦਰਵਾਜਾ ਹੈ। 4-5 ਫੁੱਟ ਉਚੇ ਥੜੇ 'ਤੇ ਹੈ। ਮੁੱਖ ਹਾਲ ਦੇ ਅੰਦਰਲੇ ਹਿੱਸੇ ਨੂੰ ਸੁੰਦਰ ਬਣਾਇਆ ਗਿਆ ਹੈ। ਛੱਤ ਦਾ ਕੁਝ ਹਿਸਾ ਸ਼ੀਸ਼ ਮਹੱਲ ਸ਼ੈਲੀ ਦਾ ਹੈ। ਗੁਰਦੁਆਰਾ ਦੇ ਪਿੱਛੇ ਇੱਕ ਸਰੋਵਰ ਹੈ। ਜਿਸ ਦੇ ਚਾਰੇ ਪਾਸੇ ਵਰਾਡਾਂ ਹੈ। ਇਤਿਹਾਸਿਕ ਖੂਹ ਅਜੇ ਵੀ ਕਾਰਜਸ਼ੀਲ ਹੈ। ਪਾਣੀ ਦੀ ਸੇਵਾ ਚਲਦੀ ਹੈ। ਖੂਹ ਨੂੰ ਇੱਕ ਚਿੱਟੇ ਗੁੰਬਦ ਨਾਲ ਢੱਕਿਆ ਹੈ। ਖੂਹ ਨੂੰ ਸਜਾਇਆ ਹੈ। ਇੱਕ ਛੋਟਾ ਜਿਹਾ ਬਗੀਚਾ ਹੈ। ਜੋ ਉਸ ਸਮੇਂ ਦੇ ਬਾਗ ਦੀ ਯਾਦ ਨੂੰ ਬਰਕਰਾਰ ਰੱਖਦਾ ਹੈ। ਅਖੰਡ ਪਾਠਾਂ ਲਈ ਵੱਖਰੇ ਕਮਰੇ ਹਨ। ਮੁੱਖ ਗੇਟ ਦੇ ਸੱਜੇ ਪਾਸੇ ਸੇਵਾਦਾਰਾਂ ਦੀ ਰਿਹਾਇਸ਼ ਹੈ। ਅਜੇ ਵੀ ਬੜਾ ਇਲਾਕਾ ਖਾਲੀ ਪਿਆ ਹੈ। ਹਰ ਸਾਲ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿੱਚ ਸਮਾਗਮ ਹੁੰਦੇ ਹਨ। ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰੀ ਭਰਦੇ ਹਨ।

ਮੋਤੀ ਬਾਗ: ਇਹ ਗੁਰਦੁਆਰਾ ਦਿੱਲੀ ਸ਼ਹਿਰ ਦੇ ਰਿੰਗ ਰੋਡ ਮਹਾਤਮਾ ਗਾਂਧੀ ਮਾਰਗਾਉ ਧੌਲਾ ਕੂੰਆਂ ਅਤੇ ਆਰ. ਕੇ. ਪੁਰਮ ਦੇ ਵਿਚਕਾਰ ਰਾਜਮਾਰਗ 8 ਦੇ ਨਾਲ ਚੌਰਾਹੇ ਦੇ ਦੱਖਣ ਵੱਲ ਸਥਿਤ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਫ਼ੌਜ ਨਲ ਇਸ ਸਥਾਨ 'ਤੇ ਠਹਿਰਾਓ ਕੀਤਾ ਸੀ। ਪਹਿਲਾਂ ਇਸ ਨੂੰ ਮੋਚੀ ਬਾਗ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਬਾਅਦ ਵਿੱਚ ਇਸ ਦਾ ਨਾਮ ਮੋਤੀ ਬਾਗ ਪੈ ਗਿਆ। ਗੁਰੂ ਸਾਹਿਬ ਨੇ ਮੋਤੀ ਬਾਗ ਵਿੱਚ ਮੋਚੀਆਂ ਦੀ ਬਸਤੀ ਵਿੱਚ ਦੋ ਤੀਰ ਚਲਾਏ ਜੋ ਸ਼ਹਿਜ਼ਾਦਾ ਮੁਅਾਜਮ/ਬਹਾਦਰ ਸ਼ਾਹ ਦੇ ਦਿਵਾਨ ਵਿੱਚ ਜਾ ਵੱਜੇ।

ਗੁਰੂ ਸਾਹਿਬ ਦੇ ਪਹਿਲੇ ਤੀਰ ਨੇ ਦਿੱਲੀ ਪਹੁੰਚਣ ਦੀ ਘੋਸ਼ਣਾਂ ਕੀਤੀ। ਦੂਸਰੇ ਤੀਰ ਨਾਲ ਇੱਕ ਰੁੱਕਾ ਭੇਜਿਆ ਕਿ ਇਹ ਕੋਈ ਜਾਦੂ ਨਹੀਂ ਬਲਕਿ ਤੀਰ ਅੰਦਾਜ਼ੀ ਦਾ ਹੁਨਰ ਹੈ। ਬਹਾਦਰ ਸ਼ਾਹ ਉਸ ਸਮੇਂ ਲਾਲ ਕਿਲੇ ਵਿੱਚ ਬੈਠਾ ਸੀ। ਤੀਰ ਦੇ ਵਾਰ ਦੇਖ ਕੇ ਹੈਰਾਨ ਹੋ ਗਿਆ ਸੀ। ਬਾਦਸ਼ਾਹ ਗੁਰੂ ਸਾਹਿਬ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਗੁਰੂ ਸਾਹਿਬ ਜੀ ਦੀ ਸਰਬਉਚਤਾ ਨੂੰ ਸਵੀਕਾਰ ਕਰ ਲਿਆ।

ਉਹ ਡਿਉੜੀ ਜਿਥੇ ਗੁਰੂ ਸਾਹਿਬ ਜੀ ਨੇ ਤੀਰ ਚਲਾਏ ਸਨ, ਨੂੰ ਸੁੱਰਖਿਅਤ ਰੱਖਿਆ ਗਿਆ ਹੈ ਅਤੇ ਗੁਰੂ ਸਾਹਿਬ ਜੀ ਦੀ ਸ਼ਾਨਦਾਰ ਤੀਰਅੰਦਾਜ਼ੀ ਦੇ ਸਤਿਕਾਰ ਵਜੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਹੁਣ ਵੀ ਡਿਊੜੀ ਦੇ ਸਿਖਰ ਤੋਂ ਕੋਈ ਅੱਠ ਮੀਰ ਦੀ ਦੂਰੀ 'ਤੇ ਲਾਲ ਕਿਲਾ ਵੇਖਿਆ ਜਾ ਸਕਤਾ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਾਈ ਗਈ ਹੈ। ਹਰ ਸਾਲ ਆਦਿ ਗ੍ਰੰਥ ਦੀ ਪਹਿਲੀ ਸਥਾਪਨਾ ਦਿਵਸ ਨੂੰ ਬੜੇ ਧੂੰਮਧਾਮ ਨਾਲ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਹੁਕਮ ' ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ।'

ਰਕਾਬ ਗੰਜ: ਇਹ ਇਤਿਹਾਸਕ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਹੈ। ਇਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੂੰ ਸਮਾਣਾ ਦੇ ਮੁਗਲ ਜਲਾਦ ਜਲਾਲਉਦੀਨ ਵੱਲੋਂ 24 ਨਵੰਬਰ 1675 ਨੂੰ ਸੀਸ ਉਤਾਰ ਕੇ ਸ਼ਹੀਦ ਕੀਤਾ ਗਿਆ ਸੀ। ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਮੁਗਲਾਂ ਦੇ ਪਤਨ ਦੀ ਨੀਂਹ ਰੱਖੀ।

ਸ਼ਹੀਦੀ ਤੋਂ ਬਾਅਦ ਮੁਗਲ ਬਾਦਸ਼ਾਹ ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੋਟੇ ਟੋਟੇ ਕਰਕੇ ਸ਼ਹਿਰ ਦੇ ਹਰ ਦਰਵਾਜ਼ੇ 'ਤੇ ਟੰਗੇ ਜਾਣ। ਗੁਰੂ ਸਾਹਿਬ ਜੀ ਦੇ ਦੋ ਬਹਾਦਰ ਸਿੱਖਾਂ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਹਨਾਂ ਦੇ ਪੁੱਤਰ ਭਾਈ ਨਗਾਈਆ ਨੇ ਗੁਰੂ ਸਾਹਿਬ ਦੀ ਸੀਸ ਰਹਿਤ ਦੇਹ ਨੂੰ ਚਾਂਦਨੀ ਚੌਂਕ ਦਿੱਲੀ ਤੋਂ ਬਚਾਇਆ। ਉਸ ਸਮੇਂ ਦਿੱਲੀ ਵਿੱਚ ਤੇਜ ਧੂੜ ਦਾ ਤੂਫ਼ਾਨ ਆਇਆ। ਦੋਹਾਂ ਸਿੱਖਾਂ ਨੇ ਗੁਰੂ ਸਾਹਿਬ ਜੀ ਦੀ ਦੇਹ ਨੂੰ ਬਲਦ ਗੱਡੀਆਂ ਦੇ ਕਾਫਲੇ , ਜਿਸ ਵਿੱਚ ਕਪਾਹ ਦੀਆਂ ਗੰਠਾਂ ਅਤੇ ਖਾਣ ਪੀਣ ਦਾ ਸਮਾਨ ਲਿਜਾਇਆ ਜਾ ਰਿਹਾ ਸੀ। ਤੇਜ ਧੂੜ ਦੇ ਤੂਫਾਨ ਕਾਰਨ ਮੁਗਲ ਸਿਪਾਹੀਆਂ ਤੋਂ ਬਚ ਕੇ ਦੇਹ ਚੁੱਕਣ ਵਿੱਚ ਕਾਮਯਾਬ ਹੋ ਗਏ। ਫਿਰ ਉਹ ਤੇਜ਼ੀ ਨਾਲ ਰਾਏਸੀਨਾ ਪਿੰਡ ਚਲੇ ਗਏ, ਜਿੱਥੇ ਉਹ ਰਹਿੰਦੇ ਸਨ। ਅਧਿਕਾਰੀਆਂ ਦੇ ਕਿਸੇ ਕਿਸਮ ਦੇ ਸ਼ਕ ਤੋਂ ਬੱਚਣ ਲਈ ਭਾਈ ਲੱਖੀ ਸ਼ਾਹ ਵਣਜ਼ਾਰਾ ਨੇ ਦੇਹ ਨੂੰ ਇੱਕ ਮੰਜੇ 'ਤੇ ਰੱਖ ਦਿੱਤਾ ਅਤੇ ਉਸ ਨੇ ਆਪਣੇ ਸਾਰੇ ਘਰ ਨੂੰ ਅੱਗ ਲਗਾ ਦਿੱਤੀ।

ਇਹ ਸਥਾਨ ਰਕਾਬਗੰਜ ਦੇ ਨਾਮ ਨਾਲ ਜਾਣਿਆ ਜਾਣ ਲੱਗਿਆ। ਇੱਕ ਹੋਰ ਸ਼ਰਧਾਲੂ ਸਿੱਖ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦਾ ਸੀਸ, ਸੀਸ ਗੰਜ ਚਾਂਦਨੀ ਚੌਂਕ ਦਿੱਲੀ ਤੋਂ ਆਨੰਦਪੁਰ ਸਾਹਿਬ ਪਹੁੰਚਾਇਆ। ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਦਾ ਸਸਕਾਰ ਕੀਤਾ। ਉਥੇ ਸੀਸ ਗੰਜ ਗੁਰਦੁਆਰਾ ਆਨੰਦਪੁਰ ਸਾਹਿਬ ਸ਼ੁਸੋਭਿਤ ਹੈ।

ਰਕਾਬ ਗੰਜ ਗੁਰਦੁਆਰਾ ਦਾ ਮੌਜੂਦਾ ਸਥਾਨ ਨਵੀਂ ਦਿੱਲੀ ਦੇ ਪੰਤ ਰੋਡ 'ਤੇ ਸੰਸਦ ਭਵਨ ਅਤੇ ਕੇਂਦਰੀ ਸਕੱਤਰੇਤ ਦੇ ਉਤਰੀ ਬਲਾਕ ਦੇ ਸਾਹਮਣੇ ਹੈ। ਆਧੁਨਿਕ ਇਮਾਰਤ ਮੁੱਖ ਤੌਰ 'ਤੇ ਚਿੱਟੇ ਸੰਗਮਰਮਰ ਦੀ ਬਣੀ ਹੋਈ ਹੈ। ਜਿਸ ਦੇ ਆਲੇ ਦੁਆਲੇ ਸੁੰਦਰ ਬਾਗ ਹੈ। ਚਾਰੇ ਪਾਸੇ ਪ੍ਰਵੇਸ਼ ਦੁਆਰ ਹਨ। ਇਹ ਇਤਿਹਾਸਿਕ ਗੁਰਦੁਆਰਾ 25 ਲੱਖ ਦੀ ਲਾਗਤ ਨਾਲ 12 ਸਾਲ ਵਿੱਚ ਬਣਿਆ ਸੀ। ਸਰਦਾਰ ਜਰਨੈਲ ਬਘੇਲ ਸਿੰਘ ਵੱਲੋਂ ਦਿੱਲੀ ਫਤਹਿ ਵੇਲੇ ਬਣਾਇਆ ਸੀ। ਸੰਨ 1783 ਤੋਂ ਪਹਿਲਾਂ ਮੁਸਲਮਾਨਾਂ ਨੇ ਇੱਥੇ ਮਸਜਿਦ ਬਣਵਾਈ ਸੀ। ਸਿੱਖਾਂ ਨੇ ਆਪਣੇ ਗੁਰੂ ਦੀ ਕੁਰਬਾਨੀ ਦੀ ਯਾਦ ਵਿੱਚ ਇਸ ਅਸਥਾਨ ਨੂੰ ਆਪਣਾ ਪਵਿੱਤਰ ਅਸਥਾਨ ਮੰਨਿਆ। ਮੁਸਲਮਾਨਾਂ ਨੇ ਇਸਦਾ ਵਿਰੋਧ ਕੀਤਾ। ਸਿੱਖਾਂ ਦੁਆਰਾ ਕੀਤਾ ਗਿਆ ਦਾਅਵਾ ਠੀਕ ਸਾਬਤ ਹੋਇਆ। ਬਾਦਸ਼ਾਹ ਸ਼ਾਹ ਆਲਮ ਦੂਜੇ ਦੁਆਰਾ ਸਿੱਖਾਂ ਨੂੰ ਗੁਰਦੁਆਰਾ ਰਕਾਬ ਗੰਜ ਬਣਾਉਣ ਦੀ ਆਗਿਆ ਦਿੱਤੀ ਗਈ। ਜਗ੍ਹਾ ਦਾ ਕਬਜਾ ਅਤੇ 101 ਵਿਘੇ ਲਗਭਗ 63 ਏਕੜ ਜ਼ਮੀਨ ਤਿੰਨ ਖੂਹਾਂ ਸਮੇਤ ਭੇਂਟ ਕੀਤੀ। ਇਹਨਾਂ ਰਿਆਇਤਾਂ ਦੇ ਬਦਲੇ ਮੁਗਲ ਰਾਜਧਾਨੀ ਵਿੱਚ ਆਪਣੇ ਧਾਰਮਿਕ ਅਸਥਾਨ ਗੁਰਦੁਆਰਾ ਦੀ ਉਸਾਰੀ ਤੋਂ ਬਾਅਦ ਸਿੱਖ ਫ਼ੌਜਾਂ ਨੇ ਦਿੱਲੀ ਦੇ ਖੇਤਰ ਤੋਂ ਸ਼ਾਂਤੀਪੂਰਵਕ ਪਿੱਛੇ ਹਟਣ ਦੀ ਸਹਿਮਤੀ ਦਿਤੀ।

ਗੁਰਦੁਆਰਾ ਦੋ ਸ਼ਬਦਾਂ ਗੁਰੂ ਤੇ ਦੁਆਰਾ/ਦਰਵਾਜ਼ਾ/ਘਰ ਦੇ ਮੇਲ ਤੋਂ ਬਣਿਆ ਹੈ। ਗੁਰਦੁਆਰਾ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਇਹ ਸਿਰਫ਼ ਧਾਰਮਿਕ ਕੇਂਦਰ ਹੀ ਨਹੀਂ ਸਗੋਂ ਇਹ ਰੂਹਾਨੀ, ਭਾਈਚਾਰਕ, ਵਿਦਿਅਕ, ਧਰਮ ਅਤੇ ਸਮਾਜ ਦਾ ਉਸਾਰੀ ਕੇਂਦਰ ਹੈ। ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਗੁਰਦੁਆਰਾ ਵਿੱਚ ਲੰਗਰ ਅਤੇ ਮੁਸਾਫ਼ਰਾਂ ਦੀ ਰਿਹਾਇਸ਼ ਦਾ ਪ੍ਰਬੰਧ ਹੋਣਾ ਲਾਜ਼ਮੀ ਹੈ।

ਗੁਰਦੁਆਰਾ ਸਾਹਿਬ ਵਿੱਚ ਰੋਜ਼ਾਨਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਸੁੱਖ ਆਸਣ ਹੁੰਦਾ ਹੈ। ਸੰਗਤ ਗੁਰਬਾਣੀ ਪਾਠ, ਕਥਾ, ਕੀਰਤਨ, ਇਤਿਹਾਸ, ਕਵੀਸ਼ਰੀ,ਢਾਡੀ ਵਾਰਾਂ ਸਰਵਣ ਕਰਕੇ ਖੁਸ਼ੀਆਂ ਪ੍ਰਾਪਤ ਕਰਦੀ ਹੈ। ਸ਼ਰਧਾਲੂ ਸ਼ਰਧਾ ਭਾਵਨਾ ਨਾਲ ਸੇਵਾ ਕਰਦੇ ਹਨ। ਸੰਸਾਰ ਦੇ ਪ੍ਰਮੁੱਖ ਦੇਸ਼ਾਂ ਵਿੱਚ ਸਿੱਖ ਜਾ ਵਸੇ ਹਨ। ਉਥੇ ਗੁਰਦੁਆਰਾ ਸਥਾਪਤ ਹੁੰਦੇ ਗਏ। ਵਿਦੇਸ਼ਾਂ ਵਿੱਚ ਮਾਂ ਬੋਲੀ ਪੰਜਾਬੀ ਸਿੱਖ ਧਰਮ ਵਿਰਸਾ ਭਾਈਚਾਰੇ ਦੀ ਅਧਿਆਤਮਕ ਉਨਤੀ ਵਾਸਤੇ ਲਗਾਤਾਰ ਯਤਨ ਜਾਰੀ ਹਨ। ਗੁਰਦੁਆਰਾ ਵਿੱਚ ਗੁਰਮੁੱਖੀ, ਗੁਰ ਇਤਿਹਾਸ, ਕੀਰਤਨ, ਕਵਿਤਾ ਪਾਠ, ਬੀਰ ਰਸ, ਗਤਕਾ ਆਦਿ ਦੀ ਸਿਖਲਾਈ ਦਾ ਉਚੇਚਾ ਪ੍ਰਬੰਧ ਹੈ। ਜਿਸ ਨਾਲ ਬੱਚਿਆਂ ਨੂੰ ਧਰਮ ਸੱਭਿਆਚਾਰ ਅਤੇ ਸਿੱਖੀ ਦੇ ਵਿਸ਼ਾਲ ਵਿਰਸੇ ਨਾਲ ਜੋੜਿਆ ਜਾਂਦਾ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ, ਧਰਮ ਅਤੇ ਸਮਾਜ ਦੀ ਨਰੋਈ ਉਸਾਰੀ ਦਾ ਕੇਂਦਰ ਹੈ।

॥ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ॥

## ਵਾਤਾਵਰਣ 'ਚ ਕਿਉਂ ਛਾਈ

ਕੇਂਦਰੀ ਗ੍ਰਿਹ ਮੰਤਰਾਲਾ ਸਿਰਫ਼ ਟਾਹਰਾਂ ਮਾਰਨ ਜੋਗਾ ਹੈ। ਬੀਐੱਸਐੱਫ ਦਾ ਪੰਜਾਹ ਕਿੱਲੋਮੀਟਰ ਦਾਇਰਾ ਵਧਾ ਕੇ ਅਪਰਾਧ ਰੋਕਣ ਵਿੱਚ ਉਸ ਦਾ ਕੀ ਯੋਗਦਾਨ ਹੈ?

ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਲਈ ਨਿੱਤ ਟਕਰਾਅ ਭਰੇ ਜਾਬਰ ਫ਼ੈਸਲੇ ਲੈ ਰਹੀ ਹੈ। ਚੰਡੀਗੜ੍ਹ, ਪਾਣੀਆਂ, ਪੰਜਾਬੀ ਭਾਸ਼ੀ ਇਲਾਕਿਆਂ, ਕਿਸਾਨੀ, ਸਰਹੱਦੀ, ਐੱਮਐੱਸਪੀ ਦੇ ਮਸਲੇ ਲਗਾਤਾਰ ਕਾਇਮ ਰੱਖੇ ਹੋਏ ਹਨ। ਹੁਣ ਨਵਾਂ ਟਕਰਾਅ ਹਰਿਆਣਾ ਨੂੰ ਚੰਡੀਗੜ੍ਹ ਵਿੱਚ 10 ਏਕੜ ਜ਼ਮੀਨ ਵਿਧਾਨ ਸਭਾ ਦੀ ਉਸਾਰੀ ਲਈ ਅਲਾਟਮੈਂਟ ਕਰਨ ਸਬੰਧੀ ਨੋਟੀਫੀਕੇਸ਼ਨ ਜਾਰੀ ਕਰਨ 'ਤੇ ਪੈਦਾ ਹੋ ਗਿਆ ਹੈ।

ਹੁਣ ਇਸ ਮਸਲੇ 'ਤੇ ਖਲਬਲੀ ਮਚੇਗੀ। ਪੰਜਾਬ ਸਰਕਾਰ, ਪ੍ਰਸ਼ਾਸਨ ਅਤੇ ਮੁੱਖ ਮੰਤਰੀ ਨਿੱਤ ਦੁਬਿਧਾ ਵਿੱਚ ਹਨ ਕਿਉਂਕਿ ਉਨ੍ਹਾਂ 'ਤੇ ਪੰਜਾਬ ਸਬੰਧੀ ਫ਼ੈਸਲੇ, ਨੀਤੀਆਂ ਅਤੇ ਅਮਲ ਗ਼ੈਰ-ਸੰਵਿਧਾਨਕ ਦਿੱਲੀ ਅਥਾਰਟੀ ਵੱਲੋਂ ਥੋਪੇ ਜਾ ਰਹੇ ਹਨ। ਕਾਂਗਰਸ, ਭਾਜਪਾ, ਅਕਾਲੀ, ਖੱਬੇ-ਪੱਖੀ ਵੀ ਵੰਡੇ ਹੋਣ ਕਰ ਕੇ ਪੰਜਾਬ ਦੇ ਹਿੱਤਾਂ ਤੇ ਹੱਕਾਂ ਲਈ ਡਟਣ ਤੋਂ ਨਾਕਾਮ ਹਨ। ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਵੇਲੇ ਮਚੀ ਰਾਜਨੀਤਕ ਖਲਬਲੀ ਇਸ ਦਾ ਸਬੂਤ ਹੈ। ਇੰਝ ਲੱਗਦਾ ਹੈ ਜਿਵੇਂ ਪੰਜਾਬ ਕਿਸੇ ਤਾਕਤਵਰ, ਫ਼ੈਸਲਾਕੁਨ, ਜੁਝਾਰੂ, ਦੂਰ-ਦ੍ਰਿਸ਼ਟੀਵਾਨ ਮਹਾਰਾਜਾ ਰਣਜੀਤ ਸਿੰਘ ਵਰਗੀ ਗਤੀਸ਼ੀਲ ਅਗਵਾਈ ਨੂੰ ਤਰਸ ਰਿਹਾ ਹੋਵੇ।

***

## ਸ਼੍ਰੋਮਣੀ ਅਕਾਲੀ ਦਲ ਦੇ

ਭਾਰਤ ਦੇ ਸਿਆਸੀ ਭੂ-ਦ੍ਰਿਸ਼ ਵਿੱਚ ਪੰਜਾਬ ਹਮੇਸ਼ਾ ਤੋਂ ਗ਼ੈਰ ਰਿਹਾ ਹੈ। ਇਸ ਦੀ ਸਿਆਸੀ ਬਣਤਰ ਮੁਕਾਮੀ ਪ੍ਰਸੰਗ ਅਤੇ ਇਤਿਹਾਸ 'ਚੋਂ ਨਿਕਲੀ ਹੈ, ਕੋਈ 'ਕੌਮੀ ਮਿਜ਼ਾਜ' ਇਸ ਨੂੰ ਆਕਾਰ ਨਹੀਂ ਦੇ ਸਕਿਆ। ਭਾਰਤੀ ਸੰਘ ਵਿੱਚ ਪੰਜਾਬ ਭਾਵੇਂ ਕੋਈ ਇਕੱਲਾ ਸੂਬਾ ਨਹੀਂ ਹੈ ਜਿੱਥੇ ਖੇਤਰੀ ਪਛਾਣ ਦਾ ਠੋਸ ਆਧਾਰ ਹੈ ਤੇ ਜਿਸ ਦੀ ਆਪਣੀ ਖੇਤਰੀ ਪਾਰਟੀ ਹੈ। ਰਾਜ ਦੀ ਖੇਤਰੀ ਸਿਆਸਤ ਦਾ ਵੱਖਰਾ ਰੰਗ ਹੈ।

ਸ਼੍ਰੋਮਣੀ ਅਕਾਲੀ ਦਲ ਸੂਬੇ ਦੇ ਖੇਤਰੀ ਜਜ਼ਬਿਆਂ ਦੀ ਨੁਮਾਇੰਦਗੀ ਕਰਨ ਵਾਲਾ ਸਭ ਤੋਂ ਅਹਿਮ ਪਾਤਰ ਰਿਹਾ ਹੈ। ਅੱਜ ਇਹ ਚੁਰਾਹੇ 'ਤੇ ਖੜ੍ਹਾ ਜਾਪਦਾ ਹੈ ਜੋ ਬੇਮਿਸਾਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਸੰਕਟ ਜ਼ਿਆਦਾਤਰ ਇਸ ਦੀ ਸਿੱਖ ਭਾਈਚਾਰੇ, ਪੰਜਾਬੀ ਸਮਾਜ ਤੇ ਸ਼ਾਇਦ ਸਭ ਤੋਂ ਮਹੱਤਵਪੂਰਨ, ਖੇਤਰ ਦੇ ਖੇਤੀ ਅਰਥਚਾਰੇ ਦੇ ਬਦਲ ਰਹੇ ਫ਼ਿਕਰਾਂ ਨੂੰ ਸਮਝਣ ਦੀ ਅਯੋਗਤਾ ਵਿਚੋਂ ਪੈਦਾ ਹੋਇਆ ਹੈ।

ਰਵਾਇਤੀ ਹਲਕਿਆਂ ਅੰਦਰ ਇਸ ਦਾ ਆਧਾਰ ਫਿੱਕਾ ਪੈਣ ਦੇ ਖੇਤਰ ਦੀ ਅਸਲ ਪਛਾਣ ਅਤੇ ਰੀਝਾਂ ਉੱਤੇ ਕੀ ਅਸਰ ਪੈਣਗੇ? ਇਹ ਪੜਾਅ ਦੇਖਣ ਵਾਲਾ ਹੋਵੇਗਾ।

***

## ਕੀ ਕਾਨੂੰਨੀ ਸੰਸਥਾਵਾਂ 'ਚ ਹਿੰਦੂਤਵ ਦੀ

ਕੁਝ ਜੱਜਾਂ ਦਾ ਵਿਸ਼ਵ ਦ੍ਰਿਸ਼ਟੀਕੋਣ ਹਿੰਦੂਤਵ ਦੁਆਰਾ ਕਿਸ ਤਰ੍ਹਾਂ ਪ੍ਰਭਾਵਿਤ ਹੈ, ਇਸ ਨੂੰ ਇਸ ਸਾਲ ਜੁਲਾਈ 'ਚ ਮੱਧ ਪ੍ਰਦੇਸ਼ ਹਾਈ ਕੋਰਟ ਦੀ ਦੋ-ਮੈਂਬਰੀ ਬੈਂਚ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਤੋਂ ਵੇਖਿਆ ਜਾ ਸਕਦਾ ਹੈ। ਉਨ੍ਹਾਂ ਆਰ.ਐਸ.ਐਸ. 'ਚ ਸ਼ਾਮਿਲ ਹੋਣ ਵਾਲੇ ਸਰਕਾਰੀ ਕਰਮਚਾਰੀਆਂ 'ਤੇ ਪਾਬੰਦੀ ਲਗਾਉਣ ਬਾਰੇ ਇੱਕ ਸੇਵਾਮੁਕਤ ਕਰਮਚਾਰੀ ਦੀ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਕੇਂਦਰ ਦੁਆਰਾ ਆਰ.ਐਸ.ਐਸ. 'ਤੇ ਪਾਬੰਦੀ ਹਟਾਏ ਜਾਣ ਬਾਅਦ ਆਪਣੇ ਆਦੇਸ਼ 'ਚ ਕਿਹਾ ਕਿ ਆਰ.ਐਸ.ਐਸ. ਵਰਗੀ ਇੱਕ 'ਨਾਮੀ ਸੰਸਥਾ' ਨੂੰ 'ਗ਼ਲਤ ਢੰਗ ਨਾਲ ਦੇਸ਼ 'ਚ ਪਾਬੰਦੀਸ਼ੁਦਾ ਸੰਗਠਨਾਂ 'ਚ ਸ਼ਾਮਿਲ ਕਰ ਲਿਆ ਗਿਆ' ਸੀ। ਦੇਸ਼ 'ਚ ਕੇਂਦਰ ਸਰਕਾਰ ਦੀ ਇਸ ਗ਼ਲਤੀ ਕਾਰਨ 5 ਦਹਾਕਿਆਂ ਤੱਕ ਕਈ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੀਆਂ ਦੇਸ਼ ਦੀ ਸੇਵਾ ਕਰਨ ਦੀਆਂ ਖਾਹਿਸ਼ਾਂ ਇਸ ਪਾਬੰਦੀ ਕਾਰਨ ਇਨ੍ਹਾਂ 5 ਦਹਾਕਿਆਂ ਦੌਰਾਨ ਮੱਧਮ ਪੈ ਗਈਆਂ ਹਨ। ਇਸ ਤਰ੍ਹਾਂ ਇਨ੍ਹਾਂ ਵਿਦਵਾਨ ਜੱਜ ਸਾਹਿਬਾਨ ਦਾ ਮਤ ਹੈ ਕਿ ਦੇਸ਼ ਦੀ ਸੇਵਾ ਕਰਨ ਲਈ ਲੋਕਾਂ ਨੂੰ ਆਰ.ਐਸ.ਐਸ. ਨਾਲ ਜੁੜਨਾ ਚਾਹੀਦਾ ਹੈ।

ਕਾਰਵਾਂ ਮੈਗਜ਼ੀਨ ਨੇ ਆਪਣੇ ਅਕਤੂਬਰ 2024 ਦੇ ਅੰਕ 'ਚ ਖੁਲਾਸਾ ਕੀਤਾ ਹੈ ਕਿ ਕਿਵੇਂ ਆਰ.ਐਸ.ਐਸ. ਦਾ ਕਾਨੂੰਨੀ ਫਰੰਟ ਉੱਚ ਨਿਆਂਪਾਲਿਕਾ ਦੇ ਅੰਦਰ ਆਪਣਾ ਪ੍ਰਭਾਵ ਵਧਾ ਰਿਹਾ ਹੈ। ਅਖਿਲ ਭਾਰਤੀ ਅਧਿਵਕਤਾ ਪ੍ਰੀਸ਼ਦ ਆਰ.ਐਸ.ਐਸ. ਦੇ ਵਕੀਲਾਂ ਦਾ ਫਰੰਟ (ਮੋਰਚਾ) ਹੈ ਤੇ ਸੰਗਠਨ ਦੀ ਇਸ ਸਫ਼ਬੰਦੀ (ਰੈਂਕ) ਵਿਚੋਂ ਹੀ ਜ਼ਿਆਦਾਤਰ ਐਡਵੋਕੇਟ ਜਨਰਲ ਤੇ ਜੱਜਾਂ ਵਰਗੇ ਵੱਧ ਤੋਂ ਵੱਧ ਕਾਨੂੰਨੀ ਅਧਿਕਾਰੀ ਨਿਯੁਕਤ ਕੀਤੇ ਜਾ ਰਹੇ ਹਨ। ਇਸ ਲੇਖ 'ਚ ਦੱਸਿਆ ਗਿਆ ਹੈ ਕਿ ਸੁਪਰੀਮ ਕੋਰਟ ਦੇ ਮੌਜੂਦਾ 33 ਜੱਜਾਂ 'ਚੋਂ ਘੱਟੋ-ਘੱਟ 9 ਉਕਤ ਪ੍ਰੀਸ਼ਦ ਦੇ ਇਕ ਜਾਂ ਇੱਕ ਤੋਂ ਵੱਧ ਵਾਰ ਸਮਾਗਮਾਂ 'ਚ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰ ਚੁੱਕੇ ਹਨ। ਚੀਫ਼ ਜਸਟਿਸ ਚੰਦਰਚੂੜ ਦਾ ਰਿਕਾਰਡ ਇੱਕ ਚਿਤਾਵਨੀ ਵਾਲੀ ਕਹਾਣੀ ਹੈ ਕਿ ਉੱਚ ਪੱਧਰ 'ਤੇ ਨਿਆਇਕ ਫ਼ੈਸਲਿਆਂ 'ਚ ਬਹੁਗਿਣਤੀਵਾਦੀ ਭਾਵਨਾਵਾਂ ਪ੍ਰਤੀਬਿੰਬਤ ਹੋ ਰਹੀਆਂ ਹਨ। ਕੁੱਲ ਮਿਲਾ ਕੇ ਇਹ ਇਸ ਗੱਲ ਦੀ ਚਿਤਾਵਨੀ ਹੈ ਕਿ ਮੋਦੀ ਸਰਕਾਰ ਨੇ ਉੱਚ ਨਿਆਂਪਾਲਿਕਾ 'ਚ ਘੁਸਪੈਠ ਕਰਨ ਲਈ ਆਰ.ਐਸ.ਐਸ. ਦੀ ਕਿਸ ਹੱਦ ਤੱਕ ਮਦਦ ਕੀਤੀ ਹੈ।

***

## ਇੰਟਰਨੈਸ਼ਨਲ ਕ੍ਰਿਮੀਨਲ ਕੋਰਟ

ਨੇਤਨਯਾਹੂ ਨੇ ਜ਼ੋਰ ਦੇ ਕੇ ਕਿਹਾ ਕਿ ਹੇਗ ਦਾ ਕੋਈ ਵੀ ਪੱਖਪਾਤੀ ਫੈਸਲਾ ਇਜ਼ਰਾਇਲ ਨੂੰ ਆਪਣੇ ਨਾਗਰਿਕਾਂ ਦੀ ਰੱਖਿਆ ਕਰਨ ਤੋਂ ਨਹੀਂ ਰੋਕ ਸਕੇਗਾ। ਨੇਤਨਯਾਹੂ ਨੇ ਕਿਹਾ ਕਿ ਅਸੀਂ ਆਪਣੇ ਨਾਗਰਿਕਾਂ ਦੀ ਸੁਰੱਖਿਆ ਅਤੇ ਇਰਾਨ ਦੇ ਅੱਤਵਾਦ ਦੇ ਧੁਰੇ ਤੋਂ ਆਪਣੇ ਰਾਜ ਦੀ ਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰਦੇ ਰਹਾਂਗੇ।

ਇਜ਼ਰਾਇਲ ਦੇ ਪ੍ਰਮੁੱਖ ਵਿਰੋਧੀ ਨੇਤਾ ਯੇਅਰ ਲਿਪਿਡ ਨੇ ਵੀ ਇਸ ਆਦੇਸ਼ ਦੀ ਨਿੰਦਾ ਕਰਦੇ ਹੋਏ ਇਸਨੂੰ ਅੱਤਵਾਦ ਦਾ ਇਨਾਮ ਦੱਸਿਆ।

ਗਾਜ਼ਾ ਵਿੱਚ ਇਜ਼ਰਾਇਲ-ਹਮਾਸ ਜੰਗ ਵਿੱਚ ਮ੍ਰਿਤਕਾਂ ਦੀ ਗਿਣਤੀ 44,000 ਤੋਂ ਵਧੀ: ਫਲਸਤੀਨੀ ਅਧਿਕਾਰੀ

ਗਾਜ਼ਾ ਪੱਟੀ : ਇਜ਼ਰਾਈਲ ਅਤੇ ਹਮਾਸ ਵਿਚਾਲੇ 13 ਮਹੀਨਿਆਂ ਤੋਂ ਜਾਰੀ ਜੰਗ ਦੌਰਾਨ ਗਾਜ਼ਾ ਪੱਟੀ ਵਿੱਚ ਮਰਨ ਵਾਲਿਆਂ ਦੀ ਗਿਣਤੀ 44,000 ਨੂੰ ਪਾਰ ਕਰ ਗਈ ਹੈ। ਫਲਸਤੀਨ ਦੇ ਸਥਾਨਕ ਸਿਹਤ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਗਾਜ਼ਾ ਦੇ ਸਿਹਤ ਮੰਤਰਾਲਾ ਨੇ ਆਪਣੀ ਗਣਨਾ ਵਿੱਚ ਨਾਗਰਿਕਾਂ ਅਤੇ ਲੜਾਕਿਆਂ ਵਿੱਚ ਫਰਕ ਨਹੀਂ ਕੀਤਾ, ਪਰ ਕਿਹਾ ਹੈ ਕਿ ਮਰਨ ਵਾਲਿਆਂ ਵਿੱਚੋਂ ਅੱਧੇ ਤੋਂ ਵੱਧ ਔਰਤਾਂ ਅਤੇ ਬੱਚੇ ਹਨ।

ਇਜ਼ਰਾਇਲੀ ਫੌਜ ਨੇ ਬਿਨਾਂ ਕੋਈ ਸਬੂਤ ਦਿੱਤੇ ਕਿਹਾ ਹੈ ਕਿ ਉਸ ਨੇ 17,000 ਤੋਂ ਵੱਧ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਸਿਹਤ ਮੰਤਰਾਲਾ ਨੇ ਕਿਹਾ ਕਿ ਯੁੱਧ ਸ਼ੁਰੂ ਹੋਣ ਤੋਂ ਬਾਅਦ 44,056 ਲੋਕ ਮਾਰੇ ਗਏ ਹਨ ਅਤੇ 104,268 ਜ਼ਖ਼ਮੀ ਹੋਏ ਹਨ। ਇਹ ਵੀ ਕਿਹਾ ਗਿਆ ਹੈ ਕਿ ਅਸਲ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਹੈ, ਕਿਉਂਕਿ ਹਜ਼ਾਰਾਂ ਲਾਸ਼ਾਂ ਮਲਬੇ ਹੇਠ ਜਾਂ ਉਨ੍ਹਾਂ ਇਲਾਕਿਆਂ ਵਿੱਚ ਦੱਬੀਆਂ ਪਈਆਂ ਹਨ, ਜਿੱਥੇ ਡਾਕਟਰ ਨਹੀਂ ਪਹੁੰਚ ਸਕਦੇ।

ਦੋਵਾਂ ਧਿਰਾਂ ਵਿਚਕਾਰ ਲੜਾਈ ਉਦੋਂ ਸ਼ੁਰੂ ਹੋਈ ਜਦੋਂ ਹਮਾਸ ਦੀ ਅਗਵਾਈ ਵਾਲੇ ਅੱਤਵਾਦੀਆਂ ਨੇ 7 ਅਕਤੂਬਰ, 2023 ਨੂੰ ਦੱਖਣੀ ਇਜ਼ਰਾਈਲ 'ਤੇ ਹਮਲਾ ਕੀਤਾ, ਜਿਸ ਨਾਲ ਲਗਭਗ 1,200 ਲੋਕ ਮਾਰੇ ਗਏ ਸਨ। ਇਸ ਦੌਰਾਨ ਹਮਾਸ ਦੇ ਲੜਾਕਿਆਂ ਨੇ 250 ਲੋਕਾਂ ਨੂੰ ਅਗਵਾ ਕਰ ਲਿਆ, ਜਿਨ੍ਹਾਂ 'ਵਿਚੋਂ ਕਰੀਬ 100 ਲੋਕਾਂ ਨੂੰ ਅਜੇ ਵੀ ਗਾਜ਼ਾ ਵਿੱਚ ਬੰਧਕ ਬਣਾਇਆ ਹੋਇਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਚੋਂ ਘੱਟੋ-ਘੱਟ ਇਕ ਤਿਹਾਈ ਦੀ ਮੌਤ ਹੋ ਚੁੱਕੀ ਹੈ।

***

## ਉਮਰ ਸਰਕਾਰ ਦੀ ਕਸੌਟੀ

ਅਜਿਹਾ ਇਸ ਲਈ ਹੈ ਕਿਉਂਕਿ ਹੁਣ ਸਥਾਨਕ ਅਵਾਮ ਉਨ੍ਹਾਂ ਦੀ ਹਕੀਕਤ ਨੂੰ ਸਮਝਣ ਲੱਗ ਪਿਆ ਹੈ। ਇਹ ਵੀ ਸੱਚ ਹੈ ਕਿ ਸੁਰੱਖਿਆ ਬਲਾਂ ਦੀ ਤਮਾਮ ਚੌਕਸੀ ਅਤੇ ਅੱਤਵਾਦੀਆਂ 'ਤੇ ਲਗਾਮ ਕੱਸਣ ਲਈ ਚਲਾਈਆਂ ਗਈਆਂ ਮੁਹਿੰਮਾਂ ਦੇ ਬਾਵਜੂਦ ਅੱਜ ਵੀ ਅੱਤਵਾਦੀ ਸੰਗਠਨਾਂ ਦਾ ਪੂਰੀ ਤਰ੍ਹਾਂ ਸਫ਼ਾਇਆ ਨਹੀਂ ਕੀਤਾ ਜਾ ਸਕਿਆ।

ਹੁਣ ਰਾਜ ਵਿੱਚ ਉਪ ਰਾਜਪਾਲ ਨੂੰ ਦਿੱਤੀਆਂ ਬਹੁਤ ਸਾਰੀਆਂ ਤਾਕਤਾਂ ਦੇ ਵਿਰੁੱਧ ਨਵੀਂ ਸਰਕਾਰ ਸਾਹਮਣੇ ਵੀ ਮੁੱਖ ਚੁਣੌਤੀ ਅੱਤਵਾਦ ਉੱਤੇ ਕਾਬੂ ਪਾ ਕੇ ਸ਼ਾਂਤੀ ਬਹਾਲ ਕਰਨਾ ਹੋਵੇਗੀ। ਉੱਥੇ ਹੀ ਸਰਹੱਦੀ ਟਿਕਾਣਿਆਂ ਤੋਂ ਸੰਚਾਲਤ ਅੱਤਵਾਦੀ ਗਤੀਵਿਧੀਆਂ ਨਾਲ ਨਿਪਟਣ ਅਤੇ ਦਹਿਸ਼ਤਗਰਦੀ ਦੇ ਖ਼ਾਤਮੇ ਲਈ ਸਥਾਨਕ ਪੁਲਿਸ ਤੇ ਉੱਥੇ ਕੰਮ ਕਰ ਰਹੇ ਸੁਰੱਖਿਆ ਬਲਾਂ ਨਾਲ ਮਿਲ ਕੇ ਕੇਂਦਰ ਸਰਕਾਰ ਨੂੰ ਠੋਸ ਰਣਨੀਤੀ ਬਣਾਉਣੀ ਹੋਵੇਗੀ।

ਹਾਲ ਹੀ ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਉੱਥੇ ਇੱਕ ਚੁਣੀ ਹੋਈ ਸਰਕਾਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਉਸ ਤੋਂ ਬਾਅਦ ਇੱਕ ਸੁਭਾਵਕ ਉਮੀਦ ਜਾਗੀ ਹੈ ਕਿ ਉਹ ਆਪਣੀ ਸਰਹੱਦ 'ਚ ਅੱਤਵਾਦ ਅਤੇ ਨਿਸ਼ਾਨਾ ਮਿੱਥ ਕੇ ਹਮਲਿਆਂ 'ਤੇ ਕਾਬੂ ਪਾਉਣ ਦੇ ਮਾਮਲੇ ਵਿੱਚ ਸਖ਼ਤ ਕਦਮ ਉਠਾਏਗੀ।

ਇਹੋ ਉਸ ਦੀ ਕਸੌਟੀ ਵੀ ਹੈ ਕਿ ਇਸ ਦਿਸ਼ਾ ਵਿੱਚ ਉਹ ਕੀ ਕਾਰਗੁਜ਼ਾਰੀ ਵਿਖਾਉਂਦੀ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਅਤੇ ਕੇਂਦਰ ਸ਼ਾਸਿਤ ਸੂਬੇ ਨੂੰ ਆਮ ਵਰਗੇ ਹਾਲਾਤ ਅਤੇ ਸ਼ਾਂਤੀ ਸਥਾਪਤ ਕਰਨ ਲਈ ਮਿਲਜੁਲ ਕੇ ਕੰਮ ਕਰਨ ਦੀ ਲੋੜ ਪਵੇਗੀ। ਜੰਮੂ-ਕਸ਼ਮੀਰ ਦੇ ਅਰਥਚਾਰੇ ਨੂੰ ਹੁਲਾਰਾ ਦੇਣ ਵਿੱਚ ਸੈਲਾਨੀਆਂ ਅਤੇ ਬਾਹਰਲੇ ਕਾਮਿਆਂ ਦੀ ਅਹਿਮ ਭੂਮਿਕਾ ਰਹੇਗੀ ਅਤੇ ਉਨ੍ਹਾਂ ਦੀ ਸੁਰੱਖਿਆ ਦੀ ਯਕੀਨਦਹਾਨੀ ਕਰਾਈ ਜਾਣੀ ਜ਼ਰੂਰੀ ਹੈ।

***

## ਪੰਜਾਬ ਦੀ ਹੋਣੀ ਲਈ ਚਾਰ ਜ਼ਿਮਨੀ ਚੋਣਾਂ

ਇੱਕ ਗੱਲ ਹੋਰ ਵਿਚਾਰਨ ਅਤੇ ਸਮਝਣ ਵਾਲੀ ਹੈ ਜਿਸ ਨੂੰ ਸਮਝੇ ਤੋਂ ਬਗੈਰ ਆਪਣਾ ਮਜ਼ਬੂਤ ਰਾਜ ਭਾਗ ਪ੍ਰਾਪਤ ਕਰਨ ਵੱਲ ਤੁਰ ਸਕਣਾ ਸ਼ਾਇਦ ਸੰਭਵ ਨਹੀਂ ਹੈ। ਜਦੋਂ ਕਦੇ ਅਠਾਰਵੀਂ ਸਦੀ ਵਿੱਚ ਸਾਡੇ ਪੁਰਖਿਆਂ ਨੇ ਰਾਜ ਭਾਗ ਸੰਭਾਲ਼ਿਆ, ਤਾਂ ਉਹਨਾਂ ਨੇ ਸਭ ਤੋ ਪਹਿਲਾਂ ਆਪਣੇ ਧਾਰਮਿਕ ਅਸਥਾਨ ਵੀ ਸਾਂਭੇ, ਪਰ ਇੱਥੇ ਇਹ ਵੀ ਦੇਖਣਾ ਹੋਵੇਗਾ ਕਿ ਉਨ੍ਹਾਂ ਨੇ ਰਾਜ ਭਾਗ ਦੇ ਨਸ਼ੇ ਵਿੱਚ ਕਿਸੇ ਹੋਰ ਧਰਮ ਦੇ ਧਾਰਮਿਕ ਅਸਥਾਨਾਂ ਨੂੰ ਕੋਈ ਨੁਕਸਾਨ ਵੀ ਨਹੀਂ ਸੀ ਪਹੁੰਚਾਇਆ। ਇੱਥੋਂ ਤੱਕ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਿਹ ਕਰਨ ਸਮੇਂ ਵੀ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਾਇਆ। ਜਦੋਂ ਸਾਡੇ ਪੁਰਖਿਆਂ ਨੇ ਰਾਜ ਭਾਗ ਹਾਸਲ ਕੀਤੇ ਤਾਂ ਆਪਣੇ ਜੁਝਾਰੂ ਪਰਿਵਾਰਾਂ ਨੂੰ ਸਾਂਭਿਆ, ਉਨ੍ਹਾਂ ਨੂੰ ਜਗੀਰਾਂ ਦੇ ਕੇ ਨਿਵਾਜਿਆ, ਹਜ਼ਾਰਾਂ ਏਕੜ ਜ਼ਮੀਨਾਂ ਦੇ ਮਾਲਕ ਬਣਾਇਆ, ਪਰ ਜਦੋਂ ਸਾਡਾ ਰਾਜ ਖੁਸਿਆ, ਸਾਡੀ ਹੋਣੀ ਦੇ ਮਾਲਕ ਗੈਰ ਬਣ ਗਏ, ਤਾਂ ਸਾਡੇ ਜੁਝਾਰੂਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ, ਘਰ ਘਾਟ ਉਜਾੜ ਦਿੱਤੇ ਗਏ, ਗੁਰਧਾਮ ਟੈਂਕਾਂ ਤੋਪਾਂ ਨਾਲ ਦਰੜ ਦਿੱਤੇ ਗਏ, ਉਨ੍ਹਾਂ ਖ਼ਿਲਾਫ਼ ਲੜਨ ਵਾਲੇ ਜੁਝਾਰੂਆਂ ਨੂੰ ਚੁਣ ਚੁਣ ਕੇ ਖਤਮ ਕਰਵਾਇਆ ਗਿਆ, ਬਚਦਿਆਂ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਕਰ ਦਿੱਤਾ ਗਿਆ, ਸਾਡੀਆਂ ਨਸਲਾਂ ਖਤਮ ਕਰਨ ਦੀਆਂ ਵਿਉਂਤਾਂ ਹੀ ਨਹੀਂ ਘੜੀਆਂ ਗਈਆਂ ਬਲਕਿ ਮੁਕੰਮਲ ਰੂਪ ਵਿੱਚ ਦੋ ਪੀੜ੍ਹੀਆਂ ਦਾ ਸਫਾਇਆ ਕਰ ਦਿੱਤਾ ਗਿਆ ਅਤੇ ਤੀਜੀ ਪੀੜ੍ਹੀ ਨੂੰ ਕੁੱਝ ਨਸ਼ਿਆਂ ਵਿੱਚ ਧੱਕ ਦਿੱਤਾ, ਕੁੱਝ ਬਚਦਿਆਂ ਨੂੰ ਪਰਵਾਸ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਅਤੇ ਉੱਪਰੋਂ ਦੋਸ਼ ਵੀ ਲਾਏ ਜਾ ਰਹੇ ਹਨ ਕਿ ਪੰਜਾਬ ਛੱਡ ਕੇ ਭੱਜ ਰਹੇ ਹੋ। ਇਹ ਬਹੁਤ ਸੋਚੇ ਸਮਝੇ ਬਿਰਤਾਂਤ ਹਨ, ਜਿੰਨਾਂ ਨੂੰ ਤੋੜਨ ਲਈ ਨਿੱਗਰ ਸੋਚ, ਨਿੱਗਰ ਪਹੁੰਚ ਅਪਨਾਉਣ ਦੀ ਲੋੜ ਹੋਵੇਗੀ।

ਉਪਰੋਕਤ ਸਾਰੇ ਵਰਤਾਰੇ ਦੀ ਤਹਿ ਤੱਕ ਜਾਣ ਲਈ ਮੁੜ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਅਮਲ ਕਰਨ ਵਾਲੇ ਪਾਸੇ ਤੁਰਨਾ ਹੋਵੇਗਾ। ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗਰੀਬ, ਪਿਛੜੇ ਗਲੀ ਮਹੁੱਲਿਆਂ ਵਿੱਚ ਜਾਣਾ ਹੋਵੇਗਾ, ਗਰੀਬ ਬਸਤੀਆਂ ਵਿੱਚ ਜਾਣਾ ਹੋਵੇਗਾ, ਦਲਿਤ ਵਿਹੜਿਆਂ ਵਿੱਚ ਜਾਣਾ ਹੋਵੇਗਾ, ਉਨ੍ਹਾਂ ਦੇ ਅੰਦਰੋਂ ਇਹ ਥੋੜ੍ਹਚਿਰੀ ਲਾਲਸਾ ਨੂੰ ਖਤਮ ਕਰਨ ਲਈ ਸਕੂਲਿੰਗ ਦੇਣੀ ਹੋਵੇਗੀ। ਸਭ ਤੋਂ ਵੱਡੀ ਗੱਲ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੋਣਾ ਪਵੇਗਾ। ਇਹਨਾਂ 'ਤੇ ਕਾਬਜ਼ ਸਿੱਖ ਵਿਰੋਧੀ ਸੋਚ ਵਾਲੀ ਲੀਡਰਸ਼ਿਪ ਨੂੰ ਬਦਲ ਕੇ ਨਵੀਂ ਸਿੱਖ ਸੋਚ ਨੂੰ ਲੈਕੇ ਆਉਣ ਦੇ ਯਤਨ ਕਰਨੇ ਹੋਣਗੇ। ਚੰਦ ਛਿੱਲੜਾਂ ਬਦਲੇ ਆਪਣਿਆਂ ਦਾ ਵਿਰੋਧ ਕਰਨ ਵਾਲੀ ਕਲਮਕਾਰਾਂ, ਪੱਤਰਕਾਰਾਂ, ਲਿਖਾਰੀਆਂ ਅਤੇ ਬੁੱਧੀਜੀਵੀਆਂ ਦੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ। ਕਿਸੇ ਧਨਾਢ ਸਿੱਖ ਦਾ ਪਰਿਵਾਰਿਕ ਪਿਛੋਕੜ ਦੇਖੇ ਬਗੈਰ, ਉਹਦੇ ਪਰਿਵਾਰ ਦੀ ਸਿੱਖ ਕੌਮ ਲਈ ਦੇਣ ਦੇਖੇ ਬਗੈਰ ਉਹਦੇ 'ਤੇ ਇਲਜ਼ਾਮ ਤਰਾਸ਼ੀ ਕਰਨ ਦੀ ਮਾਨਸਿਕਤਾ ਛੱਡਣੀ ਹੋਵੇਗੀ। ਉਹਦੇ ਧਨਾਢ ਹੋਣ ਦੇ ਅੰਤਰ ਨੂੰ ਸਮਝਣਾ ਹੋਵੇਗਾ ਕਿ ਇੱਕ ਪਾਸੇ ਉਹ ਧਨਾਢ ਹਨ, ਜਿੰਨਾਂ ਗੁਰਦੁਆਰੇ ਅਜ਼ਾਦ ਕਰਵਾਉਣ ਸਮੇਂ ਫਰੰਗੀਆਂ ਦਾ ਸਾਥ ਦੇਣ ਬਦਲੇ ਵੱਡੀਆਂ ਜਗੀਰਾਂ ਹਾਸਲ ਕੀਤੀਆਂ ਅਤੇ ਬਾਅਦ ਵਿੱਚ ਉਹ ਸਿੱਖ ਵਿਰੋਧੀ ਤਾਕਤਾਂ ਤੋ ਵੱਡੇ ਵੱਡੇ ਲਾਭ ਲੈ ਕੇ ਸਿੱਖ ਹਿਤਾਂ ਦੇ ਉਲਟ ਭੁਗਤਣ ਦੇ ਹੋਰ ਇਵਜ਼ ਵਿੱਚ ਰਾਜ ਭਾਗ ਦੇ ਮਾਲਕ ਬਣਾ ਕੇ ਸਾਡੇ ਤੇ ਆਗੂ ਥੋਪੇ ਗਏ, ਜਦੋਂਕਿ ਦੂਜੇ ਪਾਸੇ ਉਹ ਧਨਾਢ ਸਿੱਖਾਂ ਦੇ ਬੱਚੇ ਹਨ ਜਿਨ੍ਹਾਂ ਦੇ ਪੁਰਖਿਆਂ ਨੇ ਇਤਿਹਾਸ ਸਿਰਜੇ, ਤਲੀ 'ਤੇ ਸੀਸ ਰੱਖ ਕੇ ਧਰਮ ਦੀ ਲਾਜ ਰੱਖੀ, ਉਨ੍ਹਾਂ ਨੂੰ ਸਿੱਖ ਰਾਜ ਸਮੇਂ ਰਾਜ ਭਾਗ ਬਖ਼ਸ਼ੇ, ਜਗੀਰਾਂ ਬਖ਼ਸ਼ੀਆਂ ਗਈਆਂ। ਸੋ ਇਹ ਅੰਤਰ ਨੂੰ ਸਮਝੇ ਤੋਂ ਬਗੈਰ ਸਿੱਖ ਮਾਨਸਿਕਤਾ ਨੂੰ ਜਿਉਂਦਾ ਰਖਣਾ ਮੌਜੂਦਾ ਸਮੇਂ ਵਿੱਚ ਬੇਹੱਦ ਔਖਾ ਕੰਮ ਹੈ। ਪੰਜਾਬ ਦੇ ਹਰ ਬਾਸ਼ਿੰਦੇ ਨੂੰ ਇਹ ਜਾਨਣਾ ਸਮਝਣਾ ਹੋਵੇਗਾ ਕਿ ਉਨ੍ਹਾਂ ਦੀ ਭਲਾਈ ਸਰਬਤ ਦੇ ਭਲੇ ਵਾਲੀ ਸਿੱਖ ਸੋਚ ਦੀ ਤਾਕਤ ਵਿੱਚ ਹੀ ਸੰਭਵ ਹੋ ਸਕਦੀ ਹੈ, ਨਹੀਂ ਤਾਂ ਨਵੰਬਰ ਚੁਰਾਸੀ ਵਿੱਚ ਪੰਜਾਬੀ ਬੋਲਣ ਵਾਲੇ ਵੀ ਨਹੀਂ ਸਨ ਬਖ਼ਸ਼ੇ ਗਏ, ਇਹ ਵੀ ਯਾਦ ਰੱਖਣਾ ਹੋਵੇਗਾ। ਇੱਥੇ ਰਾਜ ਭਾਗ ਹਾਸਲ ਕਰਨ ਲਈ ਬਹੁਜਨ ਸਮਾਜ ਅਤੇ ਸਿੱਖ ਸਮਾਜ ਨੂੰ ਇਕੱਠਾ ਹੋ ਕੇ ਹੰਭਲਾ ਮਾਰਨਾ ਹੋਵੇਗਾ, ਚੜ੍ਹਦੇ ਪੰਜਾਬ ਨੂੰ ਲਹਿੰਦੇ ਪੰਜਾਬ ਅਤੇ ਹਰਿਆਣੇ ਨਾਲ ਸਾਂਝ ਹੋਰ ਗੂਹੜੀ ਕਰਨੀ ਹੋਵੇਗੀ, ਉਨ੍ਹਾਂ ਤਾਕਤਾਂ ਦੇ ਫੁੱਟ ਪਾਊ ਮਨਸੂਬਿਆਂ ਨੂੰ ਸਮਝ ਕੇ ਆਪਣੇ ਲੋਕਾਂ ਨੂੰ ਜਾਗਰੂਕ ਕਰਨਾ ਹੋਵੇਗਾ, ਤਾਂਕਿ ਇਸ ਬਫਰ ਸਟੇਟ ਦੀ ਤਾਕਤ ਨੂੰ ਖੇਰੂੰ ਖੇਰੂੰ ਕਰਨ ਵਾਲੀਆਂ ਤਾਕਤਾਂ ਦੇ ਮਨਸੂਬਿਆਂ ਨੂੰ ਭਾਂਜ ਦਿੱਤੀ ਜਾ ਸਕੇ, ਬਫਰ ਸਟੇਟ ਨੂੰ ਮਜ਼ਬੂਤ ਕਰਨ ਲਈ ਲਹਿੰਦੇ ਪੰਜਾਬ ਚੜ੍ਹਦੇ ਪੰਜਾਬ ਅਤੇ ਹਰਿਆਣਾ ਸਮੇਤ ਆਪਸੀ ਵਪਾਰਕ ਗਤੀਵਿਧੀਆਂ ਨੂੰ ਚਾਲੂ ਕਰਨ ਲਈ ਦਬਾਅ ਬਨਾਉਣ ਦੀ ਜ਼ਰੂਰਤ ਹੈ, ਤਾਂ ਕਿ ਆਪਸੀ ਸਾਂਝਾਂ ਨੂੰ ਮੁੜ ਤੋਂ ਮਜ਼ਬੂਤ ਕਰਕੇ ਆਰਥਿਕ ਤੌਰ ਤੇ ਤਕੜਾ ਹੋ ਕੇ ਦੋਵਾਂ ਮੁਲਕਾਂ ਦੇ ਦਰਮਿਆਨ ਇੱਕ ਵੱਡੀ ਤਾਕਤ ਬਣਿਆ ਜਾ ਸਕੇ, ਜਿਹੜੀ ਦੋ ਮੁਲਕਾਂ ਦੇ ਆਪਸੀ ਤਣਾਅ ਨੂੰ ਜੰਗਾਂ ਯੁੱਧਾਂ ਤੋਂ ਰੋਕ ਸਕੇ, ਜੇਕਰ ਇਸ ਪਾਸੇ ਨੂੰ ਤੁਰਿਆ ਜਾਵੇ ਫਿਰ ਨਾ ਦਿੱਲੀ ਦੂਰ ਹੋਵੇਗੀ ਨਾ ਹੀ ਇਸਲਾਮਾਬਾਦ।

***

## ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ

ਵਿਦਿਆਰਥੀਆਂ ਦੇ ਇੱਕ ਨਿਰਾਸ਼ ਸਮੂਹ ਤੋਂ ਪੈਸਾ ਕਮਾਇਆ ਜਾ ਸਕਦਾ ਹੈ। ਸੀਨ ਕੂਟ, ਨਿਆਗਰਾ ਕਾਲਜ ਦੇ ਇੰਟਰਨੈਸ਼ਨਲ ਦੇ ਉਪ-ਪ੍ਰਧਾਨ, ਨੇ ਕਿਹਾ ਕਿ ਸਕੂਲ ਨੂੰ ਸ਼ਰਨ ਮੰਗਣ ਵਾਲੇ ਲੋਕਾਂ ਨਾਲ ਕਿਸੇ ਵੀ ਸਬੰਧ ਬਾਰੇ ਆਈ. ਆਰ. ਸੀ. ਸੀ. ਦੁਆਰਾ ਕਦੇ ਵੀ ਰਸਮੀ ਤੌਰ 'ਤੇ ਸੰਪਰਕ ਨਹੀਂ ਕੀਤਾ ਗਿਆ ਹੈ। ਕੇਪ ਬ੍ਰੈਟਨ ਯੂਨੀਵਰਸਿਟੀ ਦੇ ਬੁਲਾਰੇ ਲੈਨੋਰ ਪਾਰਸਲੇ, ਜਿਸ ਦੇ ਜਨਵਰੀ ਤੋਂ ਸਤੰਬਰ ਤੱਕ 370 ਵਿਦਿਆਰਥੀਆਂ ਨੇ ਸ਼ਰਨ ਦਾ ਦਾਅਵਾ ਕੀਤਾ ਸੀ, ਨੇ ਕਿਹਾ ਕਿ ਇਹ ਪਛਾਣਨਾ ਮਹੱਤਵਪੂਰਨ ਹੈ ਕਿ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਕੁੱਲ ਅੰਤਰਰਾਸ਼ਟਰੀ ਵਿਦਿਆਰਥੀ ਆਬਾਦੀ ਦਾ ਇੱਕ ਛੋਟਾ ਜਿਹਾ

ਹਿੱਸਾ ਹੈ। ਉਸਨੇ ਕਿਹਾ ਕਿ ਸੀ.ਬੀ.ਯੂ. ਸਾਰੇ ਵਿਦਿਆਰਥੀਆਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ ਜਿਸ ਆਪਣੇ ਘਰੇਲੂ ਦੇਸ਼ਾਂ ਵਿੱਚ ਰਾਜਨੀਤਿਕ ਜਾਂ ਸਮਾਜਿਕ ਅਸਥਿਰਤਾ ਨਾਲ ਸਬੰਧਤ ਸੰਕਟਾਂ ਦਾ ਸਾਹਮਣਾ ਕਰਨ ਵਾਲੇ ਸ਼ਾਮਿਲ ਹਨ।

ਕੋਨੇਸਟੋਗਾ ਕਾਲਜ ਨੇ ਕਿਹਾ ਕਿ ਉਹ ਕਿਸੇ ਵੀ ਵਿਦਿਆਰਥੀ ਨੂੰ ਸ਼ਰਨ ਦੀ ਮੰਗ ਕਰਨ ਬਾਰੇ ਨਹੀਂ ਜਾਣਦਾ ਸੀ।

ਚਿਕੌਟੀਮੀ ਵਿਖੇ ਕਿਊਬਿਕ ਯੂਨੀਵਰਸਿਟੀ ਦੀ ਬੁਲਾਰੇ ਮੈਰੀ-ਕਾਰਲਿਨ ਲਾਫਲੇਮ, ਜਿਸ ਨੇ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ 345 ਪਨਾਹ ਦੇ ਦਾਅਵੇ ਕੀਤੇ ਸਨ, ਨੇ ਕਿਹਾ ਕਿ ਯੂਨੀਵਰਸਿਟੀ ਸ਼ਰਨ ਦਾ ਦਾਅਵਾ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਤੋਂ ਹੈਰਾਨ ਹੈ, ਪਰ ਇਹ ਸਮੇਂ ਤੋਂ ਪਹਿਲਾਂ ਨਹੀਂ ਜਾਣ ਸਕਦੀ ਕਿ ਕੌਣ ਅਜਿਹਾ ਕਰੇਗਾ। ਕੰਜ਼ਰਵੇਟਿਵ ਇਮੀਗ੍ਰੇਸ਼ਨ ਆਲੋਚਕ ਟੌਮ ਕੇਮੀਕ ਨੇ ਦਾਅਵਿਆਂ ਵਿੱਚ ਵਾਧੇ ਲਈ ਫੈਡਰਲ ਸਰਕਾਰ ਦੀਆਂ ਆਪਣੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਸਨੇ ਕਿਹਾ ਕਿ ਇਹ ਮਿਸਟਰ ਮਿਲਰ ਦੁਆਰਾ ਅਗਵਾਈ ਦਾ ਤਿਆਗ ਹੈ ਜਦੋਂ ਸਰਕਾਰ ਵੱਲੋਂ ਪਹਿਲਾਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੀਜ਼ਾ ਮਨਜ਼ੂਰ ਕੀਤੇ ਜਾਣ ਤੋਂ ਬਾਅਦ ਇਮੀਗ੍ਰੇਸ਼ਨ ਸਲਾਹਕਾਰਾਂ ਨੂੰ ਦੋਸ਼ੀ ਠਹਿਰਾਉਣਾ ਹੈ।

## ਨਵੇਂ-ਨਵੇਂ ਰੂਟਾਂ ਰਾਹੀਂ ਅਮਰੀਕਾ ਪਹੁੰਚਣ

ਸਲਵਾਡੋਰ ਦੇ ਅਧਿਕਾਰੀਆਂ ਨੇ ਐਲ ਸਲਵਾਡੋਰ 'ਚ ਚਾਰਟਰ ਜਹਾਜ਼ਾਂ ਦੀ ਲੈਂਡਿੰਗ ਦੇ ਇੱਕ ਅਸਾਧਾਰਨ ਰੁਝਾਨ ਨੂੰ ਦੇਖਿਆ ਹੈ, ਜਿਸ 'ਚ ਮੁੱਖ ਤੌਰ 'ਤੇ ਭਾਰਤੀ ਨਾਗਰਿਕ ਸਵਾਰ ਸਨ। ਇਹ ਹਵਾਈ ਜਹਾਜ਼ ਯਾਤਰੀਆਂ ਨਾਲ ਭਰੇ ਆਉਂਦੇਹਨ, ਪਰ ਖਾਲੀ ਵਾਪਸ ਰਵਾਨਾ ਹੁੰਦੇ ਹਨ। ਇਥੋਂ ਤੱਕ ਕਿ ਕਈ ਵਿਅਕਤੀ ਹਫ਼ਤਿਆਂਬੱਧੀ ਲੰਬੀ ਯਾਤਰਾ ਵਾਸਤੇ ਸਿਰਫ਼ ਇੱਕ ਬੈਗ ਨਾਲ ਲੈ ਕੇ ਜਾਣ ਦੇ ਬਾਵਜੂਦ ਸੈਲਾਨੀ ਹੋਣ ਦਾ ਦਾਅਵਾ ਕਰਦੇ ਹਨ। ਬਾਅਦ ਦੀ ਜਾਂਚ ਤੋਂ ਪਤਾ ਲੱਗਾ ਕਿ ਇਹ ਚਾਰਟਰ ਯਾਤਰੀਆਂ 'ਚੋਂ ਲਗਭਗ ਸਾਰੇ ਐਲ ਸਲਵਾਡੋਰ 'ਚ ਉਤਰਨ ਤੋਂ ਬਾਅਦ ਸਰਹੱਦ ਪਾਰ ਕਰ ਕੇ ਅਮਰੀਕਾ 'ਚ ਜਾ ਰਹੇ ਸਨ।

ਇਹ ਵਰਤਾਰਾ ਅਮਰੀਕਾ 'ਚ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਇੱਕ ਨਵੇਂ ਰੂਟ ਨੂੰ ਦਰਸਾਉਂਦਾਹੈ। ਲਾਤੀਨੀ ਅਮਰੀਕਾ ਤੋਂ ਬਾਹਰਲੇ ਖੇਤਰਾਂ ਦੇ ਆ ਰਹੇ ਜ਼ਿਆਦਾਤਰ ਪ੍ਰਵਾਸੀ ਯਾਤਰਾ ਪੈਕੇਜਾਂ ਲਈ ਤਸਕਰਾਂ ਦੇ ਨੈੱਟਵਰਕ ਨੂੰ ਮੋਟੀ ਰਕਮ ਅਦਾ ਕਰ ਰਹੇ ਹਨ, ਜਿਸ 'ਚ ਮੱਧ ਅਮਰੀਕਾ ਲਈ ਹਵਾਈ-ਉਡਾਣਾਂ ਵਾਸਤੇ ਏਅਰਲਾਈਨ ਟਿਕਟਾਂ ਦੇ ਨਾਲ-ਨਾਲ ਅਮਰੀਕਾ-ਮੈਕਸੀਕੋ ਸਰਹੱਦ ਦੇ ਰਸਤੇ 'ਚ ਬੱਸਾਂ ਅਤੇ ਹੋਟਲਾਂ 'ਚ ਰਿਹਾਇਸ਼ ਦੇ ਖਰਚੇ ਵਗੈਰਾ ਸ਼ਾਮਿਲ ਹੁੰਦੇ ਹਨ। ਇੱਥੋਂ ਤੱਕ ਕਿ ਕੁਝ ਚਾਰਟਰ ਟਰਾਂਸਪੋਰਟੇਸ਼ਨ ਕੰਪਨੀਆਂ ਵੀ ਬਹੁਤ ਜ਼ਿਆਦਾ ਕੀਮਤਾਂ ਵਸੂਲ ਕਰਕੇ ਅਮਰੀਕਾ 'ਚ ਅਨਿਯਮਿਤ ਪ੍ਰਵਾਸ ਦੀ ਸਹੂਲਤ ਦੇ ਕੇ ਪ੍ਰਵਾਸੀਆਂ ਦਾ ਸ਼ੋਸ਼ਣ ਕਰ ਰਹੀਆਂ ਹਨ।

ਨਤੀਜਨ, ਦੱਖਣ-ਪੱਛਮੀ ਅਮਰੀਕੀ ਸਰਹੱਦ 'ਤੇ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਦੀ ਗਿਣਤੀ ਤਾਂ ਪਿਛਲੇ ਵਿੱਤੀ ਸਾਲ ਦੇ ਰਿਕਾਰਡ ਉੱਚ ਪੱਧਰ ਦੋ ਮਿਲੀਅਨ ਤੋਂ ਵੀ ਵੱਧ 'ਤੇ ਪਹੁੰਚ ਗਈ ਹੈ। ਇਹ ਨਵੰਬਰ 'ਚ ਹੋਈਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਇੱਕ ਮਹੱਤਵਪੂਰਨ ਮੁੱਦਾ ਬਣਿਆ ਸੀ? ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਇਸ ਸੰਬੰਧੀ ਸਖ਼ਤ ਨੀਤੀ ਲਿਆਂਦੇ ਜਾਣ ਦੀਆਂ ਭਾਰੀ ਸੰਭਾਵਨਾਵਾਂ ਹਨ। ਉਂਝ ਅਮਰੀਕਾ ਪ੍ਰਸ਼ਾਸਨ ਨੇ ਫੜੇ ਜਾਣ ਵਾਲੇ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਜਹਾਜ਼ਾਂ ਰਾਹੀਂ ਵਾਪਸ ਭੇਜਣਾ ਵੀ ਸ਼ੁਰੂ ਕਰ ਦਿੱਤਾ ਹੈ।

***

## ਪੰਤ ਤੇ ਅਈਅਰ ਲਈ ਲੱਗੀ

ਇਸ ਤੋਂ ਬਾਅਦ ਦਿੱਲੀ ਕੈਪੀਟਲਸ ਅਤੇ ਚੇਨਈ ਵਿਚਾਲੇ ਲਗਾਤਾਰ ਬੋਲੀ ਦੀ ਲੜਾਈ ਹੁੰਦੀ ਰਹੀ। ਜਦੋਂ ਕੀਮਤ 7.50 ਕਰੋੜ ਰੁਪਏ ਤੱਕ ਪਹੁੰਚ ਗਈ ਤਾਂ ਗੁਜਰਾਤ ਟਾਈਟਨਸ ਨੇ ਉਸ ਨੂੰ ਖਰੀਦਣ ਦੀ ਇੱਛਾ ਜ਼ਾਹਰ ਕੀਤੀ। ਜਦੋਂ ਬੋਲੀ 10 ਕਰੋੜ ਰੁਪਏ ਤੱਕ ਗਈ ਤਾਂ ਆਰਸੀਬੀ ਨੇ ਅਰਸ਼ਦੀਪ ਲਈ ਬੋਲੀ ਲਗਾਉਣੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਰਾਜਸਥਾਨ ਰਾਇਲਜ਼ ਨੇ 11 ਕਰੋੜ ਰੁਪਏ ਦੀ ਬੋਲੀ ਲਗਾਉਣੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਸਨਰਾਈਜ਼ਰਸ ਹੈਦਰਾਬਾਦ ਨੇ ਅਰਸ਼ਦੀਪ ਨੂੰ 12 ਕਰੋੜ 75 ਲੱਖ ਰੁਪਏ 'ਚ ਖਰੀਦਣ ਦੀ ਬੋਲੀ ਲਗਾਈ। ਪਰ ਅੰਤ ਵਿੱਚ ਅਰਸ਼ਦੀਪ ਦੀ ਪੰਜਾਬ ਕਿੰਗਜ਼ ਵਿੱਚ ਵਾਪਸੀ ਹੋਈ ਹੈ।

***


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com